

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਅਮਰੀਕਾ 'ਚ ਵੱਡੇ explosion ਦਾ ਖਦਸ਼ਾ, ਸ਼ਹਿਰ ਕਰਵਾਇਆ ਖ਼ਾਲੀ 05

**ਅੰਦਰਲੀ ਖ਼ਬਰ**
ਨਿੱਕੀ-ਨਿੱਕੀ ਪੈਂਦੀ ਭੂਰ ਦੇ ਬਾਵਜੂਦ 2100 ਤੋਂ ਵਧੇਰੇ ਦੌੜਾਕਾਂ ਨੇ ਬੜੇ ਉਤਸ਼ਾਹ ਨਾਲ ਚੌਥੇ 07



**ਪੰਨਾ ਨੰ.:6 ਲੇਖ**
ਸਮਾਜ, ਪੁਲਿਸ ਤੇ ਸਰਕਾਰ : ਆਪਸੀ ਸਬੰਧਾਂ ਦੀ ਹਕੀਕਤ

PUNJABSTAR.COM

# ਪੰਜਾਬ ਸਟਾਰ



Phone: 905-673-7666 , Fax: 1-289-206-8611
28 ਮਈ ਤੋਂ 03 ਜੂਨ, 2026
Email :- editor@punjabstar.com, Vo. 20. Issue:1239


## PR ਲੈਣ ਲਈ ਫਰਜ਼ੀ ਵਿਆਹ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ !

### ਕੈਨੇਡਾ ਸਰਕਾਰ ਵਲੋਂ ਦਿਸ਼ਾ-ਨਿਰਦੇਸ਼ ਜਾਰੀ



ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿੱਚ ਪੱਕੀ ਰਿਹਾਇਸ਼ (PR) ਜਾਂ ਨਾਗਰਿਕਤਾ ਹਾਸਲ ਕਰਨ ਲਈ ਵਿਆਹ ਨੂੰ ਸ਼ਾਰਟਕੱਟ ਵਜੋਂ ਵਰਤਣ ਵਾਲੇ ਲੋਕਾਂ ਖ਼ਿਲਾਫ਼ ਸਰਕਾਰ ਨੇ ਸਖ਼ਤ ਰੁਖ ਅਪਣਾਇਆ ਹੈ। ਕੈਨੇਡਾ ਦੇ ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਵਿਭਾਗ (IRCC) ਨੇ ਵਿਸ਼ੇਸ਼ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਸਿਰਫ਼ ਇਮੀਗ੍ਰੇਸ਼ਨ ਫਾਇਦੇ ਲੈਣ ਲਈ ਕੀਤੇ ਗਏ ਫਰਜ਼ੀ ਜਾਂ ਕੰਟਰੈਕਟ ਵਿਆਹਾਂ ਨੂੰ "ਸਹੂਲਤ ਦਾ ਰਿਸ਼ਤਾ" ਮੰਨਿਆ ਜਾਵੇਗਾ ਅਤੇ ਇਹ ਇੱਕ ਗੰਭੀਰ * ਬਾਕੀ ਸਫ਼ਾ 2 'ਤੇ

## ਚੀਨ ਦੀ ਕੋਲਾ ਖਦਾਨ 'ਚ ਜ਼ਬਰਦਸਤ ਧਮਾਕਾ !

### 82 ਮਜ਼ਦੂਰਾਂ ਦੀ ਮੌਤ, ਕਈ ਅਜੇ ਵੀ ਫਸੇ



ਬੀਜ਼ਿੰਗ, (ਪੰਜਾਬ ਸਟਾਰ ਬਿਓਰੋ): ਚੀਨ ਦੇ ਉੱਤਰੀ ਸੂਬੇ ਸ਼ਾਨਸ਼ੀ ਦੀ ਇੱਕ ਕੋਲਾ ਖਦਾਨ ਵਿੱਚ ਵੱਡਾ ਧਮਾਕਾ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਧਮਾਕੇ ਕਾਰਨ ਘੱਟੋ-ਘੱਟ 82 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਕਈ ਮਜ਼ਦੂਰ ਅਜੇ ਵੀ ਖਦਾਨ ਵਿੱਚ ਫਸੇ ਹੋਏ ਹਨ।

ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਘਟਨਾ ਵਾਲੀ ਥਾਂ 'ਤੇ ਤੇਜ਼ੀ ਨਾਲ ਰਾਹਤ ਅਤੇ ਬਚਾਅ ਕਾਰਜ ਚਲਾਉਣ ਦੇ ਨਿਰਦੇਸ਼ ਦਿੱਤੇ ਹਨ। ਦੱਸਿਆ ਜਾ ਰਿਹਾ ਹੈ ਕਿ ਘਟਨਾ ਦੇ ਸਮੇਂ ਖਦਾਨ ਵਿੱਚ 247 ਮਜ਼ਦੂਰ ਮੌਜੂਦ ਸਨ। ਫਿਲਹਾਲ ਅਜੇ ਵੀ ਮਜ਼ਦੂਰਾਂ ਨੂੰ ਬਾਹਰ ਕੱਢਣ ਦਾ ਕੰਮ ਕੀਤਾ ਜਾ ਰਿਹਾ ਹੈ। ਘਟਨਾ ਦੀ ਜਾਂਚ ਦੇ ਆਦੇਸ਼ ਵੀ ਦੇ ਦਿੱਤੇ ਗਏ ਹਨ।

ਚੀਨ ਦੀ ਸਰਕਾਰੀ ਸਮਾਚਾਰ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਟਰੱਕ ਡਰਾਈਵਰਾਂ ਵਾਸਤੇ ਨਵਾਂ ਨਿਯਮ

* ਹਾਈਵੇਅ ਵੱਲ ਮੂੰਹ ਵਾਲਾ ਡੈਸ਼ਕੈਮ ਕੀਤਾ ਜਾ ਰਿਹਾ ਲਾਜ਼ਮੀ
* ਬ੍ਰਿਟਿਸ਼ ਕੋਲੰਬੀਆ ਹੋਵੇਗਾ ਨਿਯਮ ਲਾਗੂ ਕਰਨ ਵਾਲਾ ਪਹਿਲਾ ਸੂਬਾ



ਵਿਕਟੋਰੀਆ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿਚ ਟਰੱਕ ਡਰਾਈਵਰਾਂ ਵਾਸਤੇ ਨਵਾਂ ਨਿਯਮ ਲਾਗੂ ਕੀਤਾ ਜਾ ਰਿਹਾ ਹੈ ਜਿਸ ਤਹਿਤ ਕਮਰਸ਼ੀਅਲ ਟਰੱਕਾਂ ਵਿਚ ਡੈਸ਼-ਕੈਮ ਲਾਜ਼ਮੀ ਹੋਣਗੇ। ਜੀ ਹਾਂ, ਬ੍ਰਿਟਿਸ਼ ਕੋਲੰਬੀਆ, ਮੁਲਕ ਦਾ ਪਹਿਲਾ ਸੂਬਾ ਹੋਵੇਗਾ ਜਿਥੇ ਬਗੈਰ ਡੈਸ਼ਕੈਮ ਤੋਂ ਟਰੱਕ ਚਲਾਉਣ ਵਾਲੇ ਜੁਰਮਾਨੇ ਦੇ ਹੱਕਦਾਰ ਹੋਣਗੇ। ਹਾਈਵੇਅ 5 'ਤੇ ਇਕ ਮਗਰੋਂ ਇਕ ਜਾਨਲੇਵਾ ਹਾਦਸੇ ਵਾਪਰਨ ਮਗਰੋਂ ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਵਿਧਾਇਕ ਵੌਰਡ ਸਟੈਮਰ ਵੱਲੋਂ ਸੂਬਾ ਵਿਧਾਨ ਸਭਾ ਵਿਚ ਬਿਲ ਐਮ-217 ਯਾਨੀ ਡੈਸ਼ਬੋਰਡ ਕੈਮਰਾਜ਼ ਇਨ ਕਮਰਸ਼ੀਅਲ ਵ੍ਹੀਕਲਜ਼ ਲਿਆਂਦਾ ਗਿਆ ਜਿਸ ਦੀ ਤੀਜੀ ਪੜ੍ਹਤ ਪਾਸ ਹੋ ਚੁੱਕੀ ਹੈ।

ਸਟੈਮਰ ਦਾ ਮੰਨਣਾ ਹੈ ਕਿ ਹਰ ਟਰੱਕ ਵਿਚ ਹਾਈਵੇਅ ਵੱਲ ਮੂੰਹ ਵਾਲਾ ਡੈਸ਼ਕੈਮ ਹੋਣਾ ਲਾਜ਼ਮੀ ਹੈ ਜਿਸ ਰਾਹੀਂ ਨਾ ਸਿਰਫ਼ ਡਰਾਈਵਰਾਂ ਨੂੰ ਜਵਾਬਦੇਹ ਬਣਾਇਆ ਜਾ ਸਕਦਾ ਹੈ ਸਗੋਂ ਹਾਦਸੇ ਦੀ ਸੂਰਤ ਵਿਚ ਅਹਿਮ ਸਬੂਤ ਵੀ ਸਾਹਮਣੇ ਆਉਣਗੇ। ਹਾਦਸਿਆਂ ਦੇ ਪੀੜਤਾਂ ਨੂੰ ਸਾਲਾਂਬੱਧੀ ਚੱਲਣ ਵਾਲੀ ਪੜਤਾਲ ਦੀ ਉਡੀਕ ਨਹੀਂ ਕਰਨੀ ਪਵੇਗੀ ਅਤੇ ਸੱਚ ਸਭਨਾਂ ਦੇ ਸਾਹਮਣੇ ਹੋਵੇਗਾ। ਉਧਰ, ਬੀ.ਸੀ. ਟ੍ਰਕਿੰਗ ਐਸੋਸੀਏਸ਼ਨ ਦੇ * ਬਾਕੀ ਸਫ਼ਾ 2 'ਤੇ

## ਕੈਨੇਡਾ ਨੇ ਯਾਤਰਾ ਨਿਯਮ ਕੀਤੇ ਸਖ਼ਤ:

### ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਲਈ 21 ਦਿਨਾਂ ਦਾ ਇਕਾਂਤਵਾਸ ਲਾਜ਼ਮੀ



ਕੈਨੇਡਾ, (ਪੰਜਾਬ ਸਟਾਰ ਬਿਓਰੋ): ਇਬੋਲਾ ਵਾਇਰਸ ਨੂੰ ਲੈ ਕੇ ਕਈ ਦੇਸ਼ਾਂ ਵਿੱਚ ਚੌਕਸੀ ਵਧਾ ਦਿੱਤੀ ਗਈ ਹੈ। ਕੈਨੇਡਾ ਨੇ ਇਬੋਲਾ ਵਾਇਰਸ ਦੇ ਵਧਦੇ ਖ਼ਤਰੇ ਨੂੰ ਦੇਖਦੇ ਹੋਏ ਸਖ਼ਤ ਯਾਤਰਾ ਨਿਯਮ ਲਾਗੂ ਕੀਤੇ ਹਨ। ਹੁਣ ਕਾਂਗੋ, ਯੂਗਾਂਡਾ ਅਤੇ ਸੁਡਾਨ ਤੋਂ ਆਉਣ ਵਾਲੇ ਯਾਤਰੀਆਂ * ਬਾਕੀ ਸਫ਼ਾ 2 'ਤੇ

## ਕੈਨੇਡਾ ਦੀ ਮਾਰਕ ਕਾਰਨੀ ਸਰਕਾਰ ਦਾ ਹੋ ਸਕਦੈ ਪਤਨ?


* ਲਿਬਰਲ ਐਮ.ਪੀ. ਸਟੀਵਨ ਗਿਲਬੋਅ ਦੇ ਰਹੇ ਅਸਤੀਫ਼ਾ
* 14 ਲਿਬਰਲ ਐਮ.ਪੀਜ਼ ਪਹਿਲਾਂ ਹੀ ਸਰਕਾਰ ਦਾ ਕਰ ਚੁੱਕੇ ਵਿਰੋਧ



ਔਟਵਾ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿਚ ਵੱਡਾ ਸਿਆਸੀ ਧਮਾਕਾ ਹੋਣ ਦੇ ਆਸਾਰ ਬਣ ਚੁੱਕੇ ਹਨ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਤਿਣਕਾ-ਤਿਣਕਾ ਜੋੜ ਕੇ ਬਹੁਮਤ ਵਿਚ ਲਿਆਂਦੀ ਸਰਕਾਰ ਮੁੜ ਘੱਟ ਗਿਣਤੀ ਹੁੰਦੀ ਨਜ਼ਰ ਆ ਰਹੀ ਹੈ। ਜੀ ਹਾਂ, ਸਾਬਕਾ ਮੰਤਰੀ ਸਟੀਵਨ ਗਿਲਬੋਅ ਅੱਜ ਲਿਬਰਲ ਪਾਰਟੀ ਛੱਡ ਰਹੇ ਹਨ ਅਤੇ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਐਲਬਰਟਾ ਨਾਲ ਹੋਇਆ ਤੇਲ ਪਾਈਪਲਾਈਨ ਸਮਝੌਤਾ ਕਾਰਨੀ ਸਰਕਾਰ ਦੇ ਪਤਨ ਦਾ ਕਾਰਨ ਵੀ ਬਣ ਸਕਦਾ ਹੈ। ਸਿਆਸਤ ਦੇ ਜਾਣਕਾਰਾਂ ਮੁਤਾਬਕ ਸਿਰਫ਼ ਗਿਲਬੋਅ ਹੀ ਪ੍ਰਧਾਨ ਮੰਤਰੀ ਦੀਆਂ ਨੀਤੀਆ ਤੋਂ ਨਾਰਾਜ਼ ਨਹੀਂ ਬਲਕਿ ਲਿਬਰਲ ਪਾਰਟੀ ਦੇ 14 ਐਮ.ਪੀਜ਼ ਨੇ ਪਿਛਲੇ ਦਿਨੀਂ ਮਾਰਕ ਕਾਰਨੀ ਨੂੰ ਪੱਤਰ ਲਿਖ ਕੇ ਵਾਤਾਵਰਣ ਨਾਲ ਸਬੰਧਤ ਵਚਨਬੱਧਤਾ ਤੋਂ ਪਿੱਛੇ ਹਟਣ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ। ਸਟੀਵਨ ਗਿਲਬੋਅ ਆਪਣੇ ਸਾਥੀਆਂ ਦੀ ਗਿਣਤੀ ਵਧਾਉਣ 'ਤੇ ਜ਼ੋਰ ਦੇਣਗੇ ਤਾਂਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਵਾਤਾਵਰਣ ਦਾ ਨੁਕਸਾਨ ਕਰਨ ਵਾਲੀਆਂ ਨੀਤੀਆਂ 'ਤੇ ਅੱਗੇ ਵਧਣ ਤੋਂ ਰੋਕਿਆ ਜਾ ਸਕੇ।

ਗਿਲਬੋਅ ਦੇ ਸੰਭਾਵਤ ਅਸਤੀਫ਼ੇ ਦੀ ਪਹਿਲੀ ਰਿਪੋਰਟ ਸੀ.ਟੀ.ਵੀ. ਨੇ ਪ੍ਰਕਾਸ਼ਿਤ * ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਜੰਗਲ 'ਚੋਂ ਮਿਲੇ ਨਵਜੰਮੇ ਬੱਚੇ ਦੇ ਅਵਸ਼ੇਸ਼, ਪੰਜਾਬੀ ਜੋੜਾ ਗ੍ਰਿਫ਼ਤਾਰ



ਹੈਲੀਫੈਕਸ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਹੈਲੀਫੈਕਸ ਨੇੜੇ ਇੱਕ 23 ਸਾਲਾ ਔਰਤ ਵੱਲੋਂ ਬੱਚੇ ਨੂੰ ਜਨਮ ਦੇਣ ਮਗਰੋਂ ਨਵਜੰਮੇ ਬੱਚੇ ਦੀ ਭੇਤਭਰੇ ਹਾਲਾਤਾਂ ਵਿੱਚ ਮੌਤ ਹੋ ਗਈ। ਬਾਅਦ ਵਿੱਚ ਬੱਚੇ ਦੇ ਅਵਸ਼ੇਸ਼ ਇੱਕ ਜੰਗਲੀ ਇਲਾਕੇ ਵਿੱਚੋਂ ਬਰਾਮਦ ਕੀਤੇ ਗਏ। ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲਿਸ ਨੇ ਬੱਚੇ ਦੀ ਮਾਂ ਦੇ ਰਿਸ਼ਤੇਦਾਰ 23 ਸਾਲਾ ਸੁਖਪ੍ਰੀਤ ਸਿੰਘ ਅਤੇ ਉਸ ਦੀ 26 ਸਾਲਾ ਪਤਨੀ ਰਮਨਦੀਪ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਵਾਂ 'ਤੇ ਬੱਚੇ ਦੀ ਦੇਹ ਲੁਕਾਉਣ, ਜਾਂਚ ਵਿੱਚ ਰੁਕਾਵਟ ਪੈਦਾ ਕਰਨ ਅਤੇ ਮ੍ਰਿਤਕ ਦੇਹ ਖੁਰਦ-ਬੁਰਦ ਕਰਨ ਦੇ ਦੋਸ਼ ਲਗਾਏ ਗਏ ਹਨ। ਦੋਵਾਂ ਨੂੰ ਵੀਡੀਓ ਰਾਹੀਂ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਗਲੀ ਸੁਣਵਾਈ ਤੱਕ ਹਿਰਾਸਤ ਵਿੱਚ ਰੱਖਣ ਦੇ ਹੁਕਮ ਦਿੱਤੇ ਗਏ ਹਨ।

**ਮਾਂ ਹਸਪਤਾਲ 'ਚ ਦਾਖ਼ਲ, ਬੱਚਾ ਨਹੀਂ ਸੀ ਨਾਲ**

ਪੁਲਿਸ ਮੁਤਾਬਕ ਸ਼ੁੱਕਰਵਾਰ ਨੂੰ 23 ਸਾਲਾ ਮਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖ਼ਲ ਕਰਵਾਇਆ ਗਿਆ। ਅਧਿਕਾਰੀਆਂ ਨੂੰ ਲੱਗਾ ਕਿ ਉਸ ਨੇ ਹਾਲ ਹੀ ਵਿੱਚ ਬੱਚੇ ਨੂੰ ਜਨਮ ਦਿੱਤਾ ਹੈ, ਪਰ ਉਸ ਦੇ ਨਾਲ ਕੋਈ ਬੱਚਾ ਨਹੀਂ ਸੀ। ਇਸ ਤੋਂ ਬਾਅਦ ਹਸਪਤਾਲ ਸਟਾਫ਼ ਵੱਲੋਂ ਸੂਚਨਾ ਮਿਲਣ 'ਤੇ ਪੁਲਿਸ ਨੇ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ। * ਬਾਕੀ ਸਫ਼ਾ 2 'ਤੇ

## ਪੀਲ ਪੁਲਿਸ ਦੀ ਐਕਸਟੌਰਸ਼ਨ ਟਾਸਕ ਫੋਰਸ ਨੇ ਅੰਤਰਰਾਸ਼ਟਰੀ ਗਿਰੋਹ ਦਾ ਕੀਤਾ ਖਾਤਮਾ

### ਦੱਖਣ ਏਸ਼ੀਆਈ ਭਾਈਚਾਰੇ ਵਿੱਚ ਜਬਰੀ ਵਸੂਲੀ, ਧਮਕੀਆਂ ਅਤੇ ਗੋਲੀਬਾਰੀ ਦੀਆਂ ਵਾਰਦਾਤਾਂ ਵਿੱਚ ਸੀ ਸ਼ਾਮਿਲ




ਸਟਾਰ ਨਿਊਜ਼, (ਪੰਜਾਬ ਸਟਾਰ ਬਿਓਰੋ):- ਪੀਲ ਰੀਜਨਲ ਪੁਲਿਸ ਨੇ 17 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦੇ ਸਬੰਧ ਇੱਕ ਅੰਤਰਰਾਸ਼ਟਰੀ ਅਪਰਾਧਿਕ ਨੈਟਵਰਕ ਨਾਲ ਹਨ ਜੋ ਫਾਰ ਬ੍ਰਦਰਜ਼ ਵਜੋਂ ਜਾਣਿਆ ਜਾਂਦਾ ਹੈ, ਜਿਸ ਨੇ ਇਸ ਇਲਾਕੇ ਵਿੱਚ , ਕੈਨੇਡਾ ਅਤੇ ਅਮਰੀਕਾ ਵਿੱਚ ਦੱਖਣੀ ਏਸ਼ੀਆਈ ਕਾਰੋਬਾਰੀ ਮਾਲਕਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ। ਐਕਸਟੌਰਸ਼ਨ ਟਾਸਕ ਫੋਰਸ ਦੀ ਅਗਵਾਈ ਵਿੱਚ ਚੱਲੀ ਜਾਂਚ ਵਿੱਚ ਸਥਾਨਕ ਕਾਰੋਬਾਰਾਂ ਤੋਂ ਜਬਰੀ ਵਸੂਲੀ ਕਰਨ ਲਈ ਧਮਕੀਆਂ ਦੇਣਾਂ ਤੰਗ ਪਰੇਸ਼ਾਨ ਕਰਨਾ ਅਤੇ ਵਧ ਰਹੀ ਹਿੰਸਾ ਦੇ ਨੈਟਵਰਕ ਨੂੰ ਖਤਮ ਕਰ ਦਿੱਤਾ।

ਸੰਗਠਿਤ ਅਪਰਾਧਿਕ ਨੈੱਟਵਰਕ ਪੀਲ ਖੇਤਰ ਦੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਲੋਕਾਂ ਨੂੰ ਕਥਿੱਤ ਤੌਰ 'ਤੇ ਨਿਸ਼ਾਨਾ ਬਨਾਉਣ ਲਈ ਜ਼ਿੰਮੇਵਾਰ ਸੀ। ਮੰਨਿਆ ਜਾਰਿਹਾ ਹੈ ਕਿ ਇੱਕ ਨੈਟਵਰਕ ਕੈਲੀਫੋਰਨੀਆ,ਬਰੈਂਪਟਨ, ਮਿਸੀਸਾਗਾ, ਕੈਲੇਡਨ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਸਰਗਰਮ ਸੀ। ਦਸੰਬਰ 2025 ਵਿੱਚ ਇਹ ਜੁਆਇੰਟ ਫੋਰਸਿਜ਼ ਓਪਰੇਸ਼ਨ ਸ਼ੁਰੂ ਹੋਇਆ, ਜਿਸ ਵਿੱਚ ਪੀਲ ਰੀਜਨਲ ਪੁਲਿਸ ਅਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ, ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਅਤੇ ਕੈਨੇਡਾ ਦੇ ਵਿੱਤੀ ਲੈਣ-ਦੇਣ ਅਤੇ ਰਿਪੋਰਟਾਂ ਵਿਸ਼ਲੇਸ਼ਣ * ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

* ਪਾਵਰ ਆਫ ਸੇਲ ਨੋਟਿਸ ?
* ਗਾਰਨਿਸ਼ਮੈਂਟ?
* ਬੈਂਕ ਵਲੋਂ ਪੈਸੇ ਦੀ ਮੰਗ ?
* ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
* Auto Accident
* Family Member Claims
* Pedestrian Hit Accident
* Short & Long-Term Disability
* Slip & Fall
* CPP Disability
* Bicycle Accident
* Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਟਰੰਪ ਸਰਕਾਰ ਹੁਣ ਇੰਮੀਗਰੇਸ਼ਨ ਵਕੀਲ ਟੰਗਣ ਦੀ ਤਿਆਰੀ 'ਚ!

## * ਫ਼ਰਜ਼ੀ ਅਸਾਇਲਮ ਦਾਅਵੇ ਦਾਖ਼ਲ ਕਰਵਾਉਣ ਵਾਲੇ ਆਉਣਗੇ ਅੜਿੱਕੇ
## * ਡੀ.ਐਚ.ਐਸ. ਨੇ ਆਈਸ ਦੇ ਵਕੀਲਾਂ ਨੂੰ ਜਾਰੀ ਕੀਤੇ ਹੁਕਮ




ਵਾਸ਼ਿੰਗਟਨ: ਅਮਰੀਕਾ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਤੋਂ ਬਾਅਦ ਹੁਣ ਉਨ੍ਹਾਂ ਇੰਮੀਗ੍ਰੇਸ਼ਨ ਵਕੀਲਾਂ ਦੀ ਵਾਰੀ ਹੈ ਜਿਨ੍ਹਾਂ ਨੇ ਅਸਾਇਲਮ ਦੇ ਝੂਠੇ ਦਾਅਵੇ ਦਾਖ਼ਲ ਕਰਵਾਏ ਅਤੇ ਇੰਮੀਗ੍ਰੇਸ਼ਨ ਅਦਾਲਤਾਂ ਵਿਚ ਅਰਜ਼ੀਆਂ ਦੇ ਢੇਰ ਲੱਗੇ ਗਏ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਵੱਲੋਂ 26 ਮਈ ਨੂੰ ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਗੈਰਕਾਨੂੰਨੀ ਪ੍ਰਵਾਸੀ ਸਾਡੇ ਇੰਮੀਗ੍ਰੇਸ਼ਨ ਸਿਸਟਮ ਨਾਲ ਫਰੌਡ ਕਰਦੇ ਆ ਰਹੇ ਹਨ ਅਤੇ ਇਸ ਕੰਮ ਵਿਚ ਇੰਮੀਗ੍ਰੇਸ਼ਨ ਵਕੀਲਾਂ ਵੱਲੋਂ ਮਦਦ ਕੀਤੀ ਜਾਂਦੀ ਹੈ। ਇੰਮੀਗ੍ਰੇਸ਼ਨ ਵਕੀਲ ਹਰ ਗੈਰਕਾਨੂੰਨੀ ਪ੍ਰਵਾਸੀ ਦਾ ਮਾਮਲਾ ਇਸ ਦਾਅਵੇ ਨਾਲ ਪੇਸ਼ ਕਰਦੇ ਹਨ ਕਿ ਜੱਦੀ ਮੁਲਕ ਵਾਪਸ ਭੇਜੇ ਜਾਣ 'ਤੇ ਉਸ ਦੀ ਜਾਨ ਖ਼ਤਰੇ ਵਿਚ ਪੈ ਸਕਦੀ ਹੈ।

ਅਮਰੀਕਾ ਵਿਚ ਅਸਾਇਲਮ ਮੰਗਣ ਦਾ ਹੱਕ ਇਸ ਨੂੰ ਹਾਸਲ ਕਰਨ ਤੋਂ ਕਿਤੇ ਜ਼ਿਆਦਾ ਵੱਡਾ ਬਣਦਾ ਹੈ। ਫ਼ੈਡਰਲ ਕਾਨੂੰਨ ਕਹਿੰਦਾ ਹੈ ਕਿ ਕੋਈ ਵੀ ਵਿਦੇਸ਼ੀ ਨਾਗਰਿਕ ਜੋ ਸਰੀਰਕ ਤੌਰ 'ਤੇ ਅਮਰੀਕਾ ਵਿਚ ਮੌਜੂਦ ਹੋਵੇ, ਉਹ ਅਸਾਇਲਮ ਦੀ ਮੰਗ ਕਰ ਸਕਦਾ ਹੈ ਪਰ ਇਸ ਦੀ ਪ੍ਰਵਾਨਗੀ ਵਾਸਤੇ ਲਾਜ਼ਮੀ ਹੈ ਕਿ ਨਸਲ, ਧਰਮ, ਕੌਮੀਅਤ ਜਾਂ ਸਿਆਸੀ ਵਿਚਾਰਧਾਰਾ ਦੇ ਆਧਾਰ 'ਤੇ ਜਾਨੀ ਨੁਕਸਾਨ ਦਾ ਖ਼ਤਰਾ ਹੋਣ ਦੇ ਸਬੂਤ ਪੇਸ਼ ਕੀਤੇ ਜਾਣ। ਡੀ.ਐਚ.ਐਸ. ਦੇ ਤਾਜ਼ਾ ਹੁਕਮਾਂ ਮਗਰੋਂ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਦੇ ਵਕੀਲਾਂ ਨੂੰ ਜਾਅਲੀ ਦਸਤਾਵੇਜ਼ ਦਾਖ਼ਲ ਕਰਵਾਉਣ ਵਾਲਿਆਂ ਵਿਰੁੱਧ ਵੀ ਕਾਰਵਾਈ ਦਾ ਹੱਕ ਮਿਲ ਗਿਆ ਹੈ। ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਨਵੀਂ ਰਣਨੀਤੀ ਇਕ ਤੀਰ ਨਾਲ ਦੋ ਨਿਸ਼ਾਨੇ ਵਿੰਨਣ ਲਈ ਲਾਗੂ ਕੀਤੀ ਗਈ ਹੈ। ਜਦੋਂ ਇੰਮੀਗ੍ਰੇਸ਼ਨ ਅਟਾਰਨੀ ਹੀ ਧੋਖੇਬਾਜ਼ ਸਾਬਤ ਹੋ ਗਿਆ ਤਾਂ ਉਸ ਦੇ ਮੁਵੱਕਲ ਵੀ ਧੋਖੇਬਾਜ਼ ਮੰਨੇ ਜਾਣਗੇ ਅਤੇ ਵੱਡੀ ਗਿਣਤੀ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਜਾ ਸਕੇਗਾ।

ਇੰਮੀਗ੍ਰੇਸ਼ਨ ਵਕੀਲਾਂ ਵਿਰੁੱਧ ਆਮ ਤੌਰ 'ਤੇ ਕੋਈ ਵੀ ਮਾਮਲਾ ਜੁਰਮਾਨੇ ਦੇ ਨੋਟਿਸ ਨਾਲ ਸ਼ੁਰੂ ਹੁੰਦਾ ਹੈ ਅਤੇ ਫਿਰ ਸਬੰਧਤ ਵਕੀਲ ਵਿਰੁੱਧ ਦੋਸ਼ ਆਇਦ ਕੀਤੇ ਜਾਂਦੇ ਹਨ। ਨੋਟਿਸ ਰਾਹੀਂ ਲੱਗੇ ਦੋਸ਼ਾਂ ਦਾ ਅਦਾਲਤ ਵਿਚ ਜਵਾਬ ਦਿਤਾ ਜਾ ਸਕਦਾ ਹੈ ਪਰ ਦੋਸ਼ ਸਾਬਤ ਹੋਣ 'ਤੇ ਇਕ ਜਾਅਲੀ ਕਾਗਜ਼ ਦਾ ਜੁਰਮਾਨਾ 4,730 ਡਾਲਰ ਬਣਦਾ ਹੈ ਅਤੇ ਵਾਰ-ਵਾਰ ਕੋਤਾਹੀ ਕਰਨ ਵਾਲਿਆਂ ਨੂੰ 11,823 ਡਾਲਰ ਪ੍ਰਤੀ ਦਸਤਾਵੇਜ਼ ਜੁਰਮਾਨਾ ਕੀਤਾ ਜਾ ਸਕਦਾ ਹੈ। ਦੋਸ਼ੀ ਇੰਮੀਗ੍ਰੇਸ਼ਨ ਵਕੀਲਾਂ ਦੀ ਪ੍ਰੈਕਟਿਸ 'ਤੇ ਪੱਕੀ ਰੋਕ ਵੀ ਲੱਗ ਸਕਦੀ ਹੈ ਜਾਂ ਕੁਝ ਸਮੇਂ ਲਈ ਪਾਬੰਦੀ ਲੱਗ ਸਕਦੀ ਹੈ ਅਤੇ ਸਜ਼ਾ ਵੀ ਸੁਣਾਈ ਜਾ ਸਕਦੀ ਹੈ। ਮਿਸਾਲ ਵਜੋਂ 2021 ਵਿਚ ਫਲੋਰੀਡਾ ਦੇ ਇਕ ਸ਼ਖਸ ਨੂੰ 20 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਜਿਸ ਇੰਮੀਗ੍ਰੇਸ਼ਨ ਵਕੀਲ ਹੋਣ ਦਾ ਦਾਅਵਾ ਕਰਦਿਆਂ ਸੈਂਕੜੇ ਅਸਾਇਲਮ ਅਰਜ਼ੀਆਂ ਦਾਖ਼ਲ ਕਰਵਾਈਆਂ। 2019 ਵਿਚ ਨਿਊ ਯਾਰਕ ਸ਼ਹਿਰ ਦੇ ਕੁਈਨਜ਼ ਇਲਾਕੇ ਵਿਚ ਇਕ ਇੰਮੀਗ੍ਰੇਸ਼ਨ ਵਕੀਲ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਜਿਸ ਜੋ ਫ਼ਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਪਨਾਹ ਦੇ ਦਾਅਵਾ ਦਾਖ਼ਲ ਕਰਵਾ ਰਿਹਾ ਸੀ।

# ਟਰੰਪ ਸਰਕਾਰ ਦੀ ਵੱਡੀ ਕਾਰਵਾਈ

## 9 ਲੱਖ ਗੈਰਕਾਨੂੰਨੀ ਪ੍ਰਵਾਸੀ ਡਿਪੋਰਟ, ਹੁਣ ਕਰਵਾਈ ਹੋਵੇਗੀ ਹੋਰ ਤੇਜ਼



ਵਾਸ਼ਿੰਗਟਨ: ਡੌਨਲਡ ਟਰੰਪ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਅਮਰੀਕਾ ਵਿੱਚ ਗੈਰਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਚੱਲ ਰਹੀ ਕਾਰਵਾਈ ਸਬੰਧੀ ਨਵੇਂ ਅੰਕੜੇ ਸਾਹਮਣੇ ਆਏ ਹਨ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ (DHS) ਵੱਲੋਂ ਜਾਰੀ ਕੀਤੀ ਜਾਣਕਾਰੀ ਮੁਤਾਬਕ ਇੰਮੀਗ੍ਰੇਸ਼ਨ ਛਾਪਿਆਂ ਦੌਰਾਨ ਕਰੀਬ 9 ਲੱਖ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰਕੇ ਦੇਸ਼ ਤੋਂ ਬਾਹਰ ਭੇਜਿਆ ਗਿਆ ਹੈ। ਇਸ ਦੇ ਨਾਲ ਹੀ ਲਗਭਗ 22 ਲੱਖ ਪ੍ਰਵਾਸੀਆਂ ਨੇ ਖੁਦ ਅਮਰੀਕਾ ਛੱਡਣ ਦਾ ਰਾਹ ਚੁਣਿਆ।

**ਸੈਲਫ਼ ਡਿਪੋਰਟ ਯੋਜਨਾ ਨੂੰ ਮਿਲ ਰਿਹਾ ਹੁੰਗਾਰਾ**

DHS ਦਾ ਕਹਿਣਾ ਹੈ ਕਿ ਸੈਲਫ਼ ਡਿਪੋਰਟ ਵਾਲਾ ਤਰੀਕਾ ਸਰਕਾਰ ਲਈ ਖਰਚੇ ਦੇ ਪੱਖੋਂ ਵਧੇਰੇ ਲਾਭਕਾਰੀ ਸਾਬਤ ਹੋ ਰਿਹਾ ਹੈ। ਵਿਭਾਗ ਮੁਤਾਬਕ ਇੱਕ ਵਿਅਕਤੀ ਨੂੰ ਖੁਦ ਵਾਪਸ ਭੇਜਣ 'ਤੇ ਕਰੀਬ 5 ਹਜ਼ਾਰ ਡਾਲਰ ਦਾ ਖਰਚਾ ਆਉਂਦਾ ਹੈ, ਜਦਕਿ ਜ਼ਬਰਦਸਤੀ ਡਿਪੋਰਟ ਕਰਨ ਦੀ ਲਾਗਤ 18 ਹਜ਼ਾਰ ਡਾਲਰ ਤੋਂ ਵੀ ਵੱਧ ਹੋ ਸਕਦੀ ਹੈ।

ਸਰਕਾਰ ਵੱਲੋਂ CBP Home ਐਪ ਰਾਹੀਂ ਸੈਲਫ਼ ਡਿਪੋਰਟ ਕਰਨ ਵਾਲੇ ਪ੍ਰਵਾਸੀਆਂ ਨੂੰ 2,600 ਡਾਲਰ ਨਕਦ ਅਤੇ ਇੱਕ ਪਾਸੇ ਦੀ ਹਵਾਈ ਟਿਕਟ ਵੀ ਦਿੱਤੀ ਜਾ ਰਹੀ ਹੈ।

**ਇੰਮੀਗ੍ਰੇਸ਼ਨ ਅਦਾਲਤਾਂ ਲਈ ਨਵੇਂ ਜੱਜ**

ਡਿਪੋਰਟੇਸ਼ਨ ਨਾਲ ਜੁੜੇ ਕੇਸਾਂ ਦੇ ਤੇਜ਼ ਨਿਪਟਾਰੇ ਲਈ ਟਰੰਪ ਸਰਕਾਰ ਨੇ 80 ਨਵੇਂ ਇੰਮੀਗ੍ਰੇਸ਼ਨ ਜੱਜਾਂ ਦੀ ਭਰਤੀ ਕੀਤੀ ਹੈ। ਇੰਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰ ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਵਾਲੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਗਈ ਹੈ, ਜਿਸ ਨਾਲ ਡਿਪੋਰਟੇਸ਼ਨ ਦੀ ਰਫ਼ਤਾਰ ਹੋਰ ਵਧ ਸਕਦੀ ਹੈ। ਰਿਪੋਰਟਾਂ ਅਨੁਸਾਰ ਕਈ ਨਵੇਂ ਜੱਜ ਪਹਿਲਾਂ ICE ਦੇ ਵਕੀਲ ਵਜੋਂ ਕੰਮ ਕਰ ਚੁੱਕੇ ਹਨ।

ਜਸਟਿਸ ਡਿਪਾਰਟਮੈਂਟ ਮੁਤਾਬਕ ਇੰਮੀਗ੍ਰੇਸ਼ਨ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੀ ਗਿਣਤੀ 40 ਲੱਖ ਤੋਂ ਘਟ ਕੇ 35 ਲੱਖ ਰਹਿ ਗਈ ਹੈ। ਸਰਕਾਰ ਦਾ ਟੀਚਾ ਇਸ ਨੂੰ ਹੋਰ ਘਟਾ ਕੇ 30 ਲੱਖ ਤੱਕ ਲਿਆਉਣਾ ਹੈ। ਟਰੰਪ ਦੇ ਸੱਤਾ ਸੰਭਾਲਣ ਸਮੇਂ ਇੰਮੀਗ੍ਰੇਸ਼ਨ ਅਦਾਲਤਾਂ ਵਿੱਚ 700 ਤੋਂ ਵੱਧ ਜੱਜ ਮੌਜੂਦ ਸਨ। ਬਾਅਦ ਵਿੱਚ ਕੁਝ ਜੱਜਾਂ ਦੀ ਛਾਂਟੀ ਕੀਤੀ ਗਈ ਅਤੇ ਹੁਣ ਨਵੀਆਂ ਭਰਤੀਆਂ ਮਗਰੋਂ ਇਹ ਗਿਣਤੀ ਮੁੜ 700 ਦੇ ਨੇੜੇ ਪਹੁੰਚ ਗਈ ਹੈ।

**ਹਰ ਸਾਲ 10 ਲੱਖ ਡਿਪੋਰਟੇਸ਼ਨ ਦਾ ਟੀਚਾ**

ਇੰਮੀਗ੍ਰੇਸ਼ਨ ਅਦਾਲਤਾਂ ਇਹ ਫ਼ੈਸਲਾ ਕਰਦੀਆਂ ਹਨ ਕਿ ਅਮਰੀਕਾ ਵਿੱਚ ਰਹਿ ਰਹੇ ਪ੍ਰਵਾਸੀਆਂ ਨੂੰ ਰਾਹਤ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ ਡਿਪੋਰਟ ਕੀਤਾ ਜਾਵੇ। ਇਹ ਜੱਜ ਨਿਆਂਇਕ ਸ਼ਾਖਾ ਦਾ ਹਿੱਸਾ ਨਹੀਂ ਹੁੰਦੇ, ਸਗੋਂ ਜਸਟਿਸ ਡਿਪਾਰਟਮੈਂਟ ਦੇ ਮੁਲਾਜ਼ਮ ਮੰਨੇ ਜਾਂਦੇ ਹਨ। ਜਸਟਿਸ ਡਿਪਾਰਟਮੈਂਟ ਨੇ ਦੱਸਿਆ ਕਿ ਅਕਤੂਬਰ 2025 ਤੋਂ ਸ਼ੁਰੂ ਹੋਏ ਵਿੱਤੀ ਸਾਲ ਦੌਰਾਨ ਹੁਣ ਤੱਕ 153 ਨਵੇਂ ਇੰਮੀਗ੍ਰੇਸ਼ਨ ਜੱਜ ਨਿਯੁਕਤ ਕੀਤੇ ਜਾ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਡੌਨਲਡ ਟਰੰਪ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਹਰ ਸਾਲ 10 ਲੱਖ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਟੀਚਾ ਰੱਖਿਆ ਸੀ। ਇਸ ਮੁਹਿੰਮ ਦੀ ਜ਼ਿੰਮੇਵਾਰੀ ਬਾਰਡਰ ਜ਼ਾਰ ਟੌਮ ਹੋਮਨ ਨੂੰ ਸੌਂਪੀ ਗਈ ਸੀ। ਹਾਲ ਹੀ ਵਿੱਚ ਟੌਮ ਹੋਮਨ ਨੇ ਇੱਕ ਇੰਟਰਵਿਊ ਦੌਰਾਨ ਕਿਹਾ ਕਿ ਪਹਿਲੇ ਸਾਲ ਦੀ ਕਾਰਵਾਈ ਤੋਂ ਬਾਅਦ ਹੁਣ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀ ਰਫ਼ਤਾਰ ਹੋਰ ਤੇਜ਼ ਕੀਤੀ ਜਾ ਰਹੀ ਹੈ।

# ਪੇਜ ਇੱਕ ਦੀ ਬਾਕੀ

## PR ਲੈਣ ਲਈ...

ਕਾਨੂੰਨੀ ਉਲੰਘਣਾ ਹੈ।

**ਵੀਜ਼ਾ ਰੱਦ ਹੋਣ ਤੋਂ ਲੈ ਕੇ ਭਵਿੱਖ ਤੱਕ ਅਸਰ**

ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਜੇਕਰ ਕੋਈ ਵਿਦੇਸ਼ੀ ਨਾਗਰਿਕ ਸਿਰਫ ਕੈਨੇਡਾ ਦਾ ਵੀਜ਼ਾ ਜਾਂ PR ਹਾਸਲ ਕਰਨ ਲਈ ਕਿਸੇ ਕੈਨੇਡੀਅਨ ਨਾਗਰਿਕ ਜਾਂ ਸਥਾਈ ਨਿਵਾਸੀ ਨਾਲ ਵਿਆਹ ਕਰਦਾ ਹੈ, ਤਾਂ ਉਸ ਦਾ ਵੀਜ਼ਾ ਤੁਰੰਤ ਰੱਦ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੀ ਧੋਖਾਧੜੀ ਉਸ ਦੇ ਇਮੀਗ੍ਰੇਸ਼ਨ ਰਿਕਾਰਡ ਵਿੱਚ ਦਰਜ ਕੀਤੀ ਜਾਵੇਗੀ, ਜਿਸ ਦਾ ਅਸਰ ਭਵਿੱਖ ਵਿੱਚ ਹੋਰ ਦੇਸ਼ਾਂ ਦੇ ਵੀਜ਼ੇ ਲੈਣ 'ਤੇ ਵੀ ਪੈ ਸਕਦਾ ਹੈ।

**ਸਪਾਂਸਰਾਂ ਲਈ ਵੀ ਸਖ਼ਤ ਨਿਯਮ**

ਕੈਨੇਡਾ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ ਵੀ ਚਿਤਾਵਨੀ ਦਿੱਤੀ ਹੈ ਜੋ ਪੈਸੇ ਜਾਂ ਕਿਸੇ ਹੋਰ ਲਾਭ ਦੇ ਬਦਲੇ ਅਜਿਹੇ ਵਿਆਹਾਂ ਲਈ ਸਹਿਮਤ ਹੋ ਜਾਂਦੇ ਹਨ।

ਕੈਨੇਡੀਅਨ ਕਾਨੂੰਨ ਅਨੁਸਾਰ, ਜੇਕਰ ਸਪਾਂਸਰ ਕੀਤਾ ਗਿਆ ਸਾਥੀ ਕੈਨੇਡਾ ਪਹੁੰਚਣ ਤੋਂ ਬਾਅਦ ਵੱਖ ਵੀ ਹੋ ਜਾਵੇ, ਤਾਂ ਵੀ ਸਪਾਂਸਰ ਕਰਨ ਵਾਲੇ ਵਿਅਕਤੀ ਨੂੰ ਤਿੰਨ ਸਾਲ ਤੱਕ ਉਸ ਦੀ ਵਿੱਤੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਜੇ ਸਪਾਂਸਰ ਕੀਤਾ ਵਿਅਕਤੀ ਸਰਕਾਰੀ ਵੈਲਫੇਅਰ ਜਾਂ ਆਰਥਿਕ ਮਦਦ ਲੈਂਦਾ ਹੈ, ਤਾਂ ਸਰਕਾਰ ਉਹ ਰਕਮ ਸਪਾਂਸਰ ਤੋਂ ਵਸੂਲ ਕਰ ਸਕਦੀ ਹੈ। ਜਦ ਤੱਕ ਇਹ ਰਕਮ ਵਾਪਸ ਨਹੀਂ ਕੀਤੀ ਜਾਂਦੀ, ਸਪਾਂਸਰ ਕਿਸੇ ਹੋਰ ਵਿਅਕਤੀ ਨੂੰ ਕੈਨੇਡਾ ਨਹੀਂ ਬੁਲਾ ਸਕੇਗਾ।

**ਜੇਲ੍ਹ ਤੱਕ ਪਹੁੰਚ ਸਕਦਾ ਹੈ ਮਾਮਲਾ**

ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਪੈਸੇ ਲੈ ਕੇ ਫਰਜ਼ੀ ਵਿਆਹ ਕਰਵਾਉਣ ਜਾਂ ਕਰਵਾਉਣ ਵਿੱਚ ਮਦਦ ਕਰਨ ਵਾਲੇ ਕੈਨੇਡੀਅਨ ਨਾਗਰਿਕਾਂ ਖ਼ਿਲਾਫ਼ ਅਪਰਾਧਿਕ ਕਾਰਵਾਈ ਵੀ ਹੋ ਸਕਦੀ ਹੈ। ਅਜਿਹੇ ਮਾਮਲਿਆਂ ਵਿੱਚ ਸਜ਼ਾ ਤੱਕ ਹੋ ਸਕਦੀ ਹੈ।

**ਇੰਝ ਫੜੇ ਜਾਂਦੇ ਹਨ ਫਰਜ਼ੀ ਰਿਸ਼ਤੇ**

IRCC ਨੇ ਦੱਸਿਆ ਕਿ ਉਨ੍ਹਾਂ ਦੇ ਅਧਿਕਾਰੀਆਂ ਨੂੰ ਫਰਜ਼ੀ ਰਿਸ਼ਤਿਆਂ ਦੀ ਪਛਾਣ ਕਰਨ ਲਈ ਖ਼ਾਸ ਸਿਖਲਾਈ ਦਿੱਤੀ ਜਾਂਦੀ ਹੈ। ਵੀਜ਼ਾ ਪ੍ਰਕਿਰਿਆ ਦੌਰਾਨ ਵਿਆਹ ਨਾਲ ਜੁੜੇ ਦਸਤਾਵੇਜ਼, ਤਸਵੀਰਾਂ, ਚੈਟ ਹਿਸਟਰੀ ਅਤੇ ਹੋਰ ਸਬੂਤਾਂ ਦੀ ਧਿਆਨ ਨਾਲ ਜਾਂਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਦੋਵਾਂ ਧਿਰਾਂ ਦੀਆਂ ਵੱਖ-ਵੱਖ ਇੰਟਰਵਿਊਆਂ ਵੀ ਲਈਆਂ ਜਾਂਦੀਆਂ ਹਨ ਤਾਂ ਜੋ ਰਿਸ਼ਤੇ ਦੀ ਸੱਚਾਈ ਦੀ ਪੁਸ਼ਟੀ ਕੀਤੀ ਜਾ ਸਕੇ। ਸਰਕਾਰ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਭਰੋਸੇਯੋਗਤਾ ਬਣਾਈ ਰੱਖਣ ਲਈ ਅਜਿਹੀਆਂ ਧੋਖਾਧੜੀਆਂ ਖ਼ਿਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ।

## ਕੈਨੇਡਾ ਨੇ ਯਾਤਰਾ...

ਨੂੰ 21 ਦਿਨਾਂ ਤੱਕ ਲਾਜ਼ਮੀ ਤੌਰ 'ਤੇ ਆਈਸੋਲੇਸ਼ਨ ਵਿੱਚ ਰਹਿਣਾ ਹੋਵੇਗਾ। ਕੈਨੇਡਾ ਦੇ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਇਹ ਕਦਮ ਸਾਵਧਾਨੀ ਵਜੋਂ ਚੁੱਕਿਆ ਗਿਆ ਹੈ ਅਤੇ ਫਿਲਹਾਲ ਇਹ ਨਿਯਮ 29 ਅਗਸਤ ਤੱਕ ਲਾਗੂ ਰਹੇਗਾ। ਜਿਨ੍ਹਾਂ ਯਾਤਰੀਆਂ ਵਿੱਚ ਬੀਮਾਰੀ ਦੇ ਲੱਛਣ ਪਾਏ ਜਾਣਗੇ, ਉਨ੍ਹਾਂ ਨੂੰ ਤੁਰੰਤ ਹਸਪਤਾਲ ਭੇਜਿਆ ਜਾਵੇਗਾ। ਜਿਨ੍ਹਾਂ ਲੋਕਾਂ ਕੋਲ ਵੱਖਰੇ ਰਹਿਣ ਦਾ ਪ੍ਰਬੰਧ ਨਹੀਂ ਹੋਵੇਗਾ, ਸਰਕਾਰ ਉਨ੍ਹਾਂ ਲਈ ਵਿਸ਼ੇਸ਼ ਜਗ੍ਹਾ ਮੁਹੱਈਆ ਕਰਵਾਏਗੀ।

ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਨੇ ਘੋਸ਼ਣਾ ਕੀਤੀ ਹੈ ਕਿ 30 ਮਈ ਤੋਂ, ਕੈਨੇਡਾ ਦੇ ਨਾਗਰਿਕਾਂ, ਸਥਾਈ ਨਿਵਾਸੀਆਂ ਅਤੇ ਵਿਦੇਸ਼ੀ ਨਾਗਰਿਕਾਂ, ਜਿਨ੍ਹਾਂ ਨੇ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਹੈ ਪਰ ਉਨ੍ਹਾਂ ਵਿੱਚ ਕੋਈ ਲੱਛਣ ਨਹੀਂ ਦਿਖੇ ਹਨ, ਉਨ੍ਹਾਂ ਨੂੰ 21 ਦਿਨਾਂ ਲਈ ਖ਼ੁਦ ਨੂੰ ਆਈਸੋਲੇਟ ਕਰਨਾ ਹੋਵੇਗਾ।

ਇਸ ਤੋਂ ਇਲਾਵਾ ਕੈਨੇਡਾ ਨੇ ਪ੍ਰਭਾਵਿਤ ਦੇਸ਼ਾਂ ਦੇ ਲੋਕਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਅੰਤਿਮ ਫੈਸਲਾ ਵੀ 90 ਦਿਨਾਂ ਲਈ ਰੋਕ ਦਿੱਤਾ ਹੈ। ਵਿਸ਼ਵ ਸਿਹਤ ਸੰਗਠਨ (WHO) ਦੇ ਅਨੁਸਾਰ ਕਾਂਗੋ ਵਿੱਚ ਇਬੋਲਾ ਦੇ 900 ਤੋਂ ਵੱਧ ਸ਼ੱਕੀ ਮਾਮਲੇ ਅਤੇ 220 ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ ਹਨ। ਮਾਹਰਾਂ ਦਾ ਕਹਿਣਾ ਹੈ ਕਿ ਇਹ ਇਨਫੈਕਸ਼ਨ ਆਉਣ ਵਾਲੇ ਕਈ ਮਹੀਨਿਆਂ ਤੱਕ ਜਾਰੀ ਰਹਿ ਸਕਦਾ ਹੈ।

ਦੱਸ ਦਈਏ ਕਿ ਇਬੋਲਾ ਇੱਕ ਗੰਭੀਰ ਸੰਕਰਮਣ ਬੀਮਾਰੀ ਹੈ ਜੋ ਇੱਕ ਵਾਇਰਸ ਦੇ ਕਾਰਨ ਹੁੰਦੀ ਹੈ, ਜਿਸਦੇ ਲੱਛਣਾਂ ਵਿੱਚ ਬੁਖਾਰ, ਥਕਾਵਟ, ਮਾਸਪੇਸ਼ੀਆਂ ਵਿੱਚ ਦਰਦ, ਸਿਰਦਰਦ, ਗਲੇ ਵਿੱਚ ਖ਼ਰਾਸ਼ ਅਤੇ ਸੰਭਵ ਤੌਰ 'ਤੇ ਉਲਟੀਆਂ, ਦਸਤ ਅਤੇ ਕੁਝ ਮਾਮਲਿਆਂ ਵਿੱਚ ਅੰਦਰੂਨੀ ਅਤੇ ਬਾਹਰੀ ਖ਼ੂਨ ਵਹਿਣਾ ਸ਼ਾਮਲ ਹਨ। ਵਿਸ਼ਵ ਸਿਹਤ ਸੰਗਠਨ (WHO) ਦੇ ਅਨੁਸਾਰ, ਇਬੋਲਾ ਦੀ ਮੌਤ ਦਰ ਬਹੁਤ ਜ਼ਿਆਦਾ ਹੈ, ਜੋ ਵਾਇਰਸ ਦੀ ਕਿਸਮ ਅਤੇ ਉਸ ਖੇਤਰ ਵਿੱਚ ਡਾਕਟਰੀ ਸਹਾਇਤਾ ਦੇ ਪੱਧਰ 'ਤੇ ਨਿਰਭਰ ਕਰਦੀ ਹੈ ਜਿੱਥੇ ਇਸਦਾ ਪ੍ਰਕੋਪ ਹੁੰਦਾ ਹੈ।

## ਚੀਨ ਦੀ ਕੋਲਾ...

ਏਜੰਸੀ 'ਸ਼ਿਨਹੂਆ' ਦੇ ਅਨੁਸਾਰ, ਚਾਂਗਜ਼ੀ ਸ਼ਹਿਰ ਦੀ ਲਿਊਸ਼ੇਨਿਊ ਕੋਲਾ ਖਦਾਨ ਵਿੱਚ ਇਹ ਹਾਦਸਾ ਸ਼ੁੱਕਰਵਾਰ ਦੇਰ ਸ਼ਾਮ ਵਾਪਰਿਆ। ਜਾਣਕਾਰੀ ਮੁਤਾਬਕ ਹਾਦਸੇ ਦੇ ਸਮੇਂ ਕਰੀਬ 247 ਮਜ਼ਦੂਰ ਇਸ ਖਾਣ ਵਿੱਚ ਕੰਮ ਕਰ ਰਹੇ ਸਨ। ਸ਼ਿਨਹੂਆ ਅਨੁਸਾਰ ਹਾਦਸੇ ਦੇ ਸਮੇਂ ਲਗਭਗ 247 ਮਜ਼ਦੂਰ ਖਾਣ ਦੇ ਹੇਠਾਂ ਫਸੇ ਹੋਏ ਸਨ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਲਾਪਤਾ ਮਜ਼ਦੂਰਾਂ ਦੇ ਬਚਾਅ ਲਈ ਪੂਰੀ ਤਾਕਤ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਦੱਸ ਦਈਏ ਕਿ ਸ਼ਾਨਸ਼ੀ ਪ੍ਰਾਂਤ ਨੂੰ ਚੀਨ ਦਾ ਮੁੱਖ ਕੋਲਾ ਉਤਪਾਦਕ ਸੂਬਾ ਮੰਨਿਆ ਜਾਂਦਾ ਹੈ। ਯੂਨਾਨ ਤੋਂ ਵੀ ਵੱਡੇ ਇਸ ਸੂਬੇ ਦੀ ਆਬਾਦੀ ਕਰੀਬ ਤਿੰਨ ਕਰੋੜ 40 ਲੱਖ ਹੈ। ਪਿਛਲੇ ਸਾਲ ਇੱਥੇ 1.3 ਅਰਬ ਟਨ ਕੋਲੇ ਦੀ ਖੁਦਾਈ ਕੀਤੀ ਗਈ, ਜੋ ਚੀਨ ਦੇ ਕੁੱਲ ਉਤਪਾਦਨ ਦਾ ਲਗਭਗ ਇੱਕ ਤਿਹਾਈ ਹਿੱਸਾ ਹੈ।

ਕੋਲੇ ਦੀਆਂ ਖਾਣਾਂ ਵਿੱਚ ਖ਼ਤਰਨਾਕ ਅਤੇ ਜ਼ਹਿਰੀਲੀਆਂ ਗੈਸਾਂ ਦੇ ਰਿਸਾਅ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਉੱਥੇ ਹੀ ਮਜ਼ਦੂਰ ਹਨੇਰੀਆਂ-ਡੂੰਘੀਆਂ ਅਤੇ ਗੁਫ਼ਾ ਵਰਗੀਆਂ ਤੰਗ ਖਾਣਾਂ ਵਿੱਚ ਆਪਣੀ ਜਾਨ ਦੀ ਬਾਜ਼ੀ ਲਗਾ ਕੇ ਖੁਦਾਈ ਦਾ ਕੰਮ ਕਰਦੇ ਹਨ। ਬੀਤੇ ਦਿਨੀਂ ਬੰਗਾਲ ਦੇ ਬਰਧਮਾਨ ਜ਼ਿਲ੍ਹੇ ਵਿੱਚ ਵੀ 'ਈਸਟਰਨ ਕੋਲਫੀਲਡਜ਼ ਲਿਮਟਿਡ' ਦੀ ਪਰਾਸੀਆ ਕੋਲੀਅਰੀ ਵਿੱਚ ਧਮਾਕਾ ਹੋ ਗਿਆ ਸੀ, ਜਿਸ ਵਿੱਚ ਇੱਕ ਮਜ਼ਦੂਰ ਦੀ ਮੌਤ ਹੋ ਗਈ ਸੀ ਅਤੇ 11 ਲੋਕ ਜ਼ਖ਼ਮੀ ਹੋ ਗਏ ਸਨ।

## ਕੈਨੇਡਾ 'ਚ ਟਰੱਕ...

ਡੇਵ ਅਰਲ ਨੇ ਬਿਲ ਦਾ ਸਵਾਗਤ ਕਰਦਿਆਂ ਕਿਹਾ ਕਿ ਤਕਰੀਬਨ 75 ਫ਼ੀ ਸਦੀ ਟਰੱਕ ਡਰਾਈਵਰ ਪਹਿਲਾਂ ਹੀ ਡੈਸ਼ਕੈਮ ਦੀ ਵਰਤੋਂ ਕਰ ਰਹੇ ਹਨ ਪਰ ਇਹ ਨਿਯਮ ਕੌਮੀ ਪੱਧਰ 'ਤੇ ਵੀ ਲਾਗੂ ਹੋਣਾ ਚਾਹੀਦਾ ਹੈ। ਦੱਸ ਦੇਈਏ ਕਿ ਬੀ.ਸੀ. ਵਿਧਾਨ ਸਭਾ ਵਿਚ ਪਾਸ ਹੋਇਆ ਬਿਲ ਟਰੱਕ ਡਰਾਈਵਰਾਂ ਨੂੰ ਕੈਬਿਨ ਅੰਦਰਲੇ ਹਾਲਾਤ ਰਿਕਾਰਡ ਕਰਨ ਵਾਸਤੇ ਮਜਬੂਰ ਨਹੀਂ ਕਰਦਾ। ਪ੍ਰਾਈਵੇਸੀ ਕਾਰਨਾਂ ਕਰ ਕੇ ਕੈਬਿਨ ਅੰਦਰਲੀਆਂ ਤਸਵੀਰਾਂ ਪੇਸ਼ ਕਰਦਾ ਡੈਸ਼ਕੈਮ ਲਾਜ਼ਮੀ ਨਹੀਂ ਹੋਵੇਗਾ। ਵੌਰਡ ਸਟੈਮਰ ਨੇ ਸਭ ਤੋਂ ਪਹਿਲਾਂ 2023 ਵਿਚ ਡੈਸ਼ਕੈਮ ਲਾਜ਼ਮੀ ਕੀਤੇ ਜਾਣ ਦੀ ਆਵਾਜ਼ ਉਠਾਈ ਅਤੇ ਕਈ ਸ਼ਹਿਰਾਂ ਤੇ ਕਸਬਿਆਂ ਦੇ ਮੇਅਰ ਉਨ੍ਹਾਂ ਦੇ ਹੱਕ ਵਿਚ ਆ ਗਏ ਜਦਕਿ ਦੂਜੇ ਪਾਸੇ ਬੀ.ਸੀ. ਟ੍ਰਕਿੰਗ ਐਸੋਸੀਏਸ਼ਨ ਨੇ ਕਿਹਾ ਕਿ ਟਰੱਕਾਂ ਦੀ ਸ਼ਮੂਲੀਅਤ ਵਾਲੇ 75 ਤੋਂ 80 ਫ਼ੀ ਸਦੀ ਹਾਦਸਿਆਂ ਵਿਚ ਕਮਰਸ਼ੀਅਲ ਡਰਾਈਵਰਾਂ ਦਾ ਕੋਈ ਕਸੂਰ ਨਹੀਂ ਹੁੰਦਾ ਜਿਸ ਦੇ ਮੱਦੇਨਜ਼ਰ ਨਵੇਂ ਨਿਯਮ ਨਾਲ ਟਰੱਕ ਡਰਾਈਵਰਾਂ ਨੂੰ ਹੀ ਫਾਇਦਾ ਹੋਵੇਗਾ। ਕੈਮਲੂਪਸ-ਨੌਰਥ ਥੌਂਪਸਨ ਤੋਂ ਵਿਧਾਇਕ ਵੌਰਡ ਸਟਾਰਮਰ ਦਾ ਮੰਨਣਾ ਹੈ ਕਿ ਚੰਗੀ ਸੋਚ ਕਿਸੇ ਇਕ ਪਾਰਟੀ ਤੱਕ ਸੀਮਤ ਨਹੀਂ ਹੁੰਦੀ ਅਤੇ ਇਸੇ ਕਰ ਕੇ ਪਾਰਟੀ ਹੱਦਾਂ ਤੋਂ ਉਪਰ ਉਠ ਕੇ ਵਿਧਾਇਕਾਂ ਨੇ ਸਰਬਸੰਮਤੀ ਨਾਲ ਬਿਲ ਪਾਸ ਕਰ ਦਿਤਾ।

## ਕੈਨੇਡਾ ਦੀ ਮਾਰਕ...

ਕੀਤੀ ਅਤੇ ਫਿਰ 'ਦਾ ਗਲੋਬ ਐਂਡ ਮੇਲ' ਵੱਲੋਂ ਵੀ ਲਿਬਰਲ ਪਾਰਟੀ ਦੇ ਅੰਦਰੂਨੀ ਸੂਤਰਾਂ ਦੇ ਹਵਾਲੇ ਨਾਲ ਸਿਆਸੀ ਖੜਕੇ ਦੜਕੇ ਦੀ ਤਸਦੀਕ ਕਰ ਦਿਤੀ ਗਈ। ਫ਼ਿਲਹਾਲ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਇਸ ਘਟਨਾਕ੍ਰਮ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਗਈ ਪਰ ਸਟੀਵਨ ਗਿਲਬੋਅ ਅੱਜ ਸੰਸਦ ਵਿਚ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਚੇਤੇ ਰਹੇ ਕਿ ਗਿਲਬੋਅ ਨੇ ਵਾਤਾਵਰਣ ਨਾਲ ਸਬੰਧਤ ਨੀਤੀਆਂ ਕਰ ਕੇ ਹੀ ਕੈਬਨਿਟ ਮੰਤਰੀ ਦਾ ਅਹੁਦਾ ਛੱਡਿਆ ਅਤੇ ਹੁਣ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਸਬਕ ਸਿਖਾਉਣਾ ਚਾਹੁੰਦੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਭਾਵੇਂ ਲਿਬਰਲ ਪਾਰਟੀ ਗਿਲਬੋਅ ਦੇ ਪਾਰਲੀਮਾਨੀ ਹਲਕੇ ਵਿਚ ਜ਼ਿਮਨੀ ਚੋਣ ਕਰਵਾ ਕੇ ਮੁੜ ਸੀਟ ਹਾਸਲ ਕਰ ਸਕਦੀ ਹੈ ਪਰ ਸਿਆਸੀ ਬਗਾਵਤ ਦਾ ਕੋਈ ਤੋੜ ਲੱਭਣਾ ਮੁਸ਼ਕਲ ਹੋ ਜਾਵੇਗਾ। ਕੈਨੇਡੀਅਨ ਸਿਆਸਤ ਵਿਚ ਸਟੀਵਨ ਗਿਲਬੋਅ ਦਾ ਕੱਦ ਉਚਾ ਮੰਨਿਆ ਜਾਂਦਾ ਹੈ ਅਤੇ ਤੇਲ ਉਦਯੋਗ ਦਾ ਵਿਰੋਧੀ ਹੋਣ ਕਰ ਕੇ ਉਨ੍ਹਾਂ ਦੇ ਹਮਾਇਤੀਆਂ ਦੀ ਕੋਈ ਕਮੀ ਨਹੀਂ। ਗਿਲਬੋਅ ਦੀ ਵਿਦਾਇਗੀ ਮਗਰੋਂ ਹਾਊਸ ਆਫ਼ ਕਾਮਨਜ਼ ਵਿਚ ਸੱਤਾ ਦਾ ਤਵਾਜ਼ਨ ਵਿਗੜਨਾ ਸ਼ੁਰੂ ਹੋ ਜਾਵੇਗਾ।

ਭਾਵੇਂ ਮਾਰਕ ਕਾਰਨੀ ਸਰਕਾਰ ਵਾਸਤੇ ਤੁਰਤ ਕੋਈ ਖ਼ਤਰਾ ਨਹੀਂ ਪਰ ਵਿਰੋਧੀ ਧਿਰ ਵੀ ਆਪਣੇ ਐਮ.ਪੀ. ਤੋੜਨ ਦਾ ਬਦਲਾ ਜ਼ਰੂਰ ਲੈਣਾ ਚਾਹੇਗੀ। ਮੰਗਲਵਾਰ ਨੂੰ ਪਾਰਲੀਮੈਂਟ ਹਿਲ ਵਿਖੇ ਕਿਸੇ ਵੀ ਮੰਤਰੀ ਜਾਂ ਲਿਬਰਲ ਐਮ.ਪੀ. ਨੇ ਸਟੀਵਨ ਗਿਲਬੋਅ ਦੀ ਨਿਖੇਧੀ ਕਰਨ ਦਾ ਪਰਹੇਜ਼ ਕੀਤਾ ਅਤੇ ਸੱਤ ਸਾਲ ਤੋਂ ਸਰਕਾਰ ਵਿਚ ਕੀਤੇ ਕੰਮਾਂ ਦੀ ਸ਼ਲਾਘਾ ਹੀ ਕੀਤੀ। ਕੈਨੇਡਾ ਦੇ ਹਾਊਸਿੰਗ ਮੰਤਰੀ ਗ੍ਰੈਗਰ 2016 ਵਿਚ ਟ੍ਰਾਂਸ ਮਾਊਂਟੇਨ ਪਾਈਪਲਾਈਨ ਦਾ ਵਿਰੋਧ ਕਰ ਚੁੱਕੇ ਹਨ ਜਦੋਂ ਉਹ ਵੈਨਕੂਵਰ ਦੇ ਮੇਅਰ ਹੁੰਦੇ ਸਨ। ਪੱਤਰਕਾਰ ਨੇ ਮੰਗਲਵਾਰ ਨੂੰ ਪਾਈਪਲਾਈਨ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਫ਼ਿਲਹਾਲ ਕੋਈ ਤਜਵੀਜ਼ ਸਾਹਮਣੇ ਨਹੀਂ ਆਈ। ਦੂਜੇ ਪਾਸੇ ਗਰੀਨ ਪਾਰਟੀ ਦੀ ਆਗੂ ਐਲਿਜ਼ਾਬੈਥ ਮੇਅ ਨੇ ਕਿਹਾ ਕਿ ਪਿਛਲੇ ਕੁਝ ਹਫ਼ਤਿਆਂ ਦੌਰਾਨ ਨੀਤੀਆਂ ਵਿਚ ਧੜਾ-ਧੜ ਤਬਦੀਲੀਆਂ ਵੇਖ ਕੇ ਉਹ ਹੈਰਾਨ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਲੱਖਾਂ ਕੈਨੇਡੀਅਨਜ਼ ਬਾਰੇ ਸੋਚਣਾ ਚਾਹੀਦਾ ਹੈ ਜਿਨ੍ਹਾਂ ਨੇ ਵਾਤਾਵਰਣ ਨੀਤੀਆਂ 'ਤੇ ਵਿਸ਼ਵਾਸ ਕਰਦਿਆਂ ਲਿਬਰਲ ਪਾਰਟੀ ਨੂੰ ਚੁਣਿਆ ਪਰ ਹੁਣ ਸਿੱਧੇ ਤੌਰ 'ਤੇ ਦਗਾ ਕੀਤਾ ਜਾ ਰਿਹਾ ਹੈ।

## ਕੈਨੇਡਾ ਦੇ ਜੰਗਲ 'ਚੋਂ...

ਵਿਲੇਟ ਸਟਰੀਟ ਸਥਿਤ ਅਪਾਰਟਮੈਂਟ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ। ਜਾਂਚ ਦੌਰਾਨ ਚਾਰ ਲੋਕਾਂ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਵੀ ਕੀਤੀ ਗਈ। ਹਫ਼ਤੇ ਦੇ ਅਖੀਰ ਤੱਕ 60 ਤੋਂ ਵੱਧ ਖੋਜ ਅਤੇ ਬਚਾਅ ਕਰਮਚਾਰੀ ਬੱਚੇ ਦੀ ਭਾਲ ਵਿੱਚ ਜੁਟੇ ਰਹੇ।

**ਜੰਗਲੀ ਇਲਾਕੇ 'ਚ ਮਿਲੇ ਬੱਚੇ ਦੇ ਅਵਸ਼ੇਸ਼**

ਪੁਲਿਸ ਨੂੰ ਪੁੱਛਗਿੱਛ ਦੌਰਾਨ ਇੱਕ ਹੋਰ ਥਾਂ ਬਾਰੇ ਜਾਣਕਾਰੀ ਮਿਲੀ। ਇਸ ਤੋਂ ਬਾਅਦ ਐਤਵਾਰ ਦੁਪਹਿਰ ਗੁੱਡਵੁੱਡ ਇਲਾਕੇ ਦੇ ਇੱਕ ਜੰਗਲੀ ਖੇਤਰ ਵਿੱਚ ਨਵਜੰਮੇ ਬੱਚੇ ਦੇ ਅਵਸ਼ੇਸ਼ ਬਰਾਮਦ ਕੀਤੇ ਗਏ। ਇਹ ਥਾਂ ਉਸ ਅਪਾਰਟਮੈਂਟ ਤੋਂ ਲਗਭਗ 10 ਕਿਲੋਮੀਟਰ ਦੂਰ ਦੱਸੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਨੇ ਇਸ ਘਟਨਾ ਨੂੰ ਬਹੁਤ ਹੀ ਦੁਖਦਾਈ ਕਰਾਰ ਦਿੱਤਾ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ ਅਤੇ ਹੋਰ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਜਾਂਚ ਅੱਗੇ ਵਧਣ ਨਾਲ ਹੋਰ ਦੋਸ਼ ਵੀ ਜੋੜੇ ਜਾ ਸਕਦੇ ਹਨ।

**ਮੌਤ ਦੇ ਕਾਰਨਾਂ ਦੀ ਜਾਂਚ ਜਾਰੀ**

ਮਾਂ ਦੀ ਹਾਲਤ ਸੋਮਵਾਰ ਤੱਕ ਵੀ ਨਾਜ਼ੁਕ ਬਣੀ ਹੋਈ ਸੀ। ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਉਸ ਦੀ ਸਿਹਤ ਕਿਸੇ ਹਿੰਸਕ ਘਟਨਾ ਨਾਲ ਸਬੰਧਤ ਨਹੀਂ ਮੰਨੀ ਜਾ ਰਹੀ। ਇਸ ਦੌਰਾਨ ਮੈਡੀਕਲ ਜਾਂਚ ਰਾਹੀਂ ਬੱਚੇ ਦੀ ਪਛਾਣ ਅਤੇ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪੁਲਿਸ ਨੇ ਕਿਹਾ ਕਿ ਇਹ ਮਾਮਲਾ ਜਾਂਚ ਅਧਿਕਾਰੀਆਂ ਅਤੇ ਭਾਈਚਾਰੇ ਲਈ ਬਹੁਤ ਹੀ ਭਾਵੁਕ ਅਤੇ ਪਰੇਸ਼ਾਨ ਕਰਨ ਵਾਲਾ ਹੈ, ਖ਼ਾਸ ਕਰਕੇ ਉਨ੍ਹਾਂ ਲਈ ਜੋ ਖੁਦ ਮਾਪੇ ਹਨ। ਜਾਂਚ ਟੀਮ ਪੂਰੀ ਤਨਦੇਹੀ ਨਾਲ ਸੱਚ ਸਾਹਮਣੇ ਲਿਆਉਣ ਲਈ ਕੰਮ ਕਰ ਰਹੀ ਹੈ।

## ਪੀਲ ਪੁਲਿਸ ਦੀ...

ਕੇਂਦਰ (ਫਿਨਟ੍ਰੈਕ) ਸ਼ਾਮਲ ਸਨ। ਕਈ ਕਾਰੋਬਾਰਾਂ, ਜਿਨ੍ਹਾਂ ਵਿੱਚ ਰੈਸਟੋਰੈਂਟ ਅਤੇ ਟਰੱਕਿੰਗ ਕੰਪਨੀਆਂ ਸ਼ਾਮਲ ਹਨ, ਨੂੰ ਜਬਰੀ ਵਸੂਲੀ ਦੀਆਂ ਮੰਗਾਂ ਨਾ ਮੰਨਣ ਤੋਂ ਬਾਅਦ ਵਾਰ-ਵਾਰ ਨਿਸ਼ਾਨਾ ਬਣਾਇਆ ਗਿਆ ਸੀ, ਜਿਹੜੀ ਇਸ ਨੈਟਵਰਕ ਦੀ ਦ੍ਰਿੜਤਾ ਅਤੇ ਵਧਦੀ ਹਿੰਸਕ ਚਾਲਾਂ ਨੂੰ ਦਰਸਾਉਂਦੀ ਸੀ। ਕੁੱਲ ਮਿਲਾ ਕੇ 17 ਦੋਸ਼ੀ 24 ਵਾਰਦਾਤਾਂ ਲਈ ਦੋਸ਼ੀ ਪਾਏ ਗਏ ਹਨ। ਜਾਂਚ ਏਜੰਸੀਆਂ ਨੇ ਇਨ੍ਹਾਂ ਵਿੱਚੋਂ 16 ਹਿੰਸਕ ਘਟਨਾਵਾਂ ਨੂੰ ਫਾਰ ਬ੍ਰਦਰਜ਼ ਨਾਲ ਜੋੜਿਆ, ਜਿਸ ਵਿੱਚ ਅੱਗਜ਼ਨੀ ਅਤੇ ਕਈ ਗੋਲੀਬਾਰੀ ਦੀਆਂ ਵਾਰਦਾਤਾਂ ਵੀ ਸ਼ਾਮਲ ਸਨ ਜਿਨ੍ਹਾਂ ਵਿੱਚ 324 ਰਾਊਂਡ ਡਿਸਚਾਰਜ ਕੀਤੇ ਗਏ ਸਨ। 17 ਗ੍ਰਿਫਤਾਰੀਆਂ ਅਤੇ 106 ਅਪਰਾਧਿਕ ਦੋਸ਼: ਅਪ੍ਰੈਲ 2026 ਵਿੱਚ, ਜਾਂਚ ਏਜੰਸੀਆਂ ਨੇ ਕਈ ਥਾਵਾਂ ਛੱਪੇਮਾਰੀ ਦੀ ਇੱਕ ਲੜੀ ਚਲਾਈ ਜਿਸ ਤਹਿਤ ਹੇਠਾਂ ਦਿੱਤੇ 17 ਬੰਦਿਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ 'ਤੇ ਕੁੱਲ 106 ਅਪਰਾਧਿਕ ਦੋਸ਼ ਲਾਏ ਗਏ ਹਨ:

ਇਨ੍ਹਾਂ ਵਿੱਚੋ 12 ਬਰੈਂਪਟਨ ਦੇ ਰਹਿਣ ਵਾਲੇ ਹਨ: ਇਕਬਾਲ ਸਿੰਘ ਭਾਗਰੀਆ 25 ਸਾਲ, ਦਿਲਾਵਰਪ੍ਰੀਤ ਸਿੰਘ 26 ਸਾਲ, ਮਨਦੀਪ ਸਿੰਘ, 21 ਸਾਲ, 22 ਸਾਲਾ ਪ੍ਰਭਦੀਪ ਸੋਹਲ, 22 ਸਾਲਾ ਪ੍ਰਤਾਪਬੀਰ ਘੁੰਮਣ, ਅਜੈਦੀਪ ਸਿੰਘ, 29 ਸਾਲ, ਨਵਰੂਪ ਸਿੰਘ, 24 ਸਾਲ, 22 ਸਾਲਾ ਅੰਮ੍ਰਿਤਜੋਤ ਸਿੰਘ, 22 ਸਾਲਾ ਜਸ਼ਨਪ੍ਰੀਤ ਸਿੰਘ, 27 ਸਾਲਾ ਗੁਨੀਤ ਗੁਨੀਤ, 32 ਸਾਲਾ ਸੁਖਵਿੰਦਰ ਸਿੰਘ, 30 ਸਾਲਾ ਮਹਿੰਦਰ ਸਿੰਘ, ਅਕਾਸ਼ਦੀਪ ਸਿੰਘ (24) ਨਾਰਵਾਲ, ਉਨਟੇਰੀਓ, ਦੋ ਸਰੀ ਬੀ.ਸ ੀਦੇ ਰਵਿੰਦਰ ਸਿੰਘ (25), ਜਸ਼ਨਬੀਰ ਸਿੰਘ (21), ਇੱਕ ਬੈਰੀ ਦਾ 28 ਸਾਲਾ ਰਾਜਨ ਸਿੰਘ ਅਤੇ ਗੌਤਮ ਗੌਤਮ, 22 ਸਾਲ ਮਾਨਟੇਕਾ, ਕੈਲੇਫੋਰਨੀਆ ਦਾ ਰਹਿਣ ਵਾਲਾ ਦੱਸਿਆ ਗਿਆ ਹੈ। ਪੀਲ ਰੀਜਨਲ ਪੁਲਿਸ ਦੁਆਰਾ ਚਾਰਜ ਕੀਤੇ ਗਏ ਛੇ ਵਿਅਕਤੀਆਂ ਨੂੰ ਇਮੀਗ੍ਰੇਸ਼ਨ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿੱਚ ਉਨ੍ਹਾਂ ਦੇ ਅਪਰਾਧਿਕ ਕੇਸਾਂ ਦੇ ਖਤਮ ਹੋਣ ਤੋਂ ਬਾਅਦ ਦੇਸ਼ ਤੋਂ ਸੰਭਾਵਿਤ ਤੌਰ 'ਤੇ ਕੱਢਣਾ ਵੀ ਸ਼ਾਮਲ ਹੈ। ਵੱਖਰੇ ਤੌਰ 'ਤੇ, ਸੀਬੀਐਸਏ ਨੇ ਇਮੀਗ੍ਰੇਸ਼ਨ-ਸਬੰਧਤ ਅਯੋਗਤਾ ਲਈ ਛੇ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ। ਸੀਬੀਐਸਏ ਦੁਆਰਾ ਗ੍ਰਿਫਤਾਰ ਕੀਤੇ ਗਏ ਅਤੇ ਨਜ਼ਰਬੰਦ ਕੀਤੇ ਗਏ ਵਿਅਕਤੀਆਂ ਲਈ, ਤਿੰਨ ਵਿਅਕਤੀਆਂ ਨੂੰ ਹਟਾ ਦਿੱਤਾ ਗਿਆ ਹੈ, ਦੋ ਸੀਬੀਐਸਏ ਹਿਰਾਸਤ ਵਿੱਚ ਹਨ, ਅਤੇ ਇੱਕ ਨੂੰ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਦੁਆਰਾ ਸ਼ਰਤਾਂ 'ਤੇ ਰਿਹਾਅ ਕੀਤਾ ਗਿਆ ਹੈ। ਪੀਲ ਰੀਜਨਲ ਪੁਲਿਸ ਇਸ ਜਾਂਚ ਵਿੱਚ ਸਹਾਇਤਾ ਲਈ ਸੀਬੀਐਸਏ, ਓਪੀਪੀ, ਸਰੀ ਪੁਲਿਸ ਸਰਵਿਸ, ਐਡਮੰਟਨ ਪੁਲਿਸ ਸਰਵਿਸ ਅਤੇ ਐਫਬੀਆਈ ਦਾ ਧੰਨਵਾਦ ਕਰਦੀ ਹੈ। ਪੀਲ ਰੀਜਨਲ ਪੁਲਿਸ ਉਹਨਾਂ ਦੀ ਚੱਲ ਰਹੀ ਜਾਂਚ ਵਿੱਚ ਸਹਾਇਤਾ ਲਈ ਫਿਨਟ੍ਰੈਕ ਦਾ ਵੀ ਧੰਨਵਾਦ ਕਰਦੀ ਹੈ। 2023 ਤੋਂ ਐਕਸਟੌਰਸ਼ਨ ਟਾਸਕ ਫੋਰਸ ਦੇ ਕੰਮ ਰਾਹੀਂ, ਪੀਲ ਰੀਜਨਲ ਪੁਲਿਸ ਸਰਗਰਮੀ ਨਾਲ ਹਿੰਸਕ ਜਬਰੀ ਵਸੂਲੀ ਦੀਆਂ ਘਟਨਾਵਾਂ ਘੋਖ ਕਰ ਰਹੀ ਹੈ, ਜਿਸ ਵਿੱਚ ਧਮਕੀਆਂ, ਵਿੱਤੀ ਮੰਗਾਂ, ਅਤੇ ਗੋਲੀਬਾਰੀ ਅਤੇ ਅੱਗਜ਼ਨੀ ਵਰਗੀਆਂ ਹਿੰਸਾ ਦੀਆਂ ਕਾਰਵਾਈਆਂ ਸ਼ਾਮਲ ਹਨ, ਜੋ ਕਮਿਊਨਿਟੀ ਸੁਰੱਖਿਆ ਪ੍ਰਤੀ ਸਾਡੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
19 Woodbine Downs Blvd., Suite#201, Etobicoke, ON. M9W 6N5
The Mortgage Centre
Jaspal Singh Gahunia # M08006400 Lic # 10686

Best Bargain Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Made Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਕੈਲੇਫੋਰਨੀਆ 'ਚ ICE ਨੇ 33000 ਪ੍ਰਵਾਸੀਆਂ 'ਤੇ ਲਾਇਆ ਡਿਟੇਨਰ

## * ਅਮਨ ਕੁਮਾਰ ਨੂੰ ਹਿੱਟ ਐਂਡ ਰਨ ਮਾਮਲੇ 'ਚ ਕੀਤਾ ਜਾ ਰਿਹਾ ਡਿਪੋਰਟ

## * ਕੈਨੇਡਾ ਦੇ ਐਲਬਰਟਾ 'ਚ ਜਸਵਿੰਦਰ ਨਾਥ ਗ੍ਰਿਫ਼ਤਾਰ



ਸੈਕਰਾਮੈਂਟੋ/ਐਡਮਿੰਟਨ : ਕੈਲੇਫੋਰਨੀਆ ਵਿਚ 33 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀਆਂ 'ਤੇ ਡਿਟੇਨਰ ਲਾਗੂ ਹੋਣ ਦਾ ਦਾਅਵਾ ਕਰਦਿਆਂ ਆਈਸ ਏਜੰਟਾਂ ਨੇ ਭਾਰਤੀ ਨਾਗਰਿਕ ਅਮਨ ਕੁਮਾਰ ਨੂੰ ਹਿਰਾਸਤ ਵਿਚ ਲੈ ਲਿਆ ਜਸਿ ਨੂੰ ਜਲਦ ਡਿਪੋਰਟ ਕੀਤਾ ਜਾ ਰਿਹਾ ਹੈ। 30 ਸਾਲਾ ਅਮਨ ਕੁਮਾਰ ਨੂੰ ਹਿਟ ਐਂਡ ਰਨ ਦੇ ਇਕ ਮਾਮਲੇ ਵਿਚ ਨਾਮਜ਼ਦ ਕੀਤੇ ਜਾਣ ਮਗਰੋਂ ਫਰਿਜ਼ਨੋ ਦੇ ਸ਼ੈਰਿਫ਼ ਦਫ਼ਤਰ ਤੋਂ ਕਾਬੂ ਕੀਤਾ ਗਿਆ ਹੈ। ਆਈਸ ਵੱਲੋਂ ਜਾਰੀ ਬਿਆਨ ਮੁਤਾਬਕ ਅਮਨ ਕੁਮਾਰ ਵੱਲੋਂ ਕੀਤੇ ਹਾਦਸੇ ਦੌਰਾਨ 4 ਸਾਲਾ ਬੱਚਾ ਗੰਭੀਰ ਜ਼ਖ਼ਮੀ ਹੋਇਆ।

ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਵੇਰਵਿਆਂ ਮੁਤਾਬਕ ਅਮਨ ਕੁਮਾਰ 2023 ਵਿਚ ਕੈਲੇਫੋਰਨੀਆ ਦੇ ਰਸਤੇ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖ਼ਲ ਹੋਇਆ ਅਤੇ ਬਾਇਡਨ ਸਰਕਾਰ ਨੇ ਉਸ ਨੂੰ ਪੈਰੋਲ 'ਤੇ ਰਿਹਾਅ ਕਰ ਦਿਤਾ। ਦੂਜੇ ਪਾਸੇ ਐਡਮਿੰਟਨ ਦੇ 34 ਸਾਲਾ ਜਸਵਿੰਦਰ ਨਾਥ ਨੂੰ ਬੱਚਿਆਂ ਨੂੰ ਵਰਗਲਾਉਣ ਅਤੇ ਗਲਤ ਤਰੀਕੇ ਨਾਲ ਛੋਹਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕਰਦਿਆਂ ਦੋਸ਼ ਆਇਦ ਕੀਤੇ ਗਏ ਹਨ। ਐਲਬਰਟਾ ਦੇ ਮੌਰਿਨਵਿਲ ਇਲਾਕੇ ਦੀ ਆਰ.ਸੀ.ਐਮ.ਪੀ. ਨੇ ਦੱਸਿਆ ਕਿ ਜਸਵਿੰਦਰ ਨਾਥ ਵਿਰੁੱਧ ਨਵੰਬਰ ਵਿਚ ਸ਼ਿਕਾਇਤ ਮਿਲੀ ਅਤੇ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਇਕ ਸ਼ਖਸ ਸਨੈਪਚੈਟ ਰਾਹੀਂ ਬੱਚਿਆਂ ਵਰਗਲਾਉਣ ਦੇ ਯਤਨ ਕਰਦਾ ਹੈ।

ਜਸਵਿੰਦਰ ਨਾਥ ਨੂੰ ਗ੍ਰਿਫ਼ਤਾਰ ਕਰਦਿਆਂ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਸ਼ਰਤਾਂ 'ਤੇ ਆਧਾਰਤ ਜ਼ਮਾਨਤ ਮਿਲ ਗਈ। ਆਰ.ਸੀ.ਐਮ.ਪੀ. ਦਾ ਮੰਨਣਾ ਹੈ ਕਿ ਪੀੜਤਾਂ ਦੀ ਗਿਣਤੀ ਜ਼ਿਆਦਾ ਹੋ ਸਕਦੀ ਹੈ ਕਿਉਂਕਿ ਜਸਵਿੰਦਰ ਨਾਥ ਨੇ ਕਈ ਸਨੈਪਚੈਟ ਹੈਂਡਲ ਬਣਾਏ ਹੋਏ ਹਨ। ਮੌਰਿਨਵਿਲ ਕਸਬਾ ਐਡਮਿੰਟਨ ਤੋਂ 25 ਕਿਲੋਮੀਟਰ ਉਤਰ ਵੱਲ ਹੈ ਅਤੇ ਪੁਲਿਸ ਨੇ ਲੋਕਾਂ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਮਾਮਲੇ ਨਾਲ ਸਬੰਧਤ ਕੋਈ ਜਾਣਕਾਰੀ ਹੋਵੇ ਤਾਂ 780 939 4520 'ਤੇ ਸੰਪਰਕ ਕੀਤਾ ਜਾਵੇ।

# ਵਾਸ਼ਿੰਗਟਨ: ਪੇਪਰ ਮਿੱਲ 'ਚ ਕੈਮੀਕਲ ਟੈਂਕ ਫਟਿਆ, ਕਈ ਲੋਕ ਬੁਰੀ ਤਰਾਂ ਝੁਲਸੇ



ਵਾਸ਼ਿੰਗਟਨ: ਅਮਰੀਕਾ ਦੇ ਵਾਸ਼ਿੰਗਟਨ 'ਚ ਇੱਕ ਪੇਪਰ ਅਤੇ ਪਲਪ ਮਿੱਲ ਵਿੱਚ ਇੱਕ ਵੱਡਾ ਹਾਦਸਾ ਵਾਪਰ ਗਿਆ। ਮੰਗਲਵਾਰ ਸਵੇਰੇ ਇੱਕ ਕੈਮੀਕਲ ਟੈਂਕ ਦੇ ਅਚਾਨਕ ਫਟਣ ਕਾਰਨ ਕਈ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਕਈ ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਹਾਦਸੇ ਤੋਂ ਬਾਅਦ ਪੂਰੇ ਇਲਾਕੇ ਵਿੱਚ ਹਫੜਾ ਦਫੜੀ ਮਚ ਗਈ। ਅਧਿਕਾਰੀਆਂ ਦੇ ਮੁਤਾਬਕ, ਟੈਂਕ ਵਿੱਚ ਬੇਹੱਦ ਖ਼ਤਰਨਾਕ ਰਸਾਇਣ ਭਰਿਆ ਹੋਇਆ ਸੀ, ਜਿਸ ਦੇ ਫਟਣ ਤੋਂ ਬਾਅਦ ਜ਼ਹਿਰੀਲੀ ਗੈਸ ਅਤੇ ਕੈਮੀਕਲ ਆਲੇ-ਦੁਆਲੇ ਫੈਲ ਗਿਆ। ਰਾਹਤ ਅਤੇ ਬਚਾਅ ਟੀਮਾਂ ਨੂੰ ਤੁਰੰਤ ਮੌਕੇ 'ਤੇ ਭੇਜਿਆ ਗਿਆ ਅਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ।

ਇਹ ਹਾਦਸਾ ਲੌਂਗਵਿਊ ਇਲਾਕੇ ਵਿੱਚ ਸਥਿਤ ਨਿੱਪਨ ਡਾਇਨਾਵੇਵ ਪੈਕੇਜਿੰਗ ਕੰਪਨੀ ਦੀ ਮਿੱਲ ਵਿੱਚ ਵਾਪਰਿਆ। ਕੰਪਨੀ ਅਤੇ ਸਥਾਨਕ ਪ੍ਰਸ਼ਾਸਨ ਨੇ ਇੱਕ ਸਾਂਝੇ ਬਿਆਨ ਵਿੱਚ ਦੱਸਿਆ ਕਿ ਇੱਕ ਵੱਡੇ ਕੈਮੀਕਲ ਟੈਂਕ ਵਿੱਚ ਅਚਾਨਕ ਧਮਾਕੇ ਵਰਗਾ ਦਬਾਅ ਬਣਿਆ ਅਤੇ ਉਹ ਅੰਦਰ ਵੱਲ ਧੱਸ ਗਿਆ। ਇਸ ਹਾਦਸੇ ਵਿੱਚ ਕਈ ਲੋਕਾਂ ਦੀ ਮੌਤ ਦੀ ਖਬਰ ਹੈ। ਹਾਲਾਂਕਿ, ਮਰਨ ਵਾਲਿਆਂ ਦੀ ਗਿਣਤੀ ਅਜੇ ਜਾਰੀ ਨਹੀਂ ਕੀਤੀ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ ਕੁਝ ਲੋਕ ਗੰਭੀਰ ਰੂਪ ਵਿੱਚ ਝੁਲਸ ਗਏ, ਜਦੋਂ ਕਿ ਕਈ ਲੋਕਾਂ ਨੂੰ ਜ਼ਹਿਰੀਲੀ ਗੈਸ ਕਾਰਨ ਸਾਹ ਲੈਣ ਵਿੱਚ ਤਕਲੀਫ਼ ਹੋਈ। ਲੌਂਗਵਿਊ ਫਾਇਰ ਡਿਪਾਰਟਮੈਂਟ ਦੇ ਅਧਿਕਾਰੀ ਮਾਈਕ ਗੋਰਸੁਚ ਨੇ ਇਸ ਘਟਨਾ ਨੂੰ "ਮਾਸ ਕੈਜ਼ੁਅਲਟੀ ਸੀਨ" ਦੱਸਿਆ। ਕਰੀਬ 40 ਫਾਇਰਫਾਈਟਰ, ਪੈਰਾਮੈਡਿਕਸ ਅਤੇ ਖੇਤਰੀ ਹਾਜ਼ਮੈਟ ਟੀਮ ਮੌਕੇ 'ਤੇ ਪਹੁੰਚੀ। ਜ਼ਖਮੀਆਂ ਨੂੰ ਲੌਂਗਵਿਊ ਅਤੇ ਵੈਨਕੂਵਰ ਦੇ ਹਸਪਤਾਲਾਂ ਵਿੱਚ ਭਰਤੀ ਕਰਵਾਇਆ ਗਿਆ। ਹਾਦਸੇ ਦੇ ਕਈ ਘੰਟਿਆਂ ਬਾਅਦ ਤੱਕ ਰਾਹਤ ਮੁਹਿੰਮ ਜਾਰੀ ਰਹੀ। ਪ੍ਰਸ਼ਾਸਨ ਨੇ ਕਿਹਾ ਕਿ ਮ੍ਰਿਤਕਾਂ ਦੀ ਪਛਾਣ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਨਾ ਦੇਣ ਤੋਂ ਬਾਅਦ ਹੀ ਜਨਤਕ ਕੀਤੀ ਜਾਵੇਗੀ। ਦੂਜੇ ਪਾਸੇ ਮਿੱਲ ਦੇ ਬਾਹਰ ਕਈ ਲੋਕ ਆਪਣੇ ਪਰਿਵਾਰ ਵਾਲਿਆਂ ਦੀ ਜਾਣਕਾਰੀ ਦੇ ਇੰਤਜ਼ਾਰ ਵਿੱਚ ਖੜ੍ਹੇ ਦਿਖਾਈ ਦਿੱਤੇ। ਅਧਿਕਾਰੀਆਂ ਅਨੁਸਾਰ, ਇਸ ਲਿਕਵਿਡ ਪੈਕੇਜਿੰਗ ਪਲਾਂਟ ਅਤੇ ਪੇਪਰ ਮਿੱਲ ਵਿੱਚ ਕਰੀਬ 1,000 ਕਰਮਚਾਰੀ ਕੰਮ ਕਰਦੇ ਹਨ। ਇੱਥੇ ਮੁੱਖ ਰੂਪ ਵਿੱਚ ਟਿਸ਼ੂ, ਪ੍ਰਿੰਟਿੰਗ ਪੇਪਰ, ਕਾਰਟਨ ਅਤੇ ਕੱਪ-ਪਲੇਟ ਬਣਾਉਣ ਵਾਲੇ ਮਾਲ ਦਾ ਉਤਪਾਦਨ ਹੁੰਦਾ ਸੀ।




# ਪਾਕਿਸਤਾਨ 'ਚ ਦਰਦਨਾਕ ਹਾਦਸਾ

## ਬੱਸ ਦੀ ਟੱਕਰ 'ਚ 17 ਲੋਕਾਂ ਦੀ ਹੋਈ ਮੌਤ





ਪੇਸ਼ਾਵਰ: ਪਾਕਿਸਤਾਨ ਦੇ ਮਰਦਾਨ ਜ਼ਿਲ੍ਹੇ ਤੋਂ ਇੱਕ ਦਰਦਨਾਕ ਖ਼ਬਰ ਸਾਹਮਣੇ ਆਈ ਹੈ। ਇੱਥੇ ਸਵਾਤ ਐਕਸਪ੍ਰੈਸ ਵੇਅ 'ਤੇ ਬੱਸ ਦੀ ਟੱਕਰ 'ਚ 17 ਲੋਕਾਂ ਦੀ ਮੌਤ ਹੋ ਗਈ ਹੈ। ਇਸ ਹਾਦਸੇ 'ਚ 5 ਲੋਕ ਜ਼ਖਮੀ ਵੀ ਦੱਸੇ ਜਾ ਰਹੇ ਹਨ, ਜਿਨ੍ਹਾਂ ਨੂੰ ਇਲਾਜ ਲਈ ਨੇੜੇ ਦੇ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਇਕ ਬੱਸ ਬਰੇਕ ਹੋਣ ਕਾਰਨ ਸੜਕ ਕਿਨਾਰੇ ਖੜ੍ਹੀ ਸੀ ਤਾਂ ਇਕ ਹੋਰ ਬੱਸ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਇਹ ਹਾਦਸਾ ਵਾਪਰਿਆ ਹੈ। ਪੁਲਿਸ ਨੇ ਦੱਸਿਆ ਕਿ ਸੋਮਵਾਰ ਨੂੰ ਪਾਕਿਸਤਾਨ ਦੇ ਉੱਤਰ-ਪੱਛਮੀ ਖੇਤਰ ਦੇ ਮਰਦਾਨ ਜ਼ਿਲੇ 'ਚ ਇਕ ਸੜਕ ਹਾਦਸਾ ਵਾਪਰਿਆ ਹੈ। ਇੱਥੇ ਸਵਾਤ ਐਕਸਪ੍ਰੈਸ ਵੇਅ 'ਤੇ ਇੱਕ ਤੇਜ਼ ਰਫ਼ਤਾਰ ਬੱਸ ਨੇ ਸੜਕ ਕਿਨਾਰੇ ਖੜ੍ਹੀ ਇੱਕ ਮੋਟਰ ਬੱਸ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਘੱਟੋ-ਘੱਟ 17 ਲੋਕਾਂ ਦੀ ਮੌਤ ਅਤੇ 5 ਹੋਰ ਜ਼ਖਮੀ ਹੋ ਗਏ ਹਨ। ਪੁਲੀਸ ਅਨੁਸਾਰ ਕਿਸੇ ਨੁਕਸ ਕਾਰਨ ਸਵਾਰੀਆਂ ਵਾਲੀ ਬੱਸ ਸੜਕ ਕਿਨਾਰੇ ਖੜ੍ਹੀ ਇੱਕ ਹੋਰ ਬੱਸ ਨਾਲ ਟਕਰਾ ਗਈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਅੱਪਰ ਦੀਰ ਅਤੇ ਬਜੌਰ ਜ਼ਿਲ੍ਹਿਆਂ ਦੇ ਵਸਨੀਕ ਸਨ।

ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਪਾਰਕ ਕੀਤੀ ਬੱਸ ਦਾ ਜਨਰੇਟਰ ਖਰਾਬ ਹੋ ਗਿਆ ਸੀ, ਜਿਸ ਕਾਰਨ ਤੇਜ਼ ਰਫਤਾਰ ਬੱਸ ਨੇ ਉਸ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਅਜੇ ਤੱਕ ਮ੍ਰਿਤਕਾਂ ਦੀ ਪਛਾਣ ਨਹੀਂ ਹੋ ਸਕੀ ਹੈ, ਜਦੋਂਕਿ ਬਚਾਅ ਟੀਮਾਂ ਘਟਨਾ ਸਥਾਨ 'ਤੇ ਰਾਹਤ ਕਾਰਜ ਜਾਰੀ ਰੱਖ ਰਹੀਆਂ ਹਨ। ਬੱਸ ਯਾਤਰੀਆਂ ਨੂੰ ਖੂਬਸੂਰਤ ਸਵਾਤ ਘਾਟੀ ਵੱਲ ਲੈ ਜਾ ਰਹੀ ਸੀ।

ਦੂਜੇ ਪਾਸੇ ਬੰਗਲਾਦੇਸ਼ ਵਿੱਚ ਵੀ ਇੱਕ ਦਰਦਨਾਕ ਹਾਦਸੇ ਵਿੱਚ 15 ਲੋਕਾਂ ਦੀ ਮੌਤ ਹੋ ਗਈ ਹੈ। ਇੱਥੇ ਢਾਕਾ ਤੋਂ 83 ਕਿਲੋਮੀਟਰ ਦੂਰ ਇਕ ਟਰੱਕ ਬੇਕਾਬੂ ਹੋ ਕੇ ਪਲਟ ਗਿਆ, ਜਿਸ ਕਾਰਨ ਟਰੱਕ ਵਿਚ ਸਵਾਰ 15 ਲੋਕਾਂ ਦੀ ਮੌਤ ਹੋ ਗਈ ਅਤੇ 10 ਜ਼ਖਮੀ ਹੋ ਗਏ। ਜਾਣਕਾਰੀ ਮੁਤਾਬਿਕ ਟਰੱਕ 'ਚ ਸਵਾਰ ਲੋਕ ਲਿਫਟ ਲੈ ਕੇ ਯਾਤਰਾ 'ਤੇ ਨਿਕਲੇ ਸਨ। ਇਸ ਵਿੱਚ ਜ਼ਿਆਦਾਤਰ ਲੋਕ ਦਿਹਾੜੀਦਾਰ ਮਜ਼ਦੂਰ ਸਨ, ਜੋ ਈਦ ਮਨਾਉਣ ਲਈ ਛੁੱਟੀਆਂ ਦੌਰਾਨ ਘਰ ਜਾ ਰਹੇ ਸਨ। ਟਰੱਕ ਡਰਾਈਵਰ ਨੇ ਰਸਤੇ 'ਚ ਅਚਾਨਕ ਕੰਟਰੋਲ ਗੁਆ ਦਿੱਤਾ, ਜਿਸ ਤੋਂ ਬਾਅਦ ਇਹ ਹਾਦਸਾ ਵਾਪਰਿਆ ਹੈ।












# ਇਬੋਲਾ ਵਾਇਰਸ ਨੇ ਇਸ ਦੇਸ਼ 'ਚ ਮਚਾਈ ਤਬਾਹੀ

## ਕੇਸਾਂ ਦੀ ਗਿਣਤੀ 900 ਤੋਂ ਪਾਰ, 119 ਮੌਤਾਂ ਦਰਜ




ਅਫਰੀਕੀ ਦੇਸ਼ ਕਾਂਗੋ 'ਚ ਇਬੋਲਾ ਵਾਇਰਸ ਦਾ ਕਹਿਰ ਵਧਦਾ ਜਾ ਰਿਹਾ ਹੈ। ਕਾਂਗੋ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਦੇਸ਼ ਦੇ ਪੂਰਬੀ ਹਿੱਸੇ ਵਿੱਚ ਚੱਲ ਰਹੇ ਇਬੋਲਾ ਕਹਿਰ ਦੌਰਾਨ ਸ਼ੱਕੀ ਮਾਮਲਿਆਂ ਦੀ ਗਿਣਤੀ 900 ਨੂੰ ਪਾਰ ਕਰ ਗਈ ਹੈ। ਕਾਂਗੋ ਦੇ ਸੰਚਾਰ ਮੰਤਰਾਲੇ ਨੇ ਐਤਵਾਰ ਨੂੰ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੱਤੀ ਕਿ ਇਬੋਲਾ ਵਾਇਰਸ ਦੇ 904 ਸ਼ੱਕੀ ਮਾਮਲੇ ਸਾਹਮਣੇ ਆਏ ਹਨ ਅਤੇ 119 ਸ਼ੱਕੀ ਮੌਤਾਂ ਦਰਜ ਕੀਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਕਾਂਗੋ ਦੇ ਅਧਿਕਾਰੀਆਂ ਨੇ ਦੱਸਿਆ ਸੀ ਕਿ ਦੇਸ਼ ਵਿੱਚ ਇਬੋਲਾ ਵਾਇਰਸ ਦੇ 700 ਤੋਂ ਵੱਧ ਸ਼ੱਕੀ ਮਾਮਲੇ ਦਰਜ ਕੀਤੇ ਗਏ ਹਨ ਅਤੇ 170 ਤੋਂ ਵੱਧ ਸ਼ੱਕੀ ਮੌਤਾਂ ਹੋਈਆਂ ਹਨ। ਇਬੋਲਾ ਦੇ ਜ਼ਿਆਦਾਤਰ ਮਾਮਲੇ ਕਾਂਗੋ ਦੇ ਇਟੂਰੀ ਸੂਬੇ ਨਾਲ ਜੁੜੇ ਸਨ। ਇਬੋਲਾ ਦਾ ਸਭ ਤੋਂ ਵੱਧ ਪ੍ਰਕੋਪ ਇਸ ਖੇਤਰ ਵਿੱਚ ਦੇਖਿਆ ਗਿਆ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਨੇ ਇਹ ਵੀ ਦੱਸਿਆ ਹੈ ਕਿ ਇਬੋਲਾ ਦਾ ਪ੍ਰਕੋਪ ਕਾਂਗੋ ਲਈ ਉੱਚ ਖਤਰਾ ਪੈਦਾ ਕਰ ਰਿਹਾ ਹੈ। ਹਾਲਾਂਕਿ, ਇਹ ਵੀ ਦੱਸਿਆ ਗਿਆ ਹੈ ਕਿ ਵਿਸ਼ਵ ਪੱਧਰ 'ਤੇ ਇਬੋਲਾ ਫੈਲਣ ਦਾ ਖ਼ਤਰਾ ਜ਼ਿਆਦਾ ਨਹੀਂ ਹੈ। ਭਾਰਤ ਸਰਕਾਰ ਨੇ ਇਬੋਲਾ ਪ੍ਰਭਾਵਿਤ ਦੇਸ਼ਾਂ ਤੋਂ ਆਉਣ ਵਾਲੇ ਜਾਂ ਆਉਣ-ਜਾਣ ਵਾਲੇ ਯਾਤਰੀਆਂ ਲਈ ਸਿਹਤ ਸਲਾਹ ਵੀ ਜਾਰੀ ਕੀਤੀ ਹੈ। ਐਡਵਾਈਜ਼ਰੀ 'ਚ ਕਿਹਾ ਗਿਆ ਹੈ ਕਿ ਜਿਨ੍ਹਾਂ ਲੋਕਾਂ 'ਚ ਇਨਫੈਕਸ਼ਨ ਦੇ ਲੱਛਣ ਹਨ, ਉਨ੍ਹਾਂ ਨੂੰ ਇਮੀਗ੍ਰੇਸ਼ਨ ਤੋਂ ਪਹਿਲਾਂ ਤੁਰੰਤ ਸਿਹਤ ਅਧਿਕਾਰੀਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ। ਡੀਜੀਐਚਐਸ ਦੁਆਰਾ ਜਾਰੀ ਕੀਤੀ ਗਈ ਸਿਹਤ ਸਲਾਹ ਵਿੱਚ ਵਿਸ਼ੇਸ਼ ਤੌਰ 'ਤੇ ਕਾਂਗੋ, ਯੂਗਾਂਡਾ ਅਤੇ ਦੱਖਣੀ ਸੂਡਾਨ ਦੇ ਲੋਕਤੰਤਰੀ ਗਣਰਾਜ ਤੋਂ ਆਉਣ ਵਾਲੇ ਯਾਤਰੀਆਂ ਦਾ ਜ਼ਿਕਰ ਕੀਤਾ ਗਿਆ ਹੈ। ਦੱਸ ਦੇਈਏ ਕਿ ਇਨ੍ਹਾਂ ਦੇਸ਼ਾਂ ਨੂੰ ਡਬਲਯੂਐਚਓ ਦੁਆਰਾ ਉੱਚ ਜੋਖਮ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ।

ਈਬੋਲਾ ਦੇ ਲੱਛਣ ਕੀ ਹਨ?

ਇਬੋਲਾ ਵਾਇਰਸ ਦੇ ਸਬੰਧ ਵਿੱਚ, ਕੇਂਦਰੀ ਸਿਹਤ ਮੰਤਰਾਲੇ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਹਸਪਤਾਲਾਂ ਦੀ ਨਿਗਰਾਨੀ ਅਤੇ ਤਿਆਰੀ ਵਧਾਉਣ ਅਤੇ ਅੰਤਰਰਾਸ਼ਟਰੀ ਯਾਤਰੀਆਂ ਦੀ ਜਾਂਚ ਵਧਾਉਣ ਦੇ ਨਿਰਦੇਸ਼ ਦਿੱਤੇ ਹਨ। ਮੰਤਰਾਲੇ ਦੁਆਰਾ ਦੱਸੇ ਗਏ ਇਬੋਲਾ ਦੇ ਲੱਛਣਾਂ ਵਿੱਚ ਬੁਖਾਰ, ਕਮਜ਼ੋਰੀ, ਮਾਸਪੇਸ਼ੀਆਂ ਵਿੱਚ ਦਰਦ, ਸਿਰ ਦਰਦ, ਗਲੇ ਵਿੱਚ ਖਰਾਸ਼, ਉਲਟੀਆਂ, ਦਸਤ, ਪੇਟ ਦਰਦ, ਚਮੜੀ ਦੇ ਧੱਫੜ ਅਤੇ ਅੱਖਾਂ ਦਾ ਲਾਲ ਹੋਣਾ ਸ਼ਾਮਿਲ ਹਨ।

# ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਰੇਹੜੀ ਤੇ ਵੰਡ ਰਹੇ ਸੀ ਕੋਲਡ ਡ੍ਰਿੰਕ ਤੇ ਹੋਰ ਸਮਾਨ

## ਵੀਡੀਓ ਵਾਇਰਲ, 3 ਸਾਬਕਾ ਸਰਪੰਚਾਂ 'ਤੇ ਕਾਰਵਾਈ



ਮੋਹਾਲੀ: ਡੇਰਾਬੱਸੀ ਨਗਰ ਕੌਂਸਲ ਚੋਣਾਂ ਤੋਂ ਇਕ ਦਿਨ ਪਹਿਲਾਂ ਵੋਟਰਾਂ ਨੂੰ ਕਥਿਤ ਤੌਰ 'ਤੇ ਕੋਲਡ ਡ੍ਰਿੰਕ, ਸ਼ਰਾਬ ਅਤੇ ਹੋਰ ਸਮਾਨ ਵੰਡਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਤਿੰਨ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਿਸ ਮੁਤਾਬਕ ਇਹ ਘਟਨਾ ਡੇਰਾਬੱਸੀ ਦੇ ਵਾਰਡ ਨੰਬਰ 16 ਸਥਿਤ ਈਸਾਪੁਰ ਕਾਲੋਨੀ ਦੀ ਹੈ। ਦੋਸ਼ ਹੈ ਕਿ ਕੁਝ ਲੋਕ ਰੇਹੜੀ 'ਤੇ ਸਮਾਨ ਲੈ ਕੇ ਘਰ-ਘਰ ਜਾ ਰਹੇ ਸਨ ਅਤੇ ਵੋਟਰਾਂ ਨੂੰ ਸਮਾਨ ਤੇ ਪੇਅ ਪਦਾਰਥ ਵੰਡ ਰਹੇ ਸਨ। ਇਸ ਸਬੰਧੀ ਭਾਜਪਾ ਦੇ ਉਮੀਦਵਾਰ ਰਣਜੀਤ ਸਿੰਘ ਰੈੱਡੀ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ।

ਵੀਡੀਓ ਵਾਇਰਲ ਹੋਣ ਮਗਰੋਂ ਕਾਰਵਾਈ

ਡੇਰਾਬੱਸੀ ਥਾਣੇ ਦੇ ਐੱਸਐੱਚਓ ਸੁਮਿਤ ਮੋੜ ਨੇ ਦੱਸਿਆ ਕਿ ਸ਼ਿਕਾਇਤ ਅਤੇ ਵਾਇਰਲ ਵੀਡੀਓ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਦੌਰਾਨ ਪੁਲਿਸ ਨੂੰ ਪਤਾ ਲੱਗਿਆ ਕਿ ਈਸਾਪੁਰ ਕਾਲੋਨੀ ਵਿੱਚ ਮਕਾਨ ਨੰਬਰ 789 ਦੇ ਨੇੜੇ ਵੋਟਰਾਂ ਨੂੰ ਕਥਿਤ ਤੌਰ 'ਤੇ ਸਮਾਨ ਅਤੇ ਪੇਅ ਪਦਾਰਥ ਵੰਡੇ ਜਾ ਰਹੇ ਸਨ। ਪੁਲਿਸ ਨੇ ਇਸ ਮਾਮਲੇ ਵਿੱਚ ਸਾਬਕਾ ਸਰਪੰਚ ਚਰਨਜੀਤ ਸਿੰਘ ਉਰਫ਼ ਬਈਆ, ਹਰਦਿੱਤਾ ਸਿੰਘ ਉਰਫ਼ ਕਾਲਾ ਅਤੇ ਸਾਬਕਾ ਸਰਪੰਚ ਨਰੇਂਦਰ ਸਿੰਘ ਉਰਫ਼ ਰਾਣਾ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਇਨ੍ਹਾਂ ਧਾਰਾਵਾਂ ਤਹਿਤ ਦਰਜ ਹੋਇਆ ਮਾਮਲਾ

ਪੁਲਿਸ ਨੇ ਮਾਮਲੇ ਵਿੱਚ ਆਬਕਾਰੀ ਐਕਟ ਅਤੇ ਜਨ ਪ੍ਰਤੀਨਿਧਿਤਾ ਐਕਟ ਦੀਆਂ ਧਾਰਾਵਾਂ 123 ਅਤੇ 135 ਤਹਿਤ ਐੱਫਆਈਆਰ ਦਰਜ ਕੀਤੀ ਹੈ। ਕਾਨੂੰਨ ਅਨੁਸਾਰ ਚੋਣਾਂ ਦੌਰਾਨ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਸ਼ਰਾਬ, ਸਮਾਨ ਜਾਂ ਹੋਰ ਕਿਸੇ ਤਰ੍ਹਾਂ ਦਾ ਲਾਲਚ ਦੇਣਾ ਗੈਰਕਾਨੂੰਨੀ ਮੰਨਿਆ ਜਾਂਦਾ ਹੈ। ਡੇਰਾਬੱਸੀ ਨਗਰ ਕੌਂਸਲ ਵਿੱਚ ਕੁੱਲ 19 ਵਾਰਡ ਹਨ, ਜਿਨ੍ਹਾਂ ਵਿੱਚੋਂ 18 ਵਾਰਡਾਂ ਵਿੱਚ ਚੋਣ ਹੋਈ। ਇਸ ਵਾਰ ਚੋਣ ਮੈਦਾਨ ਵਿੱਚ 79 ਉਮੀਦਵਾਰ ਸਨ। ਪ੍ਰਸ਼ਾਸਨ ਮੁਤਾਬਕ ਚੋਣਾਂ ਦੌਰਾਨ 57.09 ਫੀਸਦੀ ਵੋਟਿੰਗ ਦਰਜ ਕੀਤੀ ਗਈ ਹੈ, ਜਦਕਿ ਵੋਟਾਂ ਦੀ ਗਿਣਤੀ 29 ਮਈ ਨੂੰ ਹੋਵੇਗੀ।

# ਅਮਰੀਕਾ-ਕੈਨੇਡਾ ਦੀਆਂ ਸਰਹੱਦੀ 'ਤੇ ਫੋਨਾਂ 'ਚੋਂ ਇਤਰਾਜ਼ਯੋਗ ਸਮੱਗਰੀ ਮਿਲਣ 'ਤੇ ਟਰੱਕ ਡਰਾਈਵਰਾਂ ਦੇ ਵੀਜ਼ੇ ਹੋ ਸਕਦੇ ਰੱਦ

ਅਮਰੀਕਾ ਅਤੇ ਕੈਨੇਡਾ ਦੀਆਂ ਸਰਹੱਦੀ ਸੁਰੱਖਿਆ ਏਜੰਸੀਆਂ ਨੇ ਅਪਰਾਧ, ਪਰੇਸ਼ਾਨ ਕਰਨ ਅਤੇ ਹੋਰ ਅਪਰਾਧਾਂ ਦੀਆਂ ਵਧਦੀਆਂ ਘਟਨਾਵਾਂ ਨਾਲ ਸਬੰਧਿਤ ਚਿੰਤਾਵਾਂ ਤੋਂ ਬਾਅਦ ਨਿਰੀਖਣ ਤੇਜ਼ ਕਰ ਦਿੱਤਾ ਹੈ। ਜਾਂਚ ਦੌਰਾਨ ਅਧਿਕਾਰੀ ਕਥਿਤ ਤੌਰ 'ਤੇ ਡਰਾਈਵਰਾਂ ਦੇ ਲੈਪਟਾਪ ,ਮੋਬਾਈਲ ਫੋਨਾਂ ਦੀ ਅਸ਼ਲੀਲ ਸਮਗਰੀ, ਸ਼ੱਕੀ ਵੱਟਸਐਪ ਗਰੁੱਪ, ਨਾਬਾਲਗਾਂ ਨਾਲ ਸਬੰਧਿਤ ਗੈਰ-ਕਾਨੂੰਨੀ ਸਮਗਰੀ, ਅਤਿਵਾਦ ਨਾਲ ਸਬੰਧਿਤ ਜਾਣਕਾਰੀ, ਅੰਤਰਰਾਸ਼ਟਰੀ ਵਿੱਤੀ ਅਪਰਾਧਾਂ ਬਾਰੇ ਜਾਂ ਹਥਿਆਰਾਂ ਨਾਲ ਸਬੰਧਿਤ ਸਮਗਰੀ ਦੀ ਜਾਂਚ ਕਰ ਰਹੇ ਹਨ। ਨੋਵਾ ਸਕੋਸ਼ੀਆ ਦੀ ਇੱਕ ਟ੍ਰਾਂਸਪੋਰਟ ਕੰਪਨੀ ਵਿੱਚ ਕੰਮ ਕਰਨ ਵਾਲੇ ਪੰਜਾਬੀ ਟਰੱਕ ਡਰਾਈਵਰ ਤਰਨਜੀਤ ਸਿੰਘ ਉੱਪਲ ਨੇ ਇੱਕ ਵੀਡੀਓ ਸੰਦੇਸ਼ ਰਾਹੀਂ ਇਸ ਗੰਭੀਰ ਸਥਿਤੀ ਬਾਰੇ ਅਹਿਮ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਬਾਰਡਰ 'ਤੇ ਹੁਣ ਮੋਬਾਈਲ ਫੋਨਾਂ ਦੀ ਰੈਂਡਮ ਚੈਕਿੰਗ ਬਹੁਤ ਵਧ ਗਈ ਹੈ। ਕੰਪਨੀਆਂ ਨੇ ਵੀ ਆਪਣੇ ਸਾਰੇ ਡਰਾਈਵਰਾਂ ਨੂੰ ਅਧਿਕਾਰਤ ਈਮੇਲ ਭੇਜ ਕੇ ਵਾਰਨਿੰਗ ਦਿੱਤੀ ਹੈ ਕਿ ਬਾਰਡਰ ਕਰਾਸ ਕਰਨ ਤੋਂ ਪਹਿਲਾਂ ਆਪਣੇ ਫ਼ੋਨ ਪੂਰੀ ਤਰ੍ਹਾਂ ਕਲੀਨ ਰੱਖਣ।




ਜੇ ਫ਼ੋਨ ਵਿੱਚ ਕਿਸੇ ਵੀ ਤਰ੍ਹਾਂ ਦੀ ਅਸ਼ਲੀਲਤਾ, ਹਥਿਆਰਾਂ ਦੀਆਂ ਫ਼ੋਟੋਆਂ, ਗੈਂਗਸਟਰ ਕਲਚਰ ਨਾਲ ਸਬੰਧਿਤ ਚੈਟਸ ਜਾਂ ਕੋਈ ਸ਼ੱਕੀ ਵੱਟਸਐਪ ਗਰੁੱਪ ਮਿਲਦਾ ਹੈ, ਤਾਂ ਅਮਰੀਕੀ ਅਧਿਕਾਰੀ ਸਖ਼ਤ ਲੀਗਲ ਐਕਸ਼ਨ ਲੈ ਰਹੇ ਹਨ। ਤਰਨਜੀਤ ਸਿੰਘ ਉੱਪਲ ਨੇ ਪੰਜਾਬੀ ਭਾਈਚਾਰੇ ਨੂੰ ਧਿਆਨ ਦੇਣ ਲਈ ਕਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਜਾਂ ਭਾਰਤ ਵਿੱਚ ਅਕਸਰ ਰਿਸ਼ਤੇਦਾਰ ਪਰਿਵਾਰ ਵਿੱਚ ਨਵੇਂ ਜੰਮੇ ਬੱਚਿਆਂ ਜਾਂ ਛੋਟੇ ਬੱਚਿਆਂ ਦੀਆਂ ਬਿਨਾਂ ਕੱਪੜਿਆਂ (ਨਗਨ) ਦੀਆਂ ਫ਼ੋਟੋਆਂ ਵੱਟਸਐਪ 'ਤੇ ਸ਼ੇਅਰ ਕਰ ਦਿੰਦੇ ਹਨ। ਪਰ ਕੈਨੇਡਾ ਅਤੇ ਅਮਰੀਕਾ ਦੇ ਕਾਨੂੰਨ ਮੁਤਾਬਕ ਅਜਿਹੀਆਂ ਫ਼ੋਟੋਆਂ ਨੂੰ 'ਚਾਈਲਡ ਪੋਰਨੋਗ੍ਰਾਫੀ' (ਬਾਲ ਅਸ਼ਲੀਲਤਾ) ਦੇ ਦਾਇਰੇ ਵਿੱਚ ਰੱਖਿਆ ਜਾਂਦਾ ਹੈ।

ਅਜਿਹਾ ਮਟੀਰੀਅਲ ਫ਼ੋਨ ਵਿੱਚ ਹੋਣ 'ਤੇ ਡਰਾਈਵਰਾਂ ਨੂੰ ਸਿੱਧਾ ਗ੍ਰਿਫ਼ਤਾਰ ਵੀ ਕੀਤਾ ਜਾ ਸਕਦਾ ਹੈ। ਅਮਰੀਕੀ ਬਾਰਡਰ ਸਕਿਉਰਿਟੀ ਵੱਲੋਂ ਜਾਰੀ ਕੀਤੇ ਗਏ ਡਾਟਾ ਮੁਤਾਬਕ, ਉਨ੍ਹਾਂ ਨੇ ਪਿਛਲੇ ਸਾਲ ਦੌਰਾਨ ਲਗਪਗ 55,000 ਅਤੇ ਇਸ ਸਾਲ ਤਕਰੀਬਨ 32349 ਦੇ ਮੋਬਾਈਲ ਫੋਨਾਂ ਦੀ ਫੋਰੈਂਸਿਕ ਜਾਂ ਡਿਜੀਟਲ ਚੈਕਿੰਗ ਕੀਤੀ ਹੈ।

ਜੇ ਬਾਰਡਰ ਅਧਿਕਾਰੀ ਨੂੰ ਕਿਸੇ ਡਰਾਈਵਰ 'ਤੇ ਥੋੜ੍ਹਾ ਜਿਹਾ ਵੀ ਸ਼ੱਕ ਹੁੰਦਾ ਹੈ, ਤਾਂ ਉਹ ਜਾਂਚ ਲਈ ਫ਼ੋਨ ਨੂੰ 3-4 ਘੰਟੇ ਆਪਣੇ ਕੋਲ ਰੱਖ ਸਕਦੇ ਹਨ। ਡਰਾਈਵਰ ਫ਼ੋਨ ਦਾ ਪਾਸਵਰਡ ਜਾਂ ਪਿੰਨ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ। ਜੇ ਕੋਈ ਡਰਾਈਵਰ ਆਪਣਾ ਫ਼ੋਨ ਚੈੱਕ ਕਰਵਾਉਣ ਤੋਂ ਮਨ੍ਹਾ ਕਰਦਾ ਹੈ, ਤਾਂ ਅਧਿਕਾਰੀਆਂ ਕੋਲ ਉਸ ਨੂੰ ਯੂ ਐੱਸ ਵਿੱਚ ਐਂਟਰੀ ਦੇਣ ਤੋਂ ਰੋਕਣ ਅਤੇ ਉਸ ਦਾ ਡਿਵਾਈਸ ਜ਼ਬਤ ਕਰਨ ਦਾ ਪੂਰਾ ਅਧਿਕਾਰ ਹੈ। ਜੇ ਫ਼ੋਨ ਵਿੱਚ ਕੋਈ ਗੰਭੀਰ ਡਾਟਾ ਮਿਲਦਾ ਹੈ, ਤਾਂ ਫ਼ੋਨ ਨੂੰ ਫੋਰੈਂਸਿਕ ਲੈਬ ਭੇਜ ਦਿੱਤਾ ਜਾਂਦਾ ਹੈ ਅਤੇ ਡਰਾਈਵਰ 'ਤੇ 5 ਸਾਲ ਤੋਂ ਲੈ ਕੇ ਉਮਰ ਭਰ ਤੱਕ ਦਾ ਬੈਨ ਲਗਾਇਆ ਜਾ ਸਕਦਾ ਹੈ।

ਇਸ ਤੋਂ ਇਲਾਵਾ,ਜੇਕਰ ਫ਼ੋਨ ਦੀਆਂ ਚੈਟਾਂ ਜਾਂ ਈਮੇਲ ਤੋਂ ਇਹ ਪਤਾ ਲੱਗਦਾ ਹੈ ਕਿ ਡਰਾਈਵਰ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਕੇ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਜਾਂ ਸੈਟਲ ਹੋਣ ਦੀ ਪਲੈਨਿੰਗ ਕਰ ਰਿਹਾ ਹੈ, ਤਾਂ ਵੀ ਵਰਕ ਪਰਮਿਟ ਜਾਂ ਪੀਆਰ (PR) ਹੋਲਡਰਾਂ ਦੇ ਵੀਜ਼ੇ ਤੁਰੰਤ ਰੱਦ ਕਰ ਦਿੱਤੇ ਜਾਂਦੇ ਹਨ। ਨਾਲ ਹੀ, ਡਰਾਈਵਰਾਂ ਨੂੰ ਆਪਣੇ ਟਰੱਕ ਵਿੱਚ ਰੱਖੀਆਂ ਮੈਡੀਸਨ (ਦਵਾਈਆਂ) ਲਈ ਡਾਕਟਰ ਦੀ ਪਰਚੀ ਯਾਨੀ ਪ੍ਰਿਸਕ੍ਰਿਪਸ਼ਨ ਕੋਲ ਰੱਖਣਾ ਲਾਜ਼ਮੀ ਕੀਤਾ ਗਿਆ ਹੈ, ਨਹੀਂ ਤਾਂ ਡਰੱਗ ਟ੍ਰੈਫਿਕਿੰਗ ਦੇ ਸ਼ੱਕ ਹੇਠ ਵੀ ਕਾਰਵਾਈ ਹੋ ਸਕਦੀ ਹੈ। ਵਕੀਲਾਂ ਦਾ ਸਾਫ਼ ਕਹਿਣਾ ਹੈ ਕਿ ਬਾਰਡਰ 'ਤੇ ਕਿਸੇ ਵੀ ਵਿਦੇਸ਼ੀ ਨਾਗਰਿਕ ਕੋਲ ਵਕੀਲ ਨੂੰ ਬੁਲਾਉਣ ਦਾ ਕੋਈ ਲੀਗਲ ਅਧਿਕਾਰ ਨਹੀਂ ਹੁੰਦਾ। ਉੱਥੇ ਅਧਿਕਾਰੀਆਂ ਨਾਲ ਬਹਿਸ ਕਰਨ ਜਾਂ ਝੂਠ ਬੋਲਣ ਨਾਲ ਕੇਸ ਹੋਰ ਵੀ ਖ਼ਰਾਬ ਹੋ ਸਕਦਾ ਹੈ। ਬਹੁਤੇ ਡਰਾਈਵਰ ਇਹ ਸੋਚ ਕੇ ਲਾਪਰਵਾਹੀ ਵਰਤਦੇ ਹਨ ਕਿ ਉਹ ਕਈ ਵਾਰ ਬਾਰਡਰ ਪਾਰ ਕਰ ਚੁੱਕੇ ਹਨ ਅਤੇ ਉਨ੍ਹਾਂ ਦਾ ਫ਼ੋਨ ਕਦੇ ਚੈੱਕ ਨਹੀਂ ਹੋਇਆ, ਪਰ ਅਧਿਕਾਰੀ ਐਡਵਾਂਸਡ ਲਾਇਸੈਂਸ ਪਲੇਟ ਰੀਡਰ ਅਤੇ ਰੂਟ ਟ੍ਰੈਕਰਜ਼ ਦੇ ਡੇਟਾ ਦੇ ਆਧਾਰ 'ਤੇ ਰੈਂਡਮ ਚੈਕਿੰਗ ਕਰਦੇ ਹਨ। ਇਸ ਲਈ ਸੁਰੱਖਿਆ ਦੇ ਲਿਹਾਜ਼ ਨਾਲ, ਸਾਰੇ ਡਰਾਈਵਰਾਂ ਨੂੰ ਬਾਰਡਰ 'ਤੇ ਪਹੁੰਚਣ ਤੋਂ ਪਹਿਲਾਂ ਆਪਣੇ ਫੋਨਾਂ ਵਿੱਚੋਂ ਹਰ ਤਰ੍ਹਾਂ ਦੀਆਂ ਬੇਲੋੜੀਆਂ, ਸੰਵੇਦਨਸ਼ੀਲ ਚੈਟਾਂ ਅਤੇ ਇਤਰਾਜ਼ਯੋਗ ਮੀਡੀਆ ਫਾਈਲਾਂ,ਨੂੰ ਪੂਰੀ ਤਰ੍ਹਾਂ ਡਿਲੀਟ ਕਰ ਦੇਣਾ ਚਾਹੀਦਾ ਹੈ।

# ਸਾਬਕਾ CM ਕੈਪਟਨ ਅਮਰਿੰਦਰ ਦੇ ਚਚੇਰੇ ਭਰਾ ਦਾ ਹੋਇਆ ਦੇਹਾਂਤ

## 5 ਵਾਰ ਦੇ ਓਲੰਪੀਅਨ ਸਨ ਰਾਜਾ ਰਣਧੀਰ ਸਿੰਘ



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਚਚੇਰੇ ਭਰਾ ਰਾਜਾ ਰਣਧੀਰ ਸਿੰਘ ਦਾ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਕੁਝ ਸਮੇਂ ਤੋਂ ਬੀਮਾਰੀ ਨਾਲ ਜੂਝ ਰਹੇ ਸਨ। ਇਸ ਦੀ ਜਾਣਕਾਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੇ ਸੋਸ਼ਲ ਮੀਡੀਆ ਅਕਾਉਂਟ 'ਤੇ ਸਾਂਝੀ ਕੀਤੀ ਗਈ ਹੈ। ਉਨ੍ਹਾਂ ਲਿਖਿਆ ਕਿ ਬਹੁਤ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਮੇਰੇ ਕਜ਼ਨ ਭਰਾ ਰਾਜਾ ਰਣਧੀਰ ਸਿੰਘ ਦਾ ਦੇਹਾਂਤ ਹੋ ਗਿਆ ਹੈ। ਵਾਹਿਗੁਰੂ ਜੀ ਵਿਛੜੀ ਰੂਪ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। ਪਰਿਵਾਰ ਅਨੁਸਾਰ ਰਾਜਾ ਰਣਧੀਰ ਸਿੰਘ ਨੂੰ ਕੁਝ ਸਮੇਂ ਪਹਿਲਾਂ ਬ੍ਰੇਨ ਸਟ੍ਰੋਕ ਹੋਇਆ ਸੀ, ਜਿਸ ਤੋਂ ਉਹ ਉੱਭਰ ਨਹੀਂ ਸਕੇ। ਬੁੱਧਵਾਰ ਸਵੇਰੇ ਕਰੀਬ 10:30 ਵਜੇ ਦਿੱਲੀ ਵਿਖੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਰਾਜਾ ਰਣਧੀਰ ਸਿੰਘ ਦਾ ਜਾਣਾ ਸ਼ੂਟਿੰਗ ਅਤੇ ਓਲੰਪਿਕ ਜਗਤ ਲਈ ਇੱਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਦੀ ਮ੍ਰਿਤਕ ਦੇਹ ਦਾ ਸਸਕਾਰ ਭਲਕੇ ਹਰਿਦੁਆਰ ਵਿਖੇ ਕੀਤਾ ਜਾਵੇਗਾ। ਉਨ੍ਹਾਂ ਦੇ ਚਲੇ ਜਾਣ ਨਾਲ ਭਾਰਤੀ ਤੇ ਅੰਤਰਰਾਸ਼ਟਰੀ ਖੇਡ ਜਗਤ ਅਤੇ ਪਟਿਆਲਾ ਸ਼ਾਹੀ ਪਰਿਵਾਰ 'ਚ ਸੋਗ ਦੀ ਲਹਿਰ ਦੌੜ ਗਈ ਹੈ। 18 ਅਕਤੂਬਰ 1946 ਨੂੰ ਪਟਿਆਲਾ ਦੇ ਸ਼ਾਹੀ ਪਰਿਵਾਰ 'ਚ ਜਨਮੇ ਰਾਜਾ ਰਣਧੀਰ ਸਿੰਘ ਨੂੰ ਖੇਡਾਂ ਵਿਰਾਸਤ 'ਚ ਮਿਲੀਆਂ ਸਨ। ਉਹ ਇਕ ਬਿਹਤਰੀਨ ਸ਼ੂਟਰ ਸਨ ਜਿਨ੍ਹਾਂ ਨੇ ਟ੍ਰੈਪ ਤੇ ਸਕੀਟ ਮੁਕਾਬਲਿਆਂ 'ਚ ਦੇਸ਼ ਦਾ ਨਾਂ ਰੌਸ਼ਨ ਕੀਤਾ। ਉਨ੍ਹਾਂ ਨੇ 1968 (ਮੈਕਸੀਕੋ) ਤੋਂ ਲੈ ਕੇ 1984 (ਲਾਸ ਏਂਜਲਸ) ਤਕ ਲਗਾਤਾਰ 5 ਓਲੰਪਿਕ ਖੇਡਾਂ 'ਚ ਭਾਰਤ ਦੀ ਨੁਮਾਇੰਦਗੀ ਕੀਤੀ।

# ਕੇਵਲ ਸਿੰਘ ਢਿੱਲੋਂ ਬਣੇ ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ



ਪੰਜਾਬ ਭਾਜਪਾ ਵਿੱਚ ਵੱਡਾ ਸੰਗਠਨਾਤਮਕ ਬਦਲਾਅ ਕਰਦਿਆਂ ਪਾਰਟੀ ਹਾਈਕਮਾਂਡ ਨੇ ਬਰਨਾਲਾ ਦੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਸੂਬਾ ਪ੍ਰਧਾਨ ਨਿਯੁਕਤ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਅਰੁਣ ਸਿੰਘ ਵੱਲੋਂ ਜਾਰੀ ਕੀਤੇ ਗਏ ਪੱਤਰ ਅਨੁਸਾਰ, ਇਹ ਨਿਯੁਕਤੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਦੀ ਸਹਿਮਤੀ ਨਾਲ ਕੀਤੀ ਗਈ ਹੈ ਅਤੇ ਇਹ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗੀ।

ਕੇਵਲ ਸਿੰਘ ਢਿੱਲੋਂ, ਜੋ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਮੰਨੇ ਜਾਂਦੇ ਹਨ, ਪਿਛਲੇ ਲੰਬੇ ਸਮੇਂ ਤੋਂ ਪਾਰਟੀ ਵਿੱਚ ਸਰਗਰਮ ਸਨ। ਭਾਜਪਾ ਹਾਈਕਮਾਂਡ ਵੱਲੋਂ ਪੰਜਾਬ ਵਿੱਚ ਇੱਕ ਸਿੱਖ ਚਿਹਰੇ ਨੂੰ ਅੱਗੇ ਲਿਆਉਣ ਦੀ ਰਣਨੀਤੀ ਤਹਿਤ ਇਹ ਫੈਸਲਾ ਲਿਆ ਗਿਆ ਹੈ, ਕਿਉਂਕਿ ਤਰੁਣ ਚੁੱਘ, ਮੰਤਰੀ ਸ੍ਰੀਨਿਵਾਸਲੂ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਰਗੇ ਆਗੂ ਲੰਬੇ ਸਮੇਂ ਤੋਂ ਸੂਬਾ ਇਕਾਈ ਦੀ ਅਗਵਾਈ ਲਈ ਇੱਕ ਸਿੱਖ ਚਿਹਰੇ ਦੀ ਵਕਾਲਤ ਕਰ ਰਹੇ ਸਨ। 75 ਸਾਲਾ ਕੇਵਲ ਸਿੰਘ ਢਿੱਲੋਂ, ਜੋ ਕਿ ਜੂਨ 2022 ਵਿੱਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ, 2007 ਤੋਂ 2017 ਤੱਕ ਬਰਨਾਲਾ ਦੇ ਵਿਧਾਇਕ ਰਹਿ ਚੁੱਕੇ ਹਨ। ਉਹ ਇੱਕ ਸਫਲ ਕਾਰੋਬਾਰੀ ਵਜੋਂ ਵੀ ਜਾਣੇ ਜਾਂਦੇ ਹਨ। ਪਾਰਟੀ ਹੁਣ ਉਨ੍ਹਾਂ ਦੇ ਸੰਗਠਨਾਤਮਕ ਤਜ਼ਰਬੇ 'ਤੇ ਭਰੋਸਾ ਕਰ ਰਹੀ ਹੈ ਤਾਂ ਜੋ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਦੇ ਕਾਡਰ ਨੈੱਟਵਰਕ ਨੂੰ ਮਜ਼ਬੂਤ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਦਾ ਤਿੰਨ ਸਾਲ ਦਾ ਕਾਰਜਕਾਲ ਜੁਲਾਈ ਵਿੱਚ ਖਤਮ ਹੋ ਰਿਹਾ ਹੈ। ਨਵੀਂ ਨਿਯੁਕਤੀ ਤੋਂ ਬਾਅਦ, ਹੁਣ ਪੰਜਾਬ ਭਾਜਪਾ ਵਿੱਚ ਨਵੇਂ ਦੌਰ ਦੀ ਸ਼ੁਰੂਆਤ ਹੋਣ ਦੀ ਉਮੀਦ ਹੈ, ਜਿੱਥੇ ਢਿੱਲੋਂ ਪਾਰਟੀ ਨੂੰ ਨਵੀਂ ਦਿਸ਼ਾ ਦੇਣਗੇ।

# ਅਦਾਲਤ ਵੱਲੋਂ ਮੁਅੱਤਲ DIG ਹਰਚਰਨ ਭੁੱਲਰ ਖ਼ਿਲਾਫ਼ ਰੋਜ਼ਾਨਾ ਸੁਣਵਾਈ ਦੀ ਮੰਗ ਖਾਰਜ

ਚੰਡੀਗੜ੍ਹ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਪੰਜਾਬ ਪੁਲੀਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਅਤੇ ਸਾਥੀ ਕ੍ਰਿਸ਼ਨੂ ਸ਼ਾਰਦਾ ਖ਼ਿਲਾਫ਼ ਚੱਲ ਰਹੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਸੀਬੀਆਈ ਦੀ ਅਰਜ਼ੀ ਦਾ ਨਿਪਟਾਰਾ ਕਰ ਦਿੱਤਾ ਹੈ। ਸੀਬੀਆਈ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 4 ਤਹਿਤ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਇਸ ਮਾਮਲੇ ਦੀ ਸੁਣਵਾਈ ਰੋਜ਼ਾਨਾ (ਡੇਅ-ਟੂ-ਡੇਅ ਟਰਾਇਲ) ਕੀਤੀ ਜਾਵੇ ਤਾਂ ਕਿ ਕੇਸ ਜਲਦੀ ਖ਼ਤਮ ਹੋ ਸਕੇ ਪਰ ਅਦਾਲਤ ਨੇ ਇਸ ਮੰਗ ਨੂੰ ਖਾਰਜ ਕਰਦਿਆਂ ਸਪਸ਼ਟ ਕਿਹਾ ਕਿ ਕੇਸ ਦੇ ਮੌਜੂਦਾ ਪੜਾਅ 'ਤੇ ਰੋਜ਼ਾਨਾ ਸੁਣਵਾਈ ਦੀ ਇਜਾਜ਼ਤ ਦੇਣਾ ਵਿਹਾਰਕ ਤੌਰ 'ਤੇ ਸੰਭਵ ਨਹੀਂ ਹੈ।



ਅਦਾਲਤ ਨੇ ਆਪਣੇ ਹੁਕਮ ਵਿੱਚ ਸਪਸ਼ਟ ਕੀਤਾ ਕਿ ਮੁਲਜ਼ਮ ਪਹਿਲਾਂ ਹੀ ਜੇਲ੍ਹ (ਹਿਰਾਸਤ) ਵਿੱਚ ਹਨ, ਇਸ ਲਈ ਕੇਸ ਵਿੱਚ ਦੇਰੀ ਨੂੰ ਰੋਕਣ ਲਈ ਅਦਾਲਤ ਖੁਦ ਹੀ ਇੱਕ ਸਖ਼ਤ ਸਮਾਂ-ਸਾਰਣੀ ਤੈਅ ਕਰ ਕੇ ਕਾਰਵਾਈ ਚਲਾ ਰਹੀ ਹੈ। ਅਜਿਹੀ ਸਥਿਤੀ ਵਿੱਚ, ਸੀਬੀਆਈ ਵੱਲੋਂ ਰੋਜ਼ਾਨਾ ਸੁਣਵਾਈ ਲਈ ਦਬਾਅ ਪਾਉਣਾ ਗਲਤ ਹੈ। ਜੱਜ ਨੇ ਕਿਹਾ ਕਿ ਕਾਨੂੰਨ ਮੁਤਾਬਕ ਰੋਜ਼ਾਨਾ ਸੁਣਵਾਈ ਦੇ ਨਿਰਦੇਸ਼ ਉਦੋਂ ਦਿੱਤੇ ਜਾਂਦੇ ਹਨ ਜਦੋਂ ਮੁਲਜ਼ਮਾਂ 'ਤੇ ਦੋਸ਼ ਤੈਅ ਹੋ ਚੁੱਕੇ ਹੋਣ ਅਤੇ ਗਵਾਹੀਆਂ ਦਾ ਦੌਰ ਸ਼ੁਰੂ ਹੋਣਾ ਹੋਵੇ। ਇਸ ਲਈ ਇਸ ਸ਼ੁਰੂਆਤੀ ਪੜਾਅ 'ਤੇ ਸੀਬੀਆਈ ਦੀ ਇਹ ਮੰਗ ਪ੍ਰਵਾਨ ਨਹੀਂ ਕੀਤੀ ਜਾ ਸਕਦੀ।

ਸੀਬੀਆਈ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਨ੍ਹਾਂ ਨੇ ਜਾਂਚ ਮੁਕੰਮਲ ਕਰਕੇ 3 ਦਸੰਬਰ 2025 ਨੂੰ ਚਾਰਜਸ਼ੀਟ ਦਾਇਰ ਕਰ ਦਿੱਤੀ ਸੀ ਅਤੇ ਅਦਾਲਤ ਨੇ 13 ਮਾਰਚ 2026 ਨੂੰ ਇਸ ਦਾ ਨੋਟਿਸ ਵੀ ਲੈ ਲਿਆ ਸੀ। ਇਸ ਤੋਂ ਪਹਿਲਾਂ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭੁੱਲਰ ਦੀ ਜ਼ਮਾਨਤ ਰੱਦ ਕਰਦਿਆਂ ਖ਼ਦਸ਼ਾ ਪ੍ਰਗਟਾਇਆ ਸੀ ਕਿ ਕੇਸ ਅਜੇ ਬਿਲਕੁਲ ਸ਼ੁਰੂਆਤੀ ਦੌਰ ਵਿੱਚ ਹੈ ਅਤੇ ਜੇਕਰ ਮੁਲਜ਼ਮ ਬਾਹਰ ਆਇਆ ਤਾਂ ਉਹ ਮੁੱਖ ਗਵਾਹਾਂ ਨੂੰ ਡਰਾ-ਧਮਕਾ ਕੇ ਪ੍ਰਭਾਵਿਤ ਕਰ ਸਕਦਾ ਹੈ। ਇਸ ਤੋਂ ਬਾਅਦ 10 ਅਪਰੈਲ 2026 ਨੂੰ ਸੁਪਰੀਮ ਕੋਰਟ ਨੇ ਵੀ ਭੁੱਲਰ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਸੀ ਪਰ ਨਾਲ ਹੀ ਇਹ ਹੁਕਮ ਦਿੱਤਾ ਸੀ ਕਿ ਜੇਕਰ ਅਗਲੇ ਦੋ ਮਹੀਨਿਆਂ ਦੇ ਅੰਦਰ ਟਰਾਇਲ (ਅਦਾਲਤੀ ਸੁਣਵਾਈ) ਸ਼ੁਰੂ ਨਹੀਂ ਹੁੰਦਾ ਤਾਂ ਮੁਲਜ਼ਮ ਰਾਹਤ ਲਈ ਦੁਬਾਰਾ ਹਾਈ ਕੋਰਟ ਜਾ ਸਕਦਾ ਹੈ। ਸੀਬੀਆਈ ਨੇ ਇਸੇ ਹੁਕਮ ਦਾ ਹਵਾਲਾ ਦੇ ਕੇ ਕੇਸ ਤੇਜ਼ੀ ਨਾਲ ਚਲਾਉਣ ਦੀ ਮੰਗ ਕੀਤੀ ਸੀ।

ਦੂਜੇ ਪਾਸੇ ਭੁੱਲਰ ਦੇ ਵਕੀਲਾਂ (ਸੀਨੀਅਰ ਐਡਵੋਕੇਟ ਸਰਤੇਜ ਸਿੰਘ ਨਰੂਲਾ ਅਤੇ ਐੱਸ.ਪੀ.ਐੱਸ. ਭੁੱਲਰ) ਨੇ ਸੀਬੀਆਈ ਦੀ ਇਸ ਮੰਗ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਦਲੀਲ ਦਿੱਤੀ ਕਿ ਸੀਬੀਆਈ ਦੀ ਇਹ ਅਰਜ਼ੀ ਬੇਬੁਨਿਆਦ ਹੈ ਅਤੇ ਇਹ ਸਿਰਫ਼ ਮੁਲਜ਼ਮ ਨੂੰ ਲੰਮੇ ਸਮੇਂ ਤੱਕ ਜੇਲ੍ਹ ਵਿੱਚ ਰੱਖਣ ਦੀ ਇੱਕ ਚਾਲ ਹੈ। ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫਿਲਹਾਲ ਰੋਜ਼ਾਨਾ ਸੁਣਵਾਈ ਦੀ ਮੰਗ ਨੂੰ ਅਸਵੀਕਾਰ ਕਰ ਦਿੱਤਾ ਹੈ।


ਦੱਸਣਯੋਗ ਹੈ ਕਿ ਸੀਬੀਆਈ ਨੇ ਇਹ ਮਾਮਲਾ 16 ਅਕਤੂਬਰ 2025 ਨੂੰ ਆਕਾਸ਼ ਬੱਤਾ ਦੀ ਸ਼ਿਕਾਇਤ 'ਤੇ ਦਰਜ ਕੀਤਾ ਸੀ। ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਅਤੇ ਸਾਥੀ ਕ੍ਰਿਸ਼ਨੂ ਸ਼ਾਰਦਾ ਨੂੰ 5 ਲੱਖ ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਗਿਆ ਸੀ।




# ਕਾਕਰੋਚ ਜਨਤਾ ਪਾਰਟੀ ਦੇ ਨਾਮ 'ਤੇ ਪੰਜਾਬ 'ਚ ਸਕੈਮ

## ਲੋਕਾਂ ਨੂੰ ਲਿੰਕ ਕੇ ਭੇਜ ਕੇ ਠੱਗਿਆ ਜਾ ਰਿਹਾ






ਪੰਜਾਬ ਵਿੱਚ ਹੁਣ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਨਾਮ 'ਤੇ ਸਾਈਬਰ ਧੋਖਾਧੜੀ ਹੋ ਰਹੀ ਹੈ। ਧੋਖੇਬਾਜ਼ ਲੋਕਾਂ ਨੂੰ ਸੀਜੇਪੀ ਦੇ ਨਾਮ 'ਤੇ ਲਿੰਕ ਭੇਜ ਰਹੇ ਹਨ ਅਤੇ ਉਨ੍ਹਾਂ ਦੀ ਵਰਤੋਂ ਕਰਕੇ ਉਨ੍ਹਾਂ ਨਾਲ ਧੋਖਾ ਕਰ ਰਹੇ ਹਨ। ਲੁਧਿਆਣਾ ਪੁਲਿਸ ਨੇ ਇਸ ਨਵੀਂ ਧੋਖਾਧੜੀ ਤੋਂ ਆਮ ਲੋਕਾਂ ਨੂੰ ਬਚਾਉਣ ਅਤੇ ਜਾਗਰੂਕ ਕਰਨ ਲਈ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਪੇਜ 'ਤੇ ਇੱਕ ਵੀਡੀਓ ਵੀ ਜਾਰੀ ਕੀਤਾ ਹੈ।

ਇਸ 42 ਸਕਿੰਟ ਦੇ ਵੀਡੀਓ ਵਿੱਚ, ਪੁਲਿਸ ਅਧਿਕਾਰੀ ਅਮਰਿੰਦਰ ਸਿੰਘ ਨੇ ਵਿਸਥਾਰ ਵਿੱਚ ਦੱਸਿਆ ਹੈ ਕਿ ਕਿਵੇਂ ਇੱਕ ਛੋਟੀ ਜਿਹੀ ਗਲਤੀ ਲੋਕਾਂ ਨੂੰ ਚੂਨਾ ਲਗਾ ਸਕਦੀ ਹੈ। ਪੁਲਿਸ ਦੇ ਅਨੁਸਾਰ, ਸਾਈਬਰ ਅਪਰਾਧੀ ਵਟਸਐਪ 'ਤੇ ਲੋਕਾਂ ਨੂੰ ਸੁਨੇਹੇ ਭੇਜ ਰਹੇ ਹਨ ਤੇ ਕਾਕਰੋਚ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਲਈ ਲਿੰਕ ਭੇਜਿਆ ਜਾ ਰਿਹਾ ਹੈ।

ਵੀਡੀਓ ਵਿੱਚ, ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਵਟਸਐਪ 'ਤੇ ਭੇਜਿਆ ਜਾ ਰਿਹਾ ਇਹ ਲਿੰਕ ਅਸਲ ਵਿੱਚ ਇੱਕ ਫਿਸ਼ਿੰਗ ਲਿੰਕ ਹੈ। ਜਿਵੇਂ ਹੀ ਕੋਈ ਲਿੰਕ 'ਤੇ ਕਲਿੱਕ ਕਰੇਗਾ ਉਸ ਦਾ ਮੋਬਾਈਲ ਫੋਨ ਤੁਰੰਤ ਹੈਕ ਹੋ ਜਾਵੇਗਾ। ਜਿਵੇਂ ਹੀ ਫ਼ੋਨ ਹੈਕ ਹੋਵੇਗਾ ਪੀੜਤ ਦੇ ਫ਼ੋਨ ਵਿੱਚ ਮੌਜੂਦ ਸਾਰੇ ਬੈਂਕ ਵੇਰਵੇ, ਪਾਸਵਰਡ ਅਤੇ ਨਿੱਜੀ ਡੇਟਾ ਸਿੱਧੇ ਘੁਟਾਲੇਬਾਜ਼ਾਂ ਤੱਕ ਪਹੁੰਚ ਜਾਣਗੇ। ਇਸ ਡੇਟਾ ਦੀ ਵਰਤੋਂ ਕਰਕੇ, ਧੋਖਾਧੜੀ ਕਰਨ ਵਾਲੇ ਨਾ ਸਿਰਫ਼ ਬੈਂਕ ਖਾਤੇ ਵਿੱਚੋਂ ਸਾਰੇ ਪੈਸੇ ਟ੍ਰਾਂਸਫਰ ਕਰਦੇ ਹਨ, ਸਗੋਂ ਪੀੜਤ ਦੇ ਨਾਮ 'ਤੇ ਲੱਖਾਂ ਰੁਪਏ ਦਾ ਕਰਜ਼ਾ ਵੀ ਲੈ ਸਕਦੇ ਹਨ।

ਲੁਧਿਆਣਾ ਪੁਲਿਸ ਕਮਿਸ਼ਨਰੇਟ ਨੇ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਕਿਸੇ ਵੀ ਅਣਜਾਣ ਲਿੰਕਾਂ 'ਤੇ ਕਲਿੱਕ ਨਾ ਕਰਨ। ਇਸ ਨਾਲ ਤੁਹਾਡੀ ਜ਼ਿੰਦਗੀ ਦੀ ਬੱਚਤ ਮਿੰਟਾਂ ਵਿੱਚ ਖਤਮ ਹੋ ਸਕਦੀ ਹੈ। ਜੇਕਰ ਕੋਈ ਗਲਤੀ ਨਾਲ ਅਜਿਹੀ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੋ ਜਾਂਦਾ ਹੈ, ਤਾਂ ਘਬਰਾਉਣ ਦੀ ਬਜਾਏ, ਤੁਰੰਤ ਸਾਈਬਰ ਹੈਲਪਲਾਈਨ ਨੰਬਰ 1930 'ਤੇ ਡਾਇਲ ਕਰੋ।

ਸਮੇਂ ਸਿਰ ਸ਼ਿਕਾਇਤ ਦਰਜ ਕਰਨ ਨਾਲ ਤੁਹਾਡੇ ਬੈਂਕ ਖਾਤੇ ਵਿੱਚੋਂ ਚੋਰੀ ਹੋਏ ਪੈਸੇ ਨੂੰ ਰੋਕ ਕੇ ਵਾਪਸ ਮਿਲਣ ਦੀ ਸੰਭਾਵਨਾ ਵੱਧ ਜਾਂਦੀ ਹੈ।

# ਅਮਰੀਕਾ 'ਚ ਵੱਡੇ explosion ਦਾ ਖਦਸ਼ਾ, ਸ਼ਹਿਰ ਕਰਵਾਇਆ ਖ਼ਾਲੀ

## * 40 ਹਜ਼ਾਰ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਭੇਜਿਆ
## * ਖ਼ਤਰਨਾਕ ਕੈਮੀਕਲ ਅੱਗੇ ਬੇਵਸ ਹੋ ਗਏ ਐਮਰਜੰਸੀ ਕਾਮੇ



ਕੈਲੇਫੋਰਨੀਆ : ਅਮਰੀਕਾ ਵਿਚ ਵੱਡਾ ਧਮਾਕਾ ਹੋਣ ਵਾਲਾ ਹੈ ਅਤੇ 40 ਹਜ਼ਾਰ ਤੋਂ ਵੱਧ ਲੋਕਾਂ ਨੂੰ ਘਰ-ਬਾਰ ਛੱਡਣ ਦੇ ਹੁਕਮ ਦੇ ਦਿਤੇ ਗਏ। 34 ਹਜ਼ਾਰ ਗੈਲਨ ਖ਼ਤਰਨਾਕ ਕੈਮੀਕਲ ਨੂੰ ਸੰਭਾਲਣਾ ਰਾਹਤ ਕਾਮਿਆਂ ਦੇ ਵਸ ਵਿਚ ਨਹੀਂ ਰਿਹਾ ਅਤੇ ਧਮਾਕਾ ਹੋਣ ਦੀ ਸੂਰਤ ਵਿਚ ਆਲੇ-ਦੁਆਲੇ ਮੌਜੂਦ ਹਰ ਚੀਜ਼ ਦੇ ਪਰਖੱਚੇ ਉਡ ਜਾਣਗੇ। ਜੀ ਹਾਂ, ਅੰਤਮ ਰਿਪੋਰਟ ਮਿਲਣ ਤੱਕ ਕੈਲੇਫੋਰਨੀਆ ਦੀ ਔਰੇਂਜ ਕਾਉਂਟੀ ਵਿਚ ਮੇਥਲ ਮੈਟੈਕ੍ਰੀਲੇਟ ਲੀਕ ਹੋਣ ਦਾ ਖ਼ਤਰਾ ਕਾਇਮ ਹੈ ਅਤੇ ਧਮਾਕਾ ਰੋਕਣ ਦੇ ਪ੍ਰਬੰਧ ਬਹੁਤੇ ਕਾਰਗਰ ਨਜ਼ਰ ਨਾ ਆਏ।

ਮੇਥਲ ਮੈਟੈਕ੍ਰੀਲੇਟ ਦੀ ਵਰਤੋਂ ਪਲਾਸਟਿਕ ਵਸਤਾਂ ਤਿਆਰ ਕਰਨ ਅਤੇ ਐਰੋਸਪੇਸ ਖੇਤਰ ਵਿਚ ਕੀਤੀ ਜਾਂਦੀ ਹੈ ਜੋ ਬੇਹੱਦ ਜ਼ਹਿਰੀਲਾ ਅਤੇ ਬਲਣਸ਼ੀਲ ਹੁੰਦਾ ਹੈ। ਔਰੇਂਜ ਕਾਉਂਟੀ ਦੀ ਫਾਇਰ ਅਥੌਰਿਟੀ ਡਵੀਜ਼ਨ ਦੇ ਮੁਖੀ ਕ੍ਰੇਗ ਕੌਵੀ ਨੇ ਧਮਾਕਾ ਟਲਦਾ ਨਜ਼ਰ ਨਹੀਂ ਆਉਂਦਾ। ਇਲਾਕੇ ਦੇ ਸਿਹਤ ਮਹਿਕਮੇ ਵੱਲੋਂ ਚਿਤਾਵਨੀ ਦਿਤੀ ਗਈ ਹੈ ਕਿ ਕੈਮੀਕਲ ਦੇ ਸੰਪਰਕ ਵਿਚ ਆਉਣ ਮਗਰੋਂ ਸਾਹ ਲੈਣ ਵਿਚ ਦਿੱਕਤ, ਚੱਕਰ ਆਉਣੇ, ਜੀਅ ਘਬਰਾਉਣਾ ਅਤੇ ਅੱਖਾਂ ਵਿਚ ਰੜਕ ਵਰਗੀਆਂ ਸਮੱਸਿਆਵਾਂ ਸਾਹਮਣੇ ਆ ਸਕਦੀਆਂ ਹਨ।

ਦੱਸਿਆ ਜਾ ਰਿਹਾ ਹੈ ਕਿ ਕੈਮੀਲਕ ਵਾਲੇ ਟੈਂਕ ਦਾ ਟੈਂਪਰੇਚਰ ਲਗਾਤਾਰ ਵਧ ਰਿਹਾ ਹੈ ਅਤੇ ਵਾਲਵ ਨੁਕਸਾਨਿਆ ਜਾਣ ਕਰ ਕੇ ਕੈਮੀਕਲ ਨੂੰ ਸੁਰੱਖਿਅਤ ਤਰੀਕੇ ਨਾਲ ਕੱਢਣਾ ਜਾਂ ਬੇਅਸਰ ਕਰਨਾ ਮੁਸ਼ਕਲ ਹੋ ਗਿਆ ਹੈ। ਧਮਾਕਾ ਹੋਣ ਦੀ ਸੂਰਤ ਵਿਚ ਆਲੇ ਦੁਆਲੇ ਮੌਜੂਦ ਫਿਊਲ ਟੈਂਕਸ ਨੂੰ ਅੱਗ ਲੱਗ ਜਾਵੇਗੀ ਅਤੇ ਇਨ੍ਹਾਂ ਵਿਚ ਵੀ ਵੱਡਾ ਧਮਾਕਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਡਰੋਨਜ਼ ਰਾਹੀਂ ਕੈਮੀਕਲ ਟੈਂਕ ਦੇ ਤਾਪਮਾਨ ਉਤੇ ਨਜ਼ਰ ਰੱਖੀ ਜਾ ਰਹੀ ਹੈ। ਐਮਰਜੰਸੀ ਕਾਮਿਆਂ ਵੱਲੋਂ ਪੂਰੇ ਅਮਰੀਕਾ ਦੇ ਮਾਹਰਾਂ ਨਾਲ ਸੰਪਰਕ ਕੀਤਾ ਗਿਆ ਹੈ ਤਾਂ ਕਿ ਗਾਰਡਨ ਗਰੋਵ ਸ਼ਹਿਰ ਵਿਚ ਤਬਾਹੀ ਨੂੰ ਰੋਕਿਆ ਜਾ ਸਕੇ। ਦੱਸ ਦੇਈਏ ਕਿ ਜੀ.ਕੇ.ਐਲ. ਐਰੋਸਪੇਸ ਨਾਂ ਕਾਰਖਾਨੇ ਵਿਚ ਇਹ ਸੰਕਟ ਪੈਦਾ ਹੋਇਆ ਹੈ ਜਿਥੇ ਕਮਰਸ਼ੀਅਲ ਅਤੇ ਫ਼ੌਜ ਦੇ ਹਵਾਈ ਜਹਾਜ਼ਾਂ ਦੇ ਕਲ-ਪੁਰਜ਼ੇ ਤਿਆਰ ਕੀਤੇ ਜਾਂਦੇ ਹਨ। ਟੈਂਕ ਨੂੰ ਠੰਢਾ ਰੱਖਣ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਪਰ ਰਾਤੋ ਰਾਤ ਹਾਲਾਤ ਬਦਤਰ ਹੋਣ ਤੋਂ ਇਨਕਾਰ ਵੀ ਨਹੀਂ ਕੀਤਾ ਗਿਆ। ਦੂਜੇ ਪਾਸੇ ਘਰ-ਬਾਰ ਛੱਡਣ ਲਈ ਮਜਬੂਰ ਲੋਕਾਂ ਵਾਸਤੇ ਇਹ ਫ਼ੈਸਲਾ ਕਰਨਾ ਮੁਸ਼ਕਲ ਹੋ ਗਿਆ ਕਿ ਕਿੰਨਾ ਜ਼ਰੂਰੀ ਸਮਾਨ ਆਪਣੇ ਨਾਲ ਲੈ ਕੇ ਜਾਣ।

# 'ਪਹਿਲਾਂ ਅਮਰੀਕਾ ਛੱਡੋ, ਫਿਰ ਕਰੋ ਅਪਲਾਈ...'

## ਟਰੰਪ ਪ੍ਰਸ਼ਾਸਨ ਨੇ ਗ੍ਰੀਨ ਕਾਰਡ ਨਿਯਮਾਂ 'ਚ ਕੀਤਾ ਬਦਲਾਅ




ਅਮਰੀਕਾ ਵਿਚ ਪਰਮਾਨੈਂਟ ਰੈਜੀਡੈਂਸ (PR) ਦੀ ਉਮੀਦ ਰੱਖਣ ਵਾਲੇ ਹੁਣ ਸੈਂਕੜੇ ਭਾਰਤੀਆਂ ਲਈ ਵੱਡੀ ਮੁਸੀਬਤ ਆ ਸਕਦੀ ਹੈ। ਟਰੰਪ ਪ੍ਰਸ਼ਾਸਨ ਨੇ ਬੀਤੇ ਦਿਨੀਂ ਐਲਾਨ ਕਰਦੇ ਹੋਏ ਕਿਹਾ ਕਿ ਜੋ ਪ੍ਰਵਾਸੀ ਅਮਰੀਕਾ ਵਿਚ ਰਹਿਣ ਲਈ ਗ੍ਰੀਨ ਕਾਰਡ ਲੈਣਾ ਚਾਹੁੰਦੇ ਹਨ, ਉਨ੍ਹਾਂ ਨੂੰ ਪ੍ਰਕਿਰਿਆ ਦੌਰਾਨ ਅਮਰੀਕਾ ਵਿਚ ਰਹਿਣ ਦੇ ਬਦਲੇ ਆਪਣੀ ਹੋਮ ਕੰਟਰੀ ਤੋਂ ਅਪਲਾਈ ਕਰਨਾ ਹੋਵੇਗਾ। ਅਮਰੀਕੀ ਨਾਗਰਿਕਤਾ ਤੇ ਇਮੀਗ੍ਰੇਸ਼ਨ ਸੇਵਾ ਵੱਲੋਂ ਜਾਰੀ ਨਵੀਂ ਗਾਈਡਲਾਈਨ ਤਹਿਤ ਜੋ ਗ੍ਰੀਨ ਕਾਰਡ ਲਈ ਅਡਜਟਸਮੈਂਟ ਸਟੇਟਸ ਚਾਹੁੰਦੇ ਹਨ, ਉਨ੍ਹਾਂ ਨੂੰ ਇਸ ਪ੍ਰਕਿਰਿਆ ਦੌਰਾਨ ਅਮਰੀਕਾ ਵਿਚ ਰਹਿਣ ਬਦਲੇ ਆਪਣੇ ਦੇਸ਼ ਤੋਂ ਹੀ ਅਪਲਾਈ ਕਰਨਾ ਹੋਵੇਗਾ। ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਰਾਹੀਂ ਉਨ੍ਹਾਂ ਨੂੰ ਅਰਜ਼ੀ ਦੇਣੀ ਪਵੇਗੀ।

ਗ੍ਰੀਨ ਗਾਰਡ ਹੋਲਡਰ ਅਮਰੀਕਾ ਵਿਚ ਕਿਤੇ ਵੀ ਰਹਿ ਸਕਦਾ ਹੈ, ਕਈ ਕੰਪਨੀਆਂ ਲਈ ਕੰਮ ਕਰ ਸਕਦਾ ਹੈ। ਅਮਰੀਕਾ ਵਿਚ ਪੜ੍ਹਾਈ ਕਰ ਸਕਦਾ ਹੈ। ਦੇਸ਼ ਦੇ ਅੰਦਰ ਤੇ ਬਾਹਰ ਯਾਤਰਾ ਕਰ ਸਕਦਾ ਹੈ ਤੇ ਯੋਗ ਹੋਣ 'ਤੇ ਅਮਰੀਕੀ ਨਾਗਰਿਕਤਾ ਲਈ ਅਪਲਾਈ ਕਰ ਸਕਦਾ ਹੈ। USCIS ਦੇ ਬੁਲਾਰੇ ਨੇ ਕਿਹਾ ਕਿ ਹੁਣ ਕੋਈ ਵੀ ਵਿਦੇਸ਼ੀ ਜੋ ਅਸਥਾਈ ਤੌਰ ਤੋ ਅਮਰੀਕਾ ਵਿਚ ਹੈ ਤੇ ਗ੍ਰੀਨ ਕਾਰਡ ਚਾਹੁੰਦਾ ਹੈ, ਉਸ ਨੂੰ ਅਪਲਾਈ ਕਰਨ ਲਈ ਆਪਣੇ ਗ੍ਰਹਿ ਦੇਸ਼ ਪਰਤਣਾ ਹੋਵੇਗਾ।

ਅਮਰੀਕੀ ਪ੍ਰਸ਼ਾਸਨ ਦੇ ਇਸ ਕਦਮ ਦਾ ਉਥੇ ਰਹਿ ਰਹੇ ਇੰਟਰਨੈਸ਼ਨਲ ਸਟੂਡੈਂਟਸ, H-1B ਵੀਜ਼ਾ ਹੋਲਡਰਸ ਤੇ ਸੈਲਾਨੀਆਂ 'ਤੇ ਕਾਫੀ ਅਸਰ ਪੈ ਸਕਦਾ ਹੈ ਜੋ ਬਿਨਾਂ ਦੇਸ਼ ਛੱਡੇ ਪਰਮਾਨੈਂਟ ਰੈਜੀਡੈਂਸੀ ਦੀ ਉਮੀਦ ਲਗਾ ਰਹੇ ਸੀ। ਅਮਰੀਕਾ ਦੇ ਹੋਮਲੈਂਡ ਸੁਰੱਖਿਆ ਵਿਭਾਗ ਨੇ ਲਿਖਿਆ ਜੋ ਵਿਦੇਸ਼ੀ ਨਾਗਰਿਕ ਅਸਥਾਈ ਤੌਰ ਤੋ ਅਮਰੀਕਾ ਵਿਚ ਹਨ ਤੇ ਗ੍ਰੀਨ ਕਾਰਡ ਚਾਹੁੰਦੇ ਹਨ ਉਨ੍ਹਾਂ ਨੂੰ ਅਪਲਾਈ ਕਰਨ ਲਈ ਆਪਣੇ ਗ੍ਰਹਿ ਦੇਸ਼ ਪਰਤਣਾ ਹੋਵੇਗਾ। ਇਹ ਨੀਤੀ ਸਾਡੇ ਇਮੀਗ੍ਰੇਸ਼ਨ ਸਿਸਟਮ ਨੂੰ ਕਾਨੂੰਨ ਮੁਤਾਬਕ ਕੰਮ ਕਰਨ ਦੀ ਇਜਾਜ਼ਤ ਦਿੰਦੀ ਹੈ।

# ਰਾਸ਼ਟਰਪਤੀ ਟਰੰਪ ਆਪਣੇ ਬੇਟੇ ਦੇ ਵਿਆਹ ਸਮਾਗਮ 'ਚ ਨਹੀਂ ਹੋਣਗੇ ਸ਼ਾਮਲ

## 'ਟਰੁਥ ਸੋਸ਼ਲ' 'ਤੇ ਖ਼ੁਦ ਦੱਸੀ ਵਜ੍ਹਾ !



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਹਫ਼ਤੇ ਦੇ ਅਖੀਰ ਵਿੱਚ ਆਪਣੇ ਸਭ ਤੋਂ ਵੱਡੇ ਬੇਟੇ ਡੋਨਾਲਡ ਟਰੰਪ ਜੂਨੀਅਰ ਦੇ ਵਿਆਹ ਵਿੱਚ ਸ਼ਾਮਲ ਨਹੀਂ ਹੋਣਗੇ। ਉਹਨਾਂ ਨੇ ਖੁਦ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਇਸ ਦੀ ਜਾਣਕਾਰੀ ਦਿੱਤੀ ਹੈ।

ਟਰੰਪ ਨੇ ਇਸ ਦਾ ਕਾਰਨ ਅੰਤਰਰਾਸ਼ਟਰੀ ਹਾਲਾਤ ਅਤੇ ਸਰਕਾਰ ਨਾਲ ਜੁੜੇ ਬੇਹੱਦ ਅਹਿਮ ਮਾਮਲਿਆਂ ਨੂੰ ਦੱਸਿਆ ਹੈ। ਡੋਨਾਲਡ ਟਰੰਪ ਜੂਨੀਅਰ ਦਾ ਵਿਆਹ ਬੇਟੀਨਾ ਐਂਡਰਸਨ ਨਾਲ ਹੋਣ ਜਾ ਰਿਹਾ ਹੈ।

ਟਰੰਪ ਨੇ ਕਿਹਾ ਕਿ ਵਾਸ਼ਿੰਗਟਨ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਕਾਰਨ ਉਹਨਾਂ ਨੂੰ ਵ੍ਹਾਈਟ ਹਾਊਸ ਵਿੱਚ ਹੀ ਰਹਿਣਾ ਪਵੇਗਾ। ਇਸ ਤੋਂ ਪਹਿਲਾਂ ਅਮਰੀਕੀ ਮੀਡੀਆ ਰਿਪੋਰਟਾਂ ਵਿੱਚ ਦੱਸਿਆ ਗਿਆ ਸੀ ਕਿ ਰਾਸ਼ਟਰਪਤੀ ਟਰੰਪ ਨੇ ਨਿਊ ਜਰਸੀ ਸਥਿਤ ਗੋਲਫ਼ ਪ੍ਰਾਪਰਟੀ 'ਤੇ ਰੁਕਣ ਦਾ ਪਲਾਨ ਰੱਦ ਕਰ ਦਿੱਤਾ ਹੈ ਅਤੇ ਵ੍ਹਾਈਟ ਹਾਊਸ ਪਰਤ ਆਏ ਹਨ।

ਟਰੰਪ ਨੇ ਟਰੁਥ ਸੋਸ਼ਲ 'ਤੇ ਲਿਖਿਆ, "ਹਾਲਾਂਕਿ ਮੈਂ ਆਪਣੇ ਪੁੱਤਰ ਡੌਨ ਜੂਨੀਅਰ ਅਤੇ ਟਰੰਪ ਪਰਿਵਾਰ ਦੇ ਸਭ ਤੋਂ ਨਵੇਂ ਮੈਂਬਰ, ਉਸਦੀ ਹੋਣ ਵਾਲੀ ਪਤਨੀ, ਬੈਟੀਨਾ ਨਾਲ ਰਹਿਣਾ ਚਾਹੁੰਦਾ ਸੀ, ਪਰ ਸਰਕਾਰ ਨਾਲ ਸਬੰਧਤ ਹਾਲਾਤਾਂ ਅਤੇ ਅਮਰੀਕਾ ਪ੍ਰਤੀ ਮੇਰੇ ਪਿਆਰ ਕਾਰਨ ਮੈਂ ਅਜਿਹਾ ਨਹੀਂ ਕਰ ਸਕਦਾ।"

ਟਰੰਪ ਨੇ ਅੱਗੇ ਲਿਖਿਆ ਕਿ ਮੈਨੂੰ ਲੱਗਦਾ ਹੈ ਕਿ ਇਸ ਮਹੱਤਵਪੂਰਨ ਸਮੇਂ ਦੌਰਾਨ ਮੇਰੇ ਲਈ ਵਾਸ਼ਿੰਗਟਨ ਵਿੱਚ ਵ੍ਹਾਈਟ ਹਾਊਸ ਵਿੱਚ ਰਹਿਣਾ ਜ਼ਰੂਰੀ ਹੈ।

ਦੱਸ ਦਈਏ ਕਿ ਟਰੰਪ ਨੇ ਇੱਕ ਦਿਨ ਪਹਿਲਾਂ ਹੀ ਸੰਕੇਤ ਦਿੱਤਾ ਸੀ ਕਿ ਉਹ ਬੇਟੇ ਦੇ ਵਿਆਹ ਤੋਂ ਦੂਰ ਰਹਿ ਸਕਦੇ ਹਨ। ਇਸ ਦੇ ਲਈ ਉਹਨਾਂ ਨੇ ਈਰਾਨ ਨੂੰ ਵਜ੍ਹਾ ਦੱਸਿਆ ਸੀ। ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਮੇਰੇ ਕੋਲ ਈਰਾਨ ਅਤੇ ਕੁਝ ਹੋਰ ਮਾਮਲੇ ਹਨ। ਉਹਨਾਂ ਨੇ ਕਿਹਾ ਕਿ ਟਰੰਪ ਜੂਨੀਅਰ ਚਾਹੁੰਦੇ ਸਨ ਕਿ ਉਹ ਇਸ ਸਮਾਰੋਹ ਵਿੱਚ ਸ਼ਾਮਲ ਹੋਣ।

ਟਰੰਪ ਨੇ ਆਪਣੀ ਗੱਲ ਰੱਖਦਿਆਂ ਕਿਹਾ ਕਿ ਜੇਕਰ ਉਹ ਵਿਆਹ ਵਿੱਚ ਸ਼ਾਮਲ ਹੁੰਦੇ ਹਨ ਤਾਂ ਆਲੋਚਨਾ ਹੋਵੇਗੀ ਅਤੇ ਜੇਕਰ ਨਹੀਂ ਜਾਂਦੇ ਹਨ ਤਾਂ ਵੀ ਸਵਾਲ ਚੁੱਕੇ ਜਾਣਗੇ। ਦੱਸ ਦਈਏ ਕਿ ਵਿਆਹ ਦਾ ਸਮਾਰੋਹ ਬਹਾਮਾਸ ਦੇ ਇੱਕ ਛੋਟੇ ਜਿਹੇ ਟਾਪੂ 'ਤੇ ਹੋਵੇਗਾ, ਜਿਸ ਵਿੱਚ ਪਰਿਵਾਰ ਦੇ ਕਰੀਬੀ ਮੈਂਬਰ ਅਤੇ ਦੋਸਤ ਸ਼ਾਮਲ ਹੋਣਗੇ।

# ਦੁਨੀਆ ਦਾ ਸਭ ਤੋਂ ਸੋਹਣਾ ਮਨੁੱਖ





ਸੰਸਾਰ ਭਰ ਦੀ ਕੇਂਦਰੀ ਸੰਸਥਾ ਯੂ. ਐਨ. ਓ ਨੂੰ ਜਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਮਹਾਨ ਗੁਰ ਉਪਦੇਸ਼ਾਂ ਦਾ ਪਤਾ ਲੱਗਿਆ, ਉਹਨਾਂ ਨੇ ਇਸ ਵਿੱਚੋਂ ਕੁਝ ਖਾਸ ਬਾਣੀਆਂ ਦਾ ਉਲੱਥਾ ਅੰਗਰੇਜ਼ੀ ਤੇ ਕਈ ਹੋਰ ਭਾਸ਼ਾਵਾਂ ਵਿੱਚ ਛਪਾਇਆ। ਇਸ ਗ੍ਰੰਥ ਦੇ ਤਿਆਰ ਹੋਣ ਤੇ ਇਸ ਦਾ ਮੁੱਖਬੰਦ ਲਿਖਣ ਲਈ ਇੰਗਲੈਂਡ ਦੇ ਪ੍ਰਸਿੱਧ ਖੋਜੀ ਇਤਿਹਾਸਕਾਰ ਮਿਸਟਰ ਤਿਆਨਬੀ (J.E. Teanby) ਨੂੰ ਚੁਣਿਆ ਗਿਆ। ਮਿਸਟਰ ਤਿਆਨਬੀ ਨੇ ਸਾਰੀ ਮਨੁੱਖਤਾ ਦਾ ਇਤਿਹਾਸ 20 ਜਿਲਦਾਂ ਵਿੱਚ ਲਿਖਿਆ ਹੈ।

ਇੱਕ ਵਾਰ ਇੱਕ ਅਮਰੀਕਨ ਔਰਤ ਨੇ ਇਸ ਵਿਦਵਾਨ ਲੇਖਕ ਮਿਸਟਰ ਤਿਆਨਬੀ ਨੂੰ ਪੁੱਛਿਆ ਕਿ ਤੁਸੀਂ ਸੰਸਾਰ ਭਰ ਦੇ ਲੋਕਾਂ ਬਾਰੇ ਲਿਖਿਆ ਹੈ। ਇੱਕ-ਇੱਕ ਫਿਰਕੇ ਤੇ ਇੱਕ-ਇੱਕ ਜਾਤ ਦੇ ਲੋਕਾਂ ਨੂੰ ਮਿਲੇ ਹੋ। ਉਨ੍ਹਾਂ ਦੀਆਂ ਰੀਤਾਂ-ਰਿਵਾਜਾਂ ਅਤੇ ਹੋਰ ਧਾਰਮਿਕ ਫ਼ਲਸਫ਼ੇ ਨੂੰ ਜਾਣਿਆ ਸਮਝਿਆ ਹੈ ਤੇ ਸੋਚ-ਵਿਚਾਰ ਕੇ ਉਨ੍ਹਾਂ ਬਾਰੇ ਐਨਾ ਕੁਝ ਲਿਖਿਆ ਹੈ। ਆਪਣੇ ਤਜਰਬੇ ਦੇ ਆਧਾਰ ਤੇ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਦੁਨੀਆ ਭਰ ਵਿੱਚ ਸਭ ਤੋਂ ਸੋਹਣਾ ਮਨੁੱਖ ਕੌਣ ਹੈ, ਤਿਆਨਬੀ ਦਾ ਜਵਾਬ ਸੀ, "ਖੁੱਲੀ ਦਾਹੜੀ ਵਾਲਾ ਪੂਰਨ ਗੁਰਸਿੱਖ।"

ਇਸ ਖੁੱਲ੍ਹੀ ਦਾੜ੍ਹੀ ਵਾਲੇ, ਪੂਰਨ ਗੁਰਸਿੱਖ ਦੀ ਸੋਹਣੀ ਸੂਰਤ ਦੀ ਸਿਰਜਣਾ ਅੱਜ ਤੋਂ ਤਕਰੀਬਨ ਤਿੰਨ ਸੌ ਸਾਲ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀਤੀ ਸੀ, ਤੇ ਫਿਰ ਆਪ ਉਨ੍ਹਾਂ ਸੋਹਣਿਆਂ ਦੀ ਕਤਾਰ ਵਿੱਚ ਖੜ੍ਹੇ ਹੋ ਗਏ। ਆਪੇ ਗੁਰ-ਚੇਲਾ।

ਜਿਵੇਂ ਕੋਈ ਕਲਾਕਾਰ ਆਪਣੀ ਕਲਾ ਨੂੰ ਵੇਖ ਕੇ ਵਿਗਸਦਾ ਹੈ, ਵਿਚਾਰ ਕਰਦਾ ਹੈ ਕੀ ਇਤਨੀ ਸੋਹਣੀ ਚੀਜ਼ ਮੈਂ ਬਣਾਈ ਹੈ। ਇਸੇ ਤਰ੍ਹਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਭੀ ਆਪਣੀ ਕਲਾ ਦੀ ਪਹਿਲੀ ਕਿਸ਼ਤ ਨੂੰ ਵੇਖ ਕੇ ਦੰਗ ਰਹਿ ਗਏ ਸਨ।

ਅੰਗਰੇਜ਼ੀ ਦਾ ਨਾਟਕ ਕਾਰ ਜੌਰਜ ਬਰਨਾਰਡ ਸ਼ਾਹ ਨੇ ਪਗਮੇਲੀਅਨ (Pygmalion) ਨਾਮ ਦਾ ਨਾਟਕ ਲਿਖਿਆ ਹੈ, ਜਿਸ ਵਿੱਚ ਲਿਖਿਆ ਹੈ ਕਿ ਪਗਮੇਲੀਅਨ ਨਾਮ ਦਾ ਬੁੱਤਘਾੜਾ ਹੁੰਦਾ ਹੈ ਜੋ ਆਪਣੇ ਆਪ ਨੂੰ ਔਰਤ ਤਸੱਵਰ ਕਰ ਕੇ ਇੱਕ ਬੁੱਤ ਬਣਾਉਂਦਾ ਹੈ। ਬੁੱਤ ਨੂੰ ਵੇਖ ਕੇ ਉਹ ਦੰਗ ਰਹਿ ਜਾਂਦਾ ਹੈ ਤੇ ਉਸ ਬੁੱਤ ਨੂੰ ਪਿਆਰ ਕਰਨ ਲੱਗ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੀ ਘੜੀ ਹੋਈ ਘਾੜਤ ਨੂੰ ਪਿਆਰ ਕਰਨ ਲੱਗ ਜਾਂਦੇ ਹਨ ਤੇ ਉਨ੍ਹਾਂ ਨੂੰ ਪਿਆਰ ਨਾਲ ਪਿਆਰੇ ਕਹਿੰਦੇ ਹਨ,ਪੰਜ ਪਿਆਰੇ। ਬੜੀ ਹਲੀਮੀ ਨਾਲ ਪੁੱਛਦੇ ਹਨ, ਪਿਆਰਿਓ ਕੀ ਤੁਸੀਂ ਮੈਨੂੰ ਵੀ ਆਪਣੇ ਵਰਗਾ ਬਣਾ ਸਕਦੇ ਹੋ।

ਜਿਸ ਤਰ੍ਹਾਂ ਕਾਦਰ ਕੁਦਰਤ ਨੂੰ ਬਣਾ ਕੇ ਆਪ ਇਹਦੇ ਵਿੱਚ ਹੀ ਸਮਾ ਜਾਂਦਾ ਹੈ, "ਬਲਿਹਾਰੀ ਕੁਦਰਤ ਵਸਿਆ।" ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਮੇਰੇ ਭੇਦਾਂ ਭਰੇ ਪਾਤਸ਼ਾਹ, ਆਪਣੇ ਸਿੱਖਾਂ ਵਿੱਚ ਅਭੇਦ ਹੋ ਗਏ, ਇੱਕ ਰੂਪ ਹੋ ਗਏ, ਭਾਵ ਆਪਣੀ ਹੀ ਰੂਪ ਸਮਝਣ ਲੱਗੇ।

ਖਾਲਸਾ ਮੇਰੋ ਰੂਪ ਹੈ ਖਾਸ,
ਖਾਲਸੇ ਮੇਂ ਮੈਂ ਕਰੂ ਨਿਵਾਸ॥

ਲੇਖਕ -ਮਲਕੀਤ ਸਿੰਘ ਸਿੱਧੂ "ਸੇਖਾ "
ਰਿਜਾਇਨਾ ਕੈਨੇਡਾ

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjar
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਸਮਾਜ, ਪੁਲਿਸ ਤੇ ਸਰਕਾਰ : ਆਪਸੀ ਸਬੰਧਾਂ ਦੀ ਹਕੀਕਤ



ਬੁੱਧ ਸਿੰਘ ਨੀਲੋਂ
94643 70823

ਮਨੁੱਖੀ ਜ਼ਿੰਦਗੀ ਵਿੱਚ ਸਮਾਜ ਸਭ ਤੋਂ ਪਹਿਲਾਂ ਆਉਂਦਾ ਹੈ। ਸਮਾਜ ਨੂੰ ਚਲਾਉਣ ਅਤੇ ਉਸ ਵਿੱਚ ਅਮਨ-ਸ਼ਾਂਤੀ ਕਾਇਮ ਰੱਖਣ ਲਈ ਕਾਇਦੇ-ਕਾਨੂੰਨ ਬਣਾਏ ਗਏ, ਜੋ ਅੱਗੇ ਚੱਲ ਕੇ ਸੰਸਥਾਵਾਂ ਦੇ ਰੂਪ ਵਿੱਚ ਵਿਕਸਤ ਹੋਏ। ਪੁਲਿਸ ਵੀ ਇਨ੍ਹਾਂ ਸੰਸਥਾਵਾਂ ਵਿੱਚੋਂ ਇੱਕ ਹੈ। ਇਸ ਲਈ ਪੁਲਿਸ ਤੇ ਲੋਕਾਂ ਦਾ ਰਿਸ਼ਤਾ ਸਿਰਫ਼ ਕਾਨੂੰਨੀ ਨਹੀਂ, ਸਗੋਂ ਸਮਾਜਿਕ ਅਤੇ ਨੈਤਿਕ ਵੀ ਹੈ।

ਪੁਲਿਸ ਲੋਕਾਂ ਵਿੱਚੋਂ ਹੀ ਬਣਦੀ ਹੈ, ਇਸ ਕਰਕੇ ਉਹ ਸਮਾਜ ਤੋਂ ਵੱਖਰੀ ਕੋਈ ਤਾਕਤ ਨਹੀਂ ਹੋਣੀ ਚਾਹੀਦੀ। ਲੋਕ ਟੈਕਸ ਦਿੰਦੇ ਹਨ, ਸਰਕਾਰ ਚੁਣਦੇ ਹਨ ਅਤੇ ਉਸੇ ਪ੍ਰਣਾਲੀ ਰਾਹੀਂ ਪੁਲਿਸ ਨੂੰ ਅਧਿਕਾਰ ਮਿਲਦੇ ਹਨ। ਇਸ ਅਰਥ ਵਿੱਚ ਪੁਲਿਸ ਲੋਕਾਂ ਦੀ ਨੌਕਰ ਹੈ, ਹਾਕਮ ਨਹੀਂ।

ਪਰ ਹਕੀਕਤ ਕਈ ਵਾਰ ਇਸ ਦੇ ਉਲਟ ਦਿਖਾਈ ਦਿੰਦੀ ਹੈ। ਲੋਕ ਪੁਲਿਸ ਨੂੰ ਆਪਣੇ ਹੱਕਾਂ ਦੀ ਰਾਖੀ ਕਰਨ ਵਾਲੀ ਸੰਸਥਾ ਦੀ ਥਾਂ ਡਰ ਅਤੇ ਦਬਾਅ ਦੀ ਤਾਕਤ ਵਜੋਂ ਦੇਖਣ ਲੱਗ ਪੈਂਦੇ ਹਨ। ਇਸ ਦੇ ਪਿੱਛੇ ਇਤਿਹਾਸਕ ਅਤੇ ਪ੍ਰਬੰਧਕੀ ਕਾਰਨ ਵੀ ਹਨ। ਭਾਰਤ ਵਿੱਚ ਪੁਲਿਸ ਦਾ ਢਾਂਚਾ ਅੰਗਰੇਜ਼ੀ ਰਾਜ ਤੋਂ ਆਇਆ, ਜਿੱਥੇ ਪੁਲਿਸ ਦਾ ਮੁੱਖ ਕੰਮ ਲੋਕਾਂ ਦੀ ਸੇਵਾ ਨਾਲੋਂ ਵੱਧ ਰਾਜ ਦੀ ਹਿਫ਼ਾਜ਼ਤ ਕਰਨਾ ਸੀ। ਆਜ਼ਾਦੀ ਤੋਂ ਬਾਅਦ ਸਰਕਾਰਾਂ ਤਾਂ ਬਦਲ ਗਈਆਂ, ਪਰ ਪੁਲਿਸ ਦੀ ਕਾਰਗੁਜ਼ਾਰੀ ਅਤੇ ਸੋਚ ਵਿੱਚ ਪੂਰੀ ਲੋਕਤੰਤਰਿਕ ਤਬਦੀਲੀ ਨਹੀਂ ਆ ਸਕੀ।

ਇਸ ਕਰਕੇ ਅੱਜ ਤਿੰਨ ਤਰ੍ਹਾਂ ਦੇ ਰਿਸ਼ਤੇ ਇਕੱਠੇ ਦਿਖਾਈ ਦਿੰਦੇ ਹਨ—

ਆਦਰ ਦਾ ਰਿਸ਼ਤਾ, ਜਿੱਥੇ ਪੁਲਿਸ ਇਮਾਨਦਾਰੀ ਨਾਲ ਲੋਕਾਂ ਦੀ ਮਦਦ ਕਰਦੀ ਹੈ।

ਡਰ ਦਾ ਰਿਸ਼ਤਾ, ਜਿੱਥੇ ਲੋਕ ਪੁਲਿਸ ਤੋਂ ਇਨਸਾਫ਼ ਨਹੀਂ, ਸਗੋਂ ਤੰਗ-ਪਰੇਸ਼ਾਨੀ ਦਾ ਖ਼ਤਰਾ ਮਹਿਸੂਸ ਕਰਦੇ ਹਨ।

ਸੱਤਾ ਦਾ ਰਿਸ਼ਤਾ, ਜਿੱਥੇ ਪੁਲਿਸ ਕਾਨੂੰਨ ਨਾਲੋਂ ਵੱਧ ਹਾਕਮ ਧਿਰ ਦੇ ਪ੍ਰਭਾਵ ਹੇਠ ਦਿਖਾਈ ਦਿੰਦੀ ਹੈ।

ਜਦੋਂ ਪੁਲਿਸ ਨਿਰਪੱਖ ਰਹਿੰਦੀ ਹੈ ਤਾਂ ਲੋਕ ਉਸਨੂੰ "ਰੱਖਿਆਕਰਤਾ" ਮੰਨਦੇ ਹਨ। ਪਰ ਜਦੋਂ ਉਹ ਸਿਆਸੀ ਦਬਾਅ, ਧਨ-ਬਲ ਜਾਂ ਪ੍ਰਭਾਵਸ਼ਾਲੀ ਲੋਕਾਂ ਅੱਗੇ ਝੁਕਦੀ ਦਿਖੇ, ਤਾਂ ਆਮ ਲੋਕਾਂ ਦਾ ਭਰੋਸਾ ਟੁੱਟ ਜਾਂਦਾ ਹੈ ਅਤੇ ਰਿਸ਼ਤਾ ਟਕਰਾਅ ਵਿੱਚ ਬਦਲ ਜਾਂਦਾ ਹੈ।

ਇਸ ਲਈ ਪੁਲਿਸ ਤੇ ਲੋਕਾਂ ਦਾ ਅਸਲ ਰਿਸ਼ਤਾ ਭਰੋਸੇ, ਜਵਾਬਦੇਹੀ ਅਤੇ ਨਿਆਂ ਉੱਤੇ ਟਿਕਿਆ ਹੋਣਾ ਚਾਹੀਦਾ ਹੈ। ਜੇ ਇਹ ਤਿੰਨ ਚੀਜ਼ਾਂ ਕਮਜ਼ੋਰ ਹੋ ਜਾਣ ਤਾਂ ਪੁਲਿਸ ਅਤੇ ਜਨਤਾ ਵਿਚਕਾਰ ਦੂਰੀ ਵੱਧਦੀ ਜਾਂਦੀ ਹੈ ਅਤੇ ਸਮਾਜ ਵਿੱਚ ਅਸੁਰੱਖਿਆ ਅਤੇ ਗੁੱਸਾ ਪੈਦਾ ਹੁੰਦਾ ਹੈ।

ਸਮਾਜ, ਪੁਲਿਸ ਅਤੇ ਸਰਕਾਰ ਤਿੰਨੇ ਇੱਕ-ਦੂਜੇ ਨਾਲ ਡੂੰਘੇ ਤੌਰ 'ਤੇ ਜੁੜੇ ਹੋਏ ਹਨ। ਇਨ੍ਹਾਂ ਦੇ ਸਬੰਧਾਂ ਨੂੰ ਸਮਝਣ ਲਈ ਇਹ ਵੇਖਣਾ ਪੈਂਦਾ ਹੈ ਕਿ ਤਾਕਤ ਕਿਸ ਕੋਲ ਹੈ, ਜ਼ਿੰਮੇਵਾਰੀ ਕਿਸਦੀ ਹੈ ਅਤੇ ਜਵਾਬਦੇਹੀ ਕਿਸਦੇ ਅੱਗੇ ਹੈ।

ਸਮਾਜ : ਅਸਲ ਤਾਕਤ

ਸਮਾਜ ਲੋਕਾਂ ਦਾ ਸਮੂਹ ਹੈ। ਲੋਕ ਹੀ ਵੋਟ ਪਾਉਂਦੇ ਹਨ, ਟੈਕਸ ਦਿੰਦੇ ਹਨ, ਮਿਹਨਤ ਕਰਦੇ ਹਨ ਅਤੇ ਦੇਸ਼ ਚਲਾਉਂਦੇ ਹਨ। ਲੋਕਤੰਤਰ ਵਿੱਚ ਅਸਲ ਤਾਕਤ ਲੋਕਾਂ ਕੋਲ ਮੰਨੀ ਜਾਂਦੀ ਹੈ। ਸਰਕਾਰ ਅਤੇ ਪੁਲਿਸ ਦੋਵੇਂ ਸਮਾਜ ਦੀ ਸੇਵਾ ਲਈ ਬਣੇ ਢਾਂਚੇ ਹਨ। ਜੇ ਸਮਾਜ ਨਾ ਹੋਵੇ ਤਾਂ ਨਾ ਸਰਕਾਰ ਦੀ ਲੋੜ ਰਹਿੰਦੀ ਹੈ ਅਤੇ ਨਾ ਪੁਲਿਸ ਦੀ।

ਸਰਕਾਰ : ਪ੍ਰਬੰਧ ਚਲਾਉਣ ਵਾਲੀ ਤਾਕਤ


ਸਰਕਾਰ ਲੋਕਾਂ ਵੱਲੋਂ ਚੁਣੀ ਜਾਂਦੀ ਹੈ। ਇਸ ਦਾ ਕੰਮ ਕਾਨੂੰਨ ਬਣਾਉਣਾ, ਪ੍ਰਬੰਧ ਚਲਾਉਣਾ ਅਤੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਹੁੰਦਾ ਹੈ। ਸਰਕਾਰ ਆਪਣੇ ਫ਼ੈਸਲੇ ਲਾਗੂ ਕਰਨ ਲਈ ਪ੍ਰਸ਼ਾਸਨ, ਅਦਾਲਤਾਂ ਅਤੇ ਪੁਲਿਸ ਵਰਗੀਆਂ ਸੰਸਥਾਵਾਂ ਦੀ ਵਰਤੋਂ ਕਰਦੀ ਹੈ। ਅਸਲ ਵਿੱਚ ਪੁਲਿਸ ਸਰਕਾਰ ਦੇ ਅਧੀਨ ਕੰਮ ਕਰਦੀ ਹੈ।

ਪਰ ਜਦੋਂ ਸਰਕਾਰ ਲੋਕਾਂ ਦੇ ਹਿੱਤਾਂ ਤੋਂ ਦੂਰ ਹੋ ਜਾਂਦੀ ਹੈ ਤਾਂ ਲੋਕਾਂ ਵਿੱਚ ਗੁੱਸਾ, ਨਿਰਾਸ਼ਾ ਅਤੇ ਬੇਇਤਬਾਰੀ ਪੈਦਾ ਹੁੰਦੀ ਹੈ।

ਪੁਲਿਸ : ਕਾਨੂੰਨ ਲਾਗੂ ਕਰਨ ਵਾਲੀ ਸੰਸਥਾ

ਪੁਲਿਸ ਦਾ ਮੁੱਖ ਕੰਮ ਕਾਨੂੰਨ-ਵਿਵਸਥਾ ਬਣਾਈ ਰੱਖਣਾ, ਲੋਕਾਂ ਦੀ ਸੁਰੱਖਿਆ ਕਰਨੀ ਅਤੇ ਅਪਰਾਧ ਰੋਕਣਾ ਹੁੰਦਾ ਹੈ। ਸਿਧਾਂਤਕ ਤੌਰ 'ਤੇ ਪੁਲਿਸ ਲੋਕਾਂ ਦੀ ਰੱਖਿਆ ਲਈ ਹੈ, ਪਰ ਅਮਲ ਵਿੱਚ ਉਹ ਸਰਕਾਰੀ ਹੁਕਮਾਂ ਅਤੇ ਸਿਆਸੀ ਦਬਾਅ ਹੇਠ ਵੀ ਕੰਮ ਕਰਦੀ ਹੈ। ਇਥੇ ਹੀ ਟਕਰਾਅ ਪੈਦਾ ਹੁੰਦਾ ਹੈ।

ਜਦੋਂ ਹਕੀਕਤ ਸਾਹਮਣੇ ਆਉਂਦੀ ਹੈ ਤਾਂ ਸਮਾਜ, ਸਰਕਾਰ ਅਤੇ ਪੁਲਿਸ ਵਿਚਕਾਰ ਟਕਰਾਅ ਵਧਦਾ ਹੈ। ਇਸ ਟਕਰਾਅ ਵਿੱਚ ਦੋਵੇਂ ਪਾਸਿਆਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਅਤੇ ਤਣਾਅ ਵਧਦਾ ਜਾਂਦਾ ਹੈ।




ਸਰਕਾਰ ਤੇ ਪੁਲਿਸ ਦਾ ਰਿਸ਼ਤਾ

ਸਰਕਾਰ ਪੁਲਿਸ ਨੂੰ ਨਿਯੰਤਰਿਤ ਕਰਦੀ ਹੈ। ਪੁਲਿਸ ਦੀ ਤਾਇਨਾਤੀ, ਤਬਾਦਲੇ, ਅਧਿਕਾਰ ਅਤੇ ਕਾਰਵਾਈਆਂ 'ਤੇ ਸਰਕਾਰ ਦਾ ਪ੍ਰਭਾਵ ਹੁੰਦਾ ਹੈ। ਜੇ ਸਰਕਾਰ ਨਿਰਪੱਖ ਹੋਵੇ ਤਾਂ ਪੁਲਿਸ ਕਾਨੂੰਨ ਦੀ ਰੱਖਿਆ ਕਰਦੀ ਹੈ; ਜੇ ਸਰਕਾਰ ਪੱਖਪਾਤੀ ਹੋਵੇ ਤਾਂ ਪੁਲਿਸ ਨੂੰ ਸਿਆਸੀ ਹਥਿਆਰ ਵਾਂਗ ਵਰਤਿਆ ਜਾਂਦਾ ਹੈ।

ਪੁਲਿਸ ਤੇ ਸਮਾਜ ਦਾ ਰਿਸ਼ਤਾ

ਪੁਲਿਸ ਅਤੇ ਲੋਕਾਂ ਵਿਚਕਾਰ ਭਰੋਸਾ ਸਭ ਤੋਂ ਮਹੱਤਵਪੂਰਨ ਹੈ। ਜਿੱਥੇ ਪੁਲਿਸ ਲੋਕਾਂ ਨਾਲ ਸਤਿਕਾਰ ਨਾਲ ਪੇਸ਼ ਆਉਂਦੀ ਹੈ, ਉੱਥੇ ਕਾਨੂੰਨ ਮਜ਼ਬੂਤ ਹੁੰਦਾ ਹੈ। ਪਰ ਜਿੱਥੇ ਪੁਲਿਸ ਡਰ, ਧੱਕੇਸ਼ਾਹੀ ਜਾਂ ਸਿਆਸੀ ਦਬਾਅ ਦਾ ਸਾਧਨ ਬਣਦੀ ਹੈ, ਉੱਥੇ ਲੋਕ ਪੁਲਿਸ ਨੂੰ ਆਪਣੀ ਨਹੀਂ ਸਮਝਦੇ।

ਅੱਜ ਕਈ ਥਾਵਾਂ 'ਤੇ ਇਹ ਅਹਿਸਾਸ ਮਜ਼ਬੂਤ ਹੋ ਰਿਹਾ ਹੈ ਕਿ ਪੁਲਿਸ ਪ੍ਰਸ਼ਾਸਨ ਲੋਕਾਂ ਦੀ ਹਿਫ਼ਾਜ਼ਤ ਨਾਲੋਂ ਵੱਧ ਸੱਤਾ ਦੀ ਸੇਵਾ ਵਿੱਚ ਲੱਗਿਆ ਹੋਇਆ ਹੈ। ਇਸੇ ਕਰਕੇ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਸਭ ਤੋਂ ਵੱਡਾ ਖ਼ਤਰਾ

ਜਦੋਂ—

ਸਰਕਾਰ ਆਪਣੇ ਆਪ ਨੂੰ ਲੋਕਾਂ ਤੋਂ ਉੱਪਰ ਸਮਝਣ ਲੱਗ ਪਏ,

ਪੁਲਿਸ ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਣ ਲੱਗ ਪਏ,

ਅਤੇ ਸਮਾਜ ਡਰ ਜਾਂ ਲਾਲਚ ਕਰਕੇ ਚੁੱਪ ਹੋ ਜਾਵੇ,

ਤਾਂ ਲੋਕਤੰਤਰ ਕਮਜ਼ੋਰ ਹੋ ਜਾਂਦਾ ਹੈ।

ਫਿਰ ਪੁਲਿਸ ਲੋਕਾਂ ਦੀ ਰੱਖਿਆ ਕਰਨ ਦੀ ਥਾਂ ਹਾਕਮਾਂ ਦੀ ਰੱਖਿਆ ਕਰਨ ਵਾਲੀ ਤਾਕਤ ਵਾਂਗ ਦਿਖਾਈ ਦੇਣ ਲੱਗਦੀ ਹੈ।

ਆਦਰਸ਼ ਸਬੰਧ ਕਿਹੋ ਜਿਹੇ ਹੋਣ?

ਸਮਾਜ ਜਾਗਰੂਕ ਹੋਵੇ,
ਸਰਕਾਰ ਜਵਾਬਦੇਹ ਹੋਵੇ,
ਪੁਲਿਸ ਨਿਰਪੱਖ ਹੋਵੇ,
ਕਾਨੂੰਨ ਸਭ ਲਈ ਇੱਕੋ ਜਿਹਾ ਹੋਵੇ।
ਤਦ ਹੀ ਲੋਕਤੰਤਰ ਸਿਹਤਮੰਦ ਰਹਿੰਦਾ ਹੈ।

ਅਸਲ ਵਿੱਚ ਪੁਲਿਸ ਨਾ ਤਾਂ ਲੋਕਾਂ ਦੀ ਦੁਸ਼ਮਣ ਹੋਣੀ ਚਾਹੀਦੀ ਹੈ ਅਤੇ ਨਾ ਹੀ ਸਰਕਾਰ ਦੀ ਗੁਲਾਮ; ਉਸਦਾ ਅਸਲ ਫ਼ਰਜ਼ ਕਾਨੂੰਨ ਅਤੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਹੈ।

ਮੌਜੂਦਾ ਹਾਲਾਤ ਵਿੱਚ ਕਈ ਵਾਰ ਇਹ ਅਹਿਸਾਸ ਪੈਦਾ ਹੁੰਦਾ ਹੈ ਕਿ ਪੁਲਿਸ ਸੱਤਾਧਾਰੀ ਧਿਰ ਦਾ ਹਥਿਆਰ ਬਣ ਕੇ ਰਹਿ ਗਈ ਹੈ। ਇਸ ਕਾਰਨ ਲੋਕਾਂ ਦਾ ਭਰੋਸਾ ਕਮਜ਼ੋਰ ਪੈਂਦਾ ਹੈ। ਜਦੋਂ ਕਿਸੇ ਮਨੁੱਖ ਜਾਂ ਸੰਸਥਾ ਤੋਂ ਭਰੋਸਾ ਚੁੱਕ ਜਾਵੇ ਤਾਂ ਸਮਾਜ ਵਿੱਚ ਤਣਾਅ ਵਧਦਾ ਹੈ ਅਤੇ ਹਿੰਸਕ ਘਟਨਾਵਾਂ ਨੂੰ ਜਨਮ ਮਿਲਦਾ ਹੈ। ਡਰਿਆ ਹੋਇਆ ਮਨੁੱਖ ਹਮੇਸ਼ਾ ਆਪਣੇ ਬਚਾਅ ਲਈ ਨਵਾਂ ਰਸਤਾ ਲੱਭਦਾ ਹੈ।

ਸਮਾਜ, ਲੋਕ, ਪੁਲਿਸ ਅਤੇ ਸਰਕਾਰ ਇੱਕ ਪਰਿਵਾਰ ਵਾਂਗ ਹਨ। ਪਰ ਜਦੋਂ ਸੱਤਾ ਇਸ ਪਰਿਵਾਰ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਉਸਦੀ ਵਰਤੋਂ ਘੱਟ ਅਤੇ ਦੁਰਵਰਤੋਂ ਵੱਧ ਕਰਨ ਲੱਗ ਪਏ, ਤਾਂ ਇਹ ਸਮਾਜ ਲਈ ਖ਼ਤਰਨਾਕ ਅਲਾਮਤ ਬਣ ਜਾਂਦੀ ਹੈ।

# ਸਤਾ ਦਾ ਹੰਕਾਰ ਜਦ ਸਿਰ ਚੜ੍ਹ ਕੇ ਬੋਲਦਾ!



ਮੈਂ ਨਹੀਂ ਕਹਿੰਦਾ, ਪੁਲਿਸ ਸਮੇਂ ਦੀ ਸਰਕਾਰ ਦੀ ਹੱਥ ਠੋਕੀ ਨੀ ਹੁੰਦੀ, ਮੈਂ ਨਹੀਂ ਕਹਿੰਦਾ,ਪੁਲਸ ਆਮ ਲੋਕਾਂ ਦੀਆਂ ਪੱਗਾਂ ਨਹੀਂ ਰੋਲਦੀ, ਉਹਨਾਂ ਨਾਲ ਜਿਆਦਤੀਆਂ ਨਹੀਂ ਕਰਦੀ, ਜਿਸ ਕਰਕੇ ਪੁਲਸ ਤੇ ਲੋਕਾਂ ਵਿਚਕਾਰ ਅਕਸਰ ਟਕਰਾ ਹੁੰਦੇ ਰਹਿੰਦੇ ਹਨ

ਪਰ ਪੁਲਸ ਦੇ ਗੱਲ ਚ ਘਸੁੰਨ ਦੇਂਈ ਖੜ੍ਹਾ ਇਹ ਭੱਦਰ ਪੁਰਸ਼ ਤਾਂ ਕੋਈ ਆਮ ਬੰਦਾ ਨਹੀਂ, ਕੇਂਦਰੀ ਮੰਤਰੀ ਹੈ, ਉਸ ਨੂੰ ਕਾਨੂੰਨਣ ਕੀ ਸ਼ਸ਼ਫ, ਕੀ ਹੋਰ ਸਭ ਸਲੂਟ ਮਾਰਦੇ ਹਨ, ਕਿਸੇ ਪੁਲਿਸ ਵਾਲੇ ਨੇ ਕਿਸੇ ਨਾਲ ਜ਼ਿਆਦਤੀ ਕੀਤੀ ਹੈ ਤਾਂ ਉਸ ਕੋਲ ਉਸਤੇ ਬਣਦੀ ਕਰਵਾਈ ਕਰਾਉਣ ਦੀ ਤਾਕਤ ਹੈ, ਜੇ ਪੁਲਸ ਫਿਰ ਵੀ ਕਾਰਵਾਈ ਨਹੀਂ ਕਰਦੀ, ਉਹ ਆਪਣੇ ਲੋਕਤੰਤਰਕ ਢੰਗ ਨਾਲ ਇਸ ਵਿਰੁੱਧ ਪਰੋਟੈਸਟ ਕਰ ਸਕਦਾ ਹੈ

ਪਰ ਜਿਹੋ ਜਿਹੀ ਬੋਲੀ ਇਸ ਕੇਂਦਰੀ ਮੰਤਰੀ ਨੇ ਪੁਲਿਸ ਵਾਲਿਆਂ ਲਈ ਵਰਤੀ ਹੈ, ਜਿਹਾ ਜਿਹਾ ਵਰਤਾਓ ਉਸਨੇ ਉਹਨਾਂ ਨਾਲ ਕੀਤਾ ਹੈ, ਇਸ ਚੋਂ ਉਸ ਮੰਤਰੀ ਦੀ ਤਹਿਜ਼ੀਬ ਹੀ ਨਹੀਂ, ਉਸ ਅੰਦਰ ਭਰਿਆ ਪਿਆ ਕੇਂਦਰੀ ਸਤਾ ਦਾ ਹੰਕਾਰ ਵੀ ਬੋਲਦਾ ਹੈ, ਉਸ ਦਾ ਇਹ ਵਰਤਾਓ ਦੇਖ ਮਨ ਨੂੰ ਖੁਸ਼ੀ ਨਹੀਂ ਚੜ੍ਹਦੀ ਕਿ ਉਸਨੇ ਆਮ ਲੋਕਾਂ ਨੂੰ ਕੀੜੇ ਮਕੌੜੇ ਸਮਝਦੀ ਪੁਲਿਸ ਨੂੰ ਚੰਗਾ ਮਿੱਠਾ ਪਾਇਆ ਹੈ, ਉਹਨਾਂ ਦਾ ਦਿਮਾਗ ਟਿਕਾਣੇ ਲਿਆਂਦਾ ਹੈ, ਉਲਟਾ ਪੁਲਿਸ ਪ੍ਰਤੀ ਹਮਦਰਦੀ ਜਾਗਦੀ ਹੈ, ਕਿ ਇਹ ਤਾਂ ਬੱਸ ਗਾਲ੍ਹਾਂ ਲੈਣ ਜੋਗੇ ਹਨ, ਕਦੇ ਲੋਕਾਂ ਦੀਆਂ,ਕਦੇ ਇਹੋ ਜਿਹੇ ਹੰਕਾਰੀ ਮੰਤਰੀ ਸੰਤਰੀ ਦੀਆਂ ਤੇ ਕਦੇ ਆਪ ਤੋਂ ਉੱਚੇ ਅਫ਼ਸਰਾਂ ਦੀਆਂ, ਤੇ ਫਿਰ ਅੰਤ ਨੂੰ ਇਨ੍ਹਾਂ ਦਾ ਇਹ ਸਾਰਾ ਗੁੱਸਾ,ਇਨ੍ਹਾਂ ਜਰਵਾਣਿਆਂ, ਜੋਰਾਵਰਾਂ ਤੇ ਨਹੀਂ, ਕਮਜ਼ੋਰ ਤੇ ਨਿਤਾਣੇ ਲੋਕਾਂ ਤੇ ਹੀ ਨਿਕਲਦਾ ਹੈ, ਉਦੋਂ ਇਹ ਵੀ ਬੱਬਰ ਸ਼ੇਰ ਤੇ ਹਕੂਮਤ ਦੇ ਵੱਡੇ ਰਾਖੇ ਤੇ ਖੈਰ ਖੁਆਹ ਬਣ ਜਾਂਦੇ ਹਨ, ਭੁੱਲ ਜਾਂਦੇ ਹਨ, ਇਹ ਸਤਾ ਧਾਰੀ ਕਿਸੇ ਦੇ ਸਕੇ ਨਹੀਂ ਹੁੰਦੇ, ਬੱਸ ਤੁਹਾਨੂੰ ਵਰਤਦੇ ਹਨ,

ਪੁਲਿਸ ਪ੍ਰਤੀ ਇਹ ਸਭ ਰੋਸੇ, ਗੁੱਸੇ ਤੇ ਇਤਰਾਜ਼ ਹੋਣ ਦੇ ਬਾਵਜੂਦ ਇਸ ਹੰਕਾਰੇ ਕੇਂਦਰੀ ਮੰਤਰੀ ਦਾ ਪੁਲਿਸ ਮੁਲਾਜਮਾਂ ਤੇ ਅਫ਼ਸਰਾਂ ਨਾਲ ਇੰਨਾ ਗ਼ੈਰ ਇਨਸਾਨੀ ਤੇ ਬੇਅਦਬ ਵਰਤਾਓ ਦੇਖ, ਮਨ ਨੂੰ ਬੇਹੱਦ ਦੁੱਖ ਹੋ ਰਿਹਾ ਹੈ, ਸੋਚਦਾ ਹਾਂ ਇਹ ਪੁਲਿਸ ਵਾਲੇ ਕੋਈ ਹੋਰ ਨਹੀਂ, ਸਾਡੇ ਚੋਂ ਹੀ ਕਿਸੇ ਦੇ ਧੀ ਪੁੱਤ ਹਨ, ਠੀਕ ਹੈ ਉਹ ਸਰਕਾਰ ਦੀ ਨੌਕਰੀ ਕਰ ਰਹੇ ਹਨ, ਉਹਨਾਂ ਦੇ ਮੁਲਾਜ਼ਮ ਹਨ, ਪਰ ਉਹਨਾਂ ਨੂੰ ਇੰਜ ਪਬਲਿਕ ਤੌਰ ਤੇ ਜ਼ਲੀਲ ਕਰਨ ਦਾ ਹੱਕ, ਇਸ ਮੰਤਰੀ ਨੂੰ ਕਿਸ ਕਾਨੂੰਨ ਤੇ ਸੰਵਿਧਾਨ ਨੇ ਦਿੱਤਾ ਹੈ? ਅਜਿਹੀ ਨਾਜ਼ਕ ਹਾਲਾਤ ਵਿੱਚ ਜੇ ਕਿਤੇ ਉਹ ਪੁਲਿਸ ਵਾਲਿਆਂ ਦਾ ਖੂਨ ਵੀ ਖੌਲ ਜਾਂਦਾ, ਫਿਰ ਕੀ ਹੁੰਦਾ?

ਐਡਵੋਕੇਟ-ਨਰਿੰਦਰ ਪਾਲ ਚਾਹਲ

# ਨੌਜਵਾਨੀ ਨੂੰ ਕੁਰਾਹੇ ਪਾਉਣ ਵਾਲੇ ਗਾਇਕ ਹੁਣ ਪੰਜਾਬ ਬਚਾਉਣਗੇ- ਜਸਬੀਰ ਜੱਸੀ




ਬਲਬੀਰ ਸਿੰਘ ਬੱਬੀ

ਜਿਹੜੇ ਪੰਜਾਬੀ ਗਾਇਕ ਕਲਾਕਾਰਾਂ ਨੇ ਬਹੁਤ ਜਲਦੀ ਮਸ਼ਹੂਰ ਹੋਣ ਦੇ ਲਈ ਬਹੁਤ ਹੀ ਗਲਤ ਲੱਚਰਤਾ ਨਾਲ ਭਰਪੂਰ ਨੰਗੇਜ਼ ਭਰੇ ਗੀਤ ਪੇਸ਼ ਕੀਤੇ ਜਿਨਾਂ ਨੇ ਸਮਾਜ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪਣੇ ਗੀਤਾਂ ਵਿੱਚ ਬੇਸ਼ਰਮ ਹੋ ਕੇ ਨਗਨ ਮੁਟਿਆਰਾਂ ਨੂੰ ਪੇਸ਼ ਕਰਕੇ ਗੀਤਾ ਦੇ ਵਿੱਚ ਸ਼ਰਾਬ ਦੀਆਂ ਬੋਤਲਾਂ ਫੜ ਕੇ ਸ਼ਰਾਬ ਦਾ ਪ੍ਰਚਾਰ ਕੀਤਾ ਹੋਵੇ ਤੇ ਉਹ ਹੁਣ ਪੰਜਾਬ ਨੂੰ ਬਚਾਉਣ ਦੀਆਂ ਗੱਲਾਂ ਕਰ ਰਹੇ ਹਨ। ਇਹ ਸਖ਼ਤ ਲਹਿਜੇ ਭਰੇ ਵਿਚਾਰ ਪੰਜਾਬੀ ਗਾਇਕ ਜਸਬੀਰ ਜੱਸੀ ਨੇ ਉਸ ਵੇਲੇ ਕਹੇ ਕਦੋਂ ਪੰਜਾਬ ਭਾਜਪਾ ਨਾਲ ਸੰਬੰਧਿਤ ਤਰੁਣ ਚੁੱਘ ਜਿਹੇ ਆਗੂ ਨੇ ਪੰਜਾਬੀ ਗਾਇਕ ਜੋ ਹਨੀ ਸਿੰਘ ਨੂੰ ਪੰਜਾਬ ਵਿੱਚ ਭਾਜਪਾ ਵੱਲੋਂ ਨਸ਼ਿਆਂ ਵਿਰੁੱਧ ਪ੍ਰਚਾਰਕ ਦਾ ਐਲਾਨ ਕੀਤਾ। ਜਸਵੀਰ ਜੱਸੀ ਨੇ ਕਿਹਾ ਕਿ ਮੈਂ ਹੈਰਾਨ ਹਾਂ ਕਿ ਪੰਜਾਬ ਦੇ ਸਿਆਸੀ ਮੰਚ ਉੱਤੋਂ ਭਾਜਪਾ ਕਿਹੋ ਜਿਹੇ ਸਿਆਸੀ ਦ੍ਰਿਸ਼ ਪੇਸ਼ ਕਰ ਰਹੀ ਹੈ। ਉਹਨਾਂ ਕਿਹਾ ਕਿ ਇਹ ਉਹ ਪੰਜਾਬੀ ਗਾਇਕ ਹਨ ਇਹਨਾਂ ਨੇ ਪੰਜਾਬ ਦੀ ਨੌਜਵਾਨੀ ਮੁੰਡੇ ਕੁੜੀਆਂ ਨੂੰ ਗਲਤ ਰਸਤੇ ਉੱਪਰ ਆਪਣੇ ਗੀਤਾ ਰਾਹੀਂ ਤੋਰਿਆ ਤੇ ਹੁਣ ਉਹ ਨੌਜਵਾਨੀ ਨੂੰ ਕਿਹੜੇ ਮੂੰਹ ਦੇ ਨਾਲ ਚੱਜ ਦਾ ਸੁਨੇਹਾ ਦੇਣਗੇ। ਗਾਇਕ ਜਸਬੀਰ ਜੱਸੀ ਵੱਲੋਂ ਸੋਸ਼ਲ ਮੀਡੀਆ ਉੱਪਰ ਇਹ ਗੱਲਬਾਤ ਇੱਕ ਵੀਡੀਓ ਰਾਹੀਂ ਕੀਤੀ ਗਈ ਹੈ ਜਿਸ ਨੂੰ ਦੇਸ਼ ਵਿਦੇਸ਼ ਵਿੱਚ ਬੈਠੇ ਲੋਕਾਂ ਨੇ ਬਹੁਤ ਸਲਾਹਿਆ ਹੈ ਜਸਵੀਰ ਜੱਸੀ ਦੀ ਸਰਾਹਨਾ ਕੀਤੀ ਗਈ।

CANADIAN TRUCK
TRAINING CENTRE




ਤਸੱਲੀਬਕਸ਼
ਸੇਵਾਵਾਂ ਲਈ



ਹਰਪਾਲ ਸਿੰਘ ਮਾਨ

*ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
*ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL
MORTGAGES
CALL MUNISH TEGI



Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL
YOUR MORTGAGE NEEDS

# ਚੋਣਾਂ ਦੌਰਾਨ ਟਕਰਾਅ ਅਤੇ ਝੜਪਾਂ; 14 ਜ਼ਖ਼ਮੀ



ਚਰਨਜੀਤ ਭੁੱਲਰ

ਚੰਡੀਗੜ੍ਹ : ਪੰਜਾਬ 'ਚ ਅੱਠ ਨਗਰ ਨਿਗਮਾਂ, 75 ਨਗਰ ਕੌਂਸਲਾਂ ਅਤੇ 20 ਨਗਰ ਪੰਚਾਇਤਾਂ ਦੇ ਕੁੱਲ 1,896 ਵਾਰਡਾਂ ਲਈ ਅੱਜ ਵੋਟਾਂ ਪਾਉਣ ਦਾ ਅਮਲ ਕਈ ਥਾਵਾਂ 'ਤੇ ਤਿੱਖੀਆਂ ਝੜਪਾਂ ਦਰਮਿਆਨ ਮੁਕੰਮਲ ਹੋ ਗਿਆ ਹੈ। ਚੋਣ ਮੈਦਾਨ 'ਚ ਨਿੱਤਰੇ 7,555 ਉਮੀਦਵਾਰਾਂ ਦੇ ਭਵਿੱਖ ਦਾ ਫ਼ੈਸਲਾ ਵੋਟ ਪੇਟੀਆਂ 'ਚ ਬੰਦ ਹੋ ਗਿਆ ਹੈ ਅਤੇ ਨਤੀਜੇ 29 ਮਈ ਨੂੰ ਐਲਾਨੇ ਜਾਣਗੇ। ਇਸ ਦੌਰਾਨ ਮੌਸਮ ਦੇ ਨਾਲ-ਨਾਲ ਸਿਆਸੀ ਪਾਰਾ ਚੜ੍ਹਿਆ ਰਿਹਾ। ਪੋਲਿੰਗ 'ਤੇ ਗਰਮੀ ਦਾ ਸਿੱਧਾ ਅਸਰ ਦੇਖਣ ਨੂੰ ਮਿਲਿਆ ਅਤੇ ਦੁਪਹਿਰ ਵੇਲੇ ਪੋਲਿੰਗ 'ਚ ਨਰਮੀ ਦੇਖਣ ਨੂੰ ਮਿਲੀ। ਦੁਪਹਿਰ ਦੋ ਵਜੇ ਤੱਕ ਪੰਜਾਬ ਭਰ 'ਚ 45.60 ਫ਼ੀਸਦੀ ਪੋਲਿੰਗ ਹੋਈ ਸੀ। ਸ਼ਾਮ ਵੇਲੇ ਮੁੜ ਕਤਾਰਾਂ ਜੁੜ ਗਈਆਂ ਸਨ। ਗਰਮੀ ਜ਼ਿਆਦਾ ਹੋਣ ਕਰ ਕੇ ਸੁਨਾਮ ਦੇ ਵਾਰਡ ਨੰਬਰ 8 ਅਤੇ 17 ਵਿੱਚ ਦੋ ਔਰਤਾਂ ਬੇਹੋਸ਼ ਹੋ ਗਈਆਂ। ਵੇਰਵਿਆਂ ਅਨੁਸਾਰ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ 'ਚ ਕਰੀਬ 63.94 ਫ਼ੀਸਦੀ ਲੋਕਾਂ ਨੇ ਆਪਣੇ ਸਿਆਸੀ ਹੱਕ ਦੀ ਵਰਤੋਂ ਕੀਤੀ ਪਰ ਹਾਲੇ ਅੰਤਿਮ ਅੰਕੜੇ ਆਉਣੇ ਬਾਕੀ ਹਨ। ਨਗਰ ਨਿਗਮਾਂ 'ਚ 59.91 ਫ਼ੀਸਦੀ, ਨਗਰ ਕੌਂਸਲਾਂ 'ਚ 65.06 ਤੇ ਨਗਰ ਪੰਚਾਇਤਾਂ 'ਚ 76.18 ਫ਼ੀਸਦੀ ਵੋਟਿੰਗ ਹੋਈ। ਫਰਵਰੀ 2021 'ਚ ਹੋਈਆਂ ਇਨ੍ਹਾਂ ਚੋਣਾਂ 'ਚ ਪੋਲਿੰਗ ਦਰ 73.53 ਫ਼ੀਸਦੀ ਰਹੀ ਸੀ।

ਉਸ ਮਗਰੋਂ 'ਆਪ' ਦੇ ਕਾਰਜਕਾਲ ਦੌਰਾਨ 5 ਨਗਰ ਨਿਗਮਾਂ ਅਤੇ 44 ਕੌਂਸਲਾਂ/ਨਗਰ ਪੰਚਾਇਤਾਂ ਦੀਆਂ ਚੋਣਾਂ ਮੌਕੇ ਪੋਲਿੰਗ ਦਰ 65.85 ਫ਼ੀਸਦੀ ਰਹੀ ਸੀ। ਮੌਜੂਦਾ ਰੁਝਾਨ ਤੋਂ ਜਾਪਦਾ ਹੈ ਕਿ ਐਤਕੀਂ ਸ਼ਹਿਰੀ ਲੋਕਾਂ ਨੇ ਵੋਟਾਂ ਪਾਉਣ 'ਚ ਵੱਡੀ ਦਿਲਚਸਪੀ ਨਹੀਂ ਦਿਖਾਈ ਜਦਕਿ ਪਹਿਲੀ ਵਾਰ ਵੋਟਾਂ ਪਈਆਂ। ਪੰਜ ਵਜੇ ਤੱਕ ਪੋਲਿੰਗ ਸਟੇਸ਼ਨਾਂ ਦੇ ਅੰਦਰ ਦਾਖ਼ਲ ਹੋ ਚੁੱਕੇ ਵੋਟਰਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਗਈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਤੇਲ ਕੀਮਤਾਂ 'ਚ ਵਾਧੇ ਦੇ ਰੋਸ ਵਜੋਂ ਪਤਨੀ ਅੰਮ੍ਰਿਤਾ ਵੜਿੰਗ ਸਮੇਤ ਬਲਦ ਗੱਡੇ 'ਤੇ ਜਾ ਕੇ ਵੋਟ ਪਾਈ। ਵਿਧਾਇਕਾਂ ਅਤੇ ਵਜ਼ੀਰਾਂ ਤੋਂ ਇਲਾਵਾ ਸੰਸਦ ਮੈਂਬਰਾਂ ਨੇ ਆਪੋ-ਆਪਣੇ ਹਲਕੇ 'ਚ ਆਪਣੇ ਪਰਿਵਾਰਾਂ ਸਮੇਤ ਵੋਟਾਂ ਪਾਈਆਂ। ਜ਼ਿਲ੍ਹਿਆਂ 'ਚ ਤਾਇਨਾਤ ਆਬਜ਼ਰਵਰਾਂ ਨੇ ਵੀ ਤਿੱਖੀ ਨਜ਼ਰ ਰੱਖੀ। ਸਮਾਣਾ 'ਚ ਹਿੰਸਕ ਟਕਰਾਅ ਹੋਣ ਕਰ ਕੇ ਪੋਲਿੰਗ ਦਰ ਕਰੀਬ 55 ਫ਼ੀਸਦੀ ਦੇ ਆਸ-ਪਾਸ ਰਹੀ। ਮਾਨਸਾ ਜ਼ਿਲ੍ਹੇ 'ਚ ਸ਼ਹਿਰੀ ਲੋਕਾਂ ਦਾ ਵੱਧ ਉਤਸ਼ਾਹ ਨਜ਼ਰ ਆਇਆ। ਫਰਵਰੀ 2021 'ਚ ਮਾਨਸਾ ਵਿੱਚ ਸਭ ਤੋਂ ਜ਼ਿਆਦਾ ਪੋਲਿੰਗ ਦਰ 82.99 ਫ਼ੀਸਦੀ ਰਹੀ ਸੀ।



ਮਾਨਸਾ ਜ਼ਿਲ੍ਹੇ ਦੀ ਜੋਗਾ ਨਗਰ ਪੰਚਾਇਤ 'ਚ ਐਤਕੀਂ ਸਭ ਤੋਂ ਵੱਧ 85.33 ਫ਼ੀਸਦੀ ਪੋਲਿੰਗ ਹੋਈ ਜਦੋਂ ਕਿ ਬਠਿੰਡਾ ਦੀ ਸੰਗਤ ਕੌਂਸਲ 'ਚ 88.44 ਫ਼ੀਸਦੀ ਵੋਟਾਂ ਪਈਆਂ। ਰਮਦਾਸ 'ਚ 77.33 ਫ਼ੀਸਦੀ, ਭੁੱਚੋ ਮੰਡੀ 'ਚ 83.80 ਫ਼ੀਸਦੀ, ਭਵਾਨੀਗੜ੍ਹ 'ਚ 71.4 ਫ਼ੀਸਦੀ, ਜ਼ਿਲ੍ਹਾ ਫ਼ਾਜ਼ਿਲਕਾ 'ਚ 63.44 ਫ਼ੀਸਦੀ, ਮਲੋਟ 'ਚ 66.55 ਫ਼ੀਸਦੀ ਅਤੇ ਭਾਈਰੂਪਾ 'ਚ 80 ਫ਼ੀਸਦੀ ਪੋਲਿੰਗ ਹੋਈ। ਬਨੂੜ ਦੇ ਵਾਰਡ ਨੰਬਰ 10 'ਚ ਇੱਕ ਮਹਿਲਾ ਸਿਹਤ ਖ਼ਰਾਬ ਹੋਣ ਦੇ ਬਾਵਜੂਦ ਆਕਸੀਜਨ ਵਾਲੇ ਸਿਲੰਡਰ ਸਮੇਤ ਆਪਣੇ ਹੱਕ ਦੀ ਵਰਤੋਂ ਕਰਨ ਪੁੱਜੀ। ਚੋਣ ਪਿੜ 'ਚ 'ਆਪ' ਦੇ 1,801, ਭਾਜਪਾ ਦੇ 1,316, ਕਾਂਗਰਸ ਦੇ 1,550, ਸ਼੍ਰੋਮਣੀ ਅਕਾਲੀ ਦਲ ਦੇ 1,251, ਬਸਪਾ ਦੇ 96 ਉਮੀਦਵਾਰਾਂ ਤੋਂ ਇਲਾਵਾ 1528 ਆਜ਼ਾਦ ਉਮੀਦਵਾਰ ਨਿੱਤਰੇ ਹਨ। ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਨ੍ਹਾਂ ਚੋਣਾਂ ਨੂੰ ਸੱਤਾ ਦਾ ਸੈਮੀ ਫਾਈਨਲ ਮੰਨਿਆ ਜਾ ਰਿਹਾ ਹੈ ਇਸੇ ਦੌਰਾਨ ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਮਜੀਠਾ ਅਤੇ ਪੱਟੀ 'ਚ ਬੂਥ ਕੈਪਚਰਿੰਗ ਹੋਣ ਤੋਂ ਇਨਕਾਰ ਕੀਤਾ ਅਤੇ ਆਬਜ਼ਰਵਰਾਂ ਤਰਫ਼ੋਂ ਅਜਿਹੀ ਕਿਸੇ ਘਟਨਾ ਤੋਂ ਇਨਕਾਰ ਕੀਤਾ ਗਿਆ ਹੈ।

### ਦੋ ਜਣਿਆਂ ਤੋਂ ਅਫ਼ੀਮ ਤੇ ਨਗਦੀ ਫੜੀ

ਚੋਣ ਪ੍ਰਕਿਰਿਆ ਦੌਰਾਨ ਅੱਜ ਜ਼ਿਲ੍ਹਾ ਫ਼ਾਜ਼ਿਲਕਾ ਦੀ ਪੁਲੀਸ ਨੇ ਦੋ ਜਣਿਆਂ ਤੋਂ ਅਫ਼ੀਮ ਅਤੇ ਨਕਦ ਰਾਸ਼ੀ ਬਰਾਮਦ ਕੀਤੀ। ਨਗਰ ਪੰਚਾਇਤ ਅਰਨੀਵਾਲਾ ਦੀ ਚੋਣ ਮੌਕੇ 32.5 ਗਰਾਮ ਅਫ਼ੀਮ ਅਤੇ 40,600 ਰੁਪਏ ਗੁਰਪ੍ਰੀਤ ਸਿੰਘ ਅਤੇ ਹਰਭਜਨ ਸਿੰਘ ਤੋਂ ਬਰਾਮਦ ਕੀਤੇ ਗਏ ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

### ਚੋਣਾਂ ਦੌਰਾਨ ਟਕਰਾਅ ਅਤੇ ਝੜਪਾਂ; 14 ਜ਼ਖ਼ਮੀ

ਪੰਜਾਬ 'ਚ ਨਿਗਮ ਅਤੇ ਕੌਂਸਲ ਚੋਣਾਂ ਦੌਰਾਨ ਅੱਜ ਹਿੰਸਕ ਟਕਰਾਅ ਅਤੇ ਤਿੱਖੀਆਂ ਝੜਪਾਂ ਦਰਮਿਆਨ ਕਰੀਬ 14 ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ 'ਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਵੀ ਸ਼ਾਮਲ ਹਨ। ਕਰੀਬ 35 ਹਜ਼ਾਰ ਪੁਲੀਸ ਮੁਲਾਜ਼ਮਾਂ ਦੀ ਤਾਇਨਾਤੀ ਦਰਮਿਆਨ ਵੀ ਚੋਣ ਹਿੰਸਾ ਨੂੰ ਨਹੀਂ ਠੱਲ੍ਹਿਆ ਜਾ ਸਕਿਆ। ਸਮਾਣਾ 'ਚ ਪੁਲੀਸ ਨੇ ਲੋਕਾਂ 'ਤੇ ਲਾਠੀਚਾਰਜ ਕੀਤਾ ਅਤੇ ਗੋਲੀ ਚਲਾਏ ਜਾਣ ਦੀ ਖ਼ਬਰ ਵੀ ਮਿਲੀ ਹੈ। ਸਮਾਣਾ, ਰਾਏਕੋਟ, ਮਜੀਠਾ, ਬਠਿੰਡਾ, ਰਾਜਪੁਰਾ, ਜੈਤੋ, ਗਿੱਦੜਬਾਹਾ, ਬਰਨਾਲਾ 'ਚ ਮਾਹੌਲ ਤਣਾਅ ਵਾਲਾ ਬਣਿਆ ਰਿਹਾ। ਪੋਲਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਰਾਏਕੋਟ ਦੇ ਵਾਰਡ ਨੰਬਰ ਚਾਰ ਤੋਂ ਕਾਂਗਰਸੀ ਉਮੀਦਵਾਰ ਜਗਦੇਵ ਸਿੰਘ ਉਰਫ਼ ਜੱਗਾ 'ਤੇ ਕਿਰਪਾਨਾਂ ਨਾਲ ਹਮਲਾ ਹੋਇਆ। ਨਗਰ ਨਿਗਮ ਬਰਨਾਲਾ ਦੇ ਵਾਰਡ ਨੰਬਰ 15 'ਚ ਭਾਜਪਾ ਉਮੀਦਵਾਰ ਦੀਪਇੰਦਰ ਕੌਰ ਦਾ ਪਤੀ ਜਸਵੀਰ ਸਿੰਘ ਜ਼ਖ਼ਮੀ ਹੋ ਗਿਆ। ਜਸਵੀਰ ਸਿੰਘ ਨੇ ਕਿਹਾ ਕਿ ਜਦੋਂ ਉਸ ਨੇ 'ਆਪ' ਦੇ ਬਾਹਰੀ ਲੋਕਾਂ ਨੂੰ ਰੋਕਣਾ ਚਾਹਿਆ ਤਾਂ ਉਸ 'ਤੇ ਤੇਜ਼ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਇਸ ਮੌਕੇ ਉਸ ਦੀ ਪੱਗ ਵੀ ਉਤਰ ਗਈ।

ਬਰਨਾਲਾ ਦੇ ਹੀ ਵਾਰਡ ਨੰਬਰ 33 'ਚ 'ਆਪ' ਤੇ ਆਜ਼ਾਦ ਉਮੀਦਵਾਰ ਦੇ ਸਮਰਥਕ ਭਿੜ ਗਏ। ਇੱਥੇ ਜਾਅਲੀ ਵੋਟਾਂ ਤੋਂ ਵਿਵਾਦ ਛਿੜਿਆ ਸੀ। ਇੱਥੇ ਹੀ ਭਾਜਪਾ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਉੱਪਲ ਸਮੇਤ ਉਸ ਦੇ ਤਿੰਨ ਜੀਆਂ ਨੂੰ ਪੁਲੀਸ ਨੇ ਹਿਰਾਸਤ 'ਚ ਵੀ ਲਿਆ ਜਿਨ੍ਹਾਂ ਨੂੰ ਭਾਜਪਾ ਦੇ ਵਿਰੋਧ ਪ੍ਰਦਰਸ਼ਨ ਮਗਰੋਂ ਰਿਹਾਅ ਕਰਨਾ ਪਿਆ। ਵੱਡਾ ਹੰਗਾਮਾ ਸਮਾਣਾ ਦੇ ਵਾਰਡ ਨੰਬਰ 19 'ਚ ਹੋਇਆ ਜਿੱਥੇ ਪੁਲੀਸ ਅਤੇ ਮੁਜ਼ਾਹਰਾਕਾਰੀਆਂ ਦਰਮਿਆਨ ਹਿੰਸਕ ਟਕਰਾਅ ਹੋਇਆ। ਪੁਲੀਸ ਨੇ ਲੋਕਾਂ ਨੂੰ ਖਦੇੜਨ ਲਈ ਲਾਠੀਚਾਰਜ ਕੀਤਾ। ਇੱਥੇ ਦੋ ਧਿਰਾਂ ਦੇ ਸਮਰਥਕ ਆਪਸ 'ਚ ਭਿੜ ਗਏ ਸਨ ਅਤੇ ਇੱਟਾਂ-ਰੋੜੇ ਵੀ ਚੱਲੇ। ਇਸ ਮੌਕੇ ਮੱਚੀ ਭਗਦੜ 'ਚ ਲੜਕਾ ਯਾਕੂਬ ਦੌੜਦੇ ਸਮੇਂ ਤਾਰਾਂ 'ਚ ਉਲਝ ਗਿਆ ਅਤੇ ਕਰੰਟ ਲੱਗਣ ਕਾਰਨ ਜ਼ਖ਼ਮੀ ਹੋ ਗਿਆ। ਨਗਰ ਕੌਂਸਲ ਮਜੀਠਾ ਦੇ ਵਾਰਡ ਨੰਬਰ 9 'ਚ ਉਸ ਵਕਤ 'ਆਪ' ਦੇ ਵਰਕਰਾਂ ਨੇ ਨਾਅਰੇਬਾਜ਼ੀ ਕੀਤੀ ਜਦੋਂ ਵਿਧਾਇਕ ਗਨੀਵ ਕੌਰ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੋਟ ਪਾਉਣ ਲਈ ਪਹੁੰਚੇ। ਵਾਰਡ 'ਚ ਇਕ ਵਿਅਕਤੀ ਜ਼ਖ਼ਮੀ ਹੋਇਆ ਹੈ। ਵਾਰਡ ਨੰਬਰ 6 'ਚ ਅਕਾਲੀ ਵਰਕਰ ਨੂੰ ਵਿਰੋਧੀ ਧਿਰ ਦੇ ਸਮਰਥਕਾਂ ਨੇ ਹਮਲਾ ਕਰ ਕੇ ਜ਼ਖ਼ਮੀ ਕਰ ਦਿੱਤਾ ਅਤੇ ਉਸ ਦੀ ਪੱਗ ਉਤਾਰ ਦਿੱਤੀ।

ਇਸ ਮੌਕੇ ਬਿਕਰਮ ਸਿੰਘ ਮਜੀਠੀਆ ਨੇ ਪੁਲੀਸ ਨੂੰ ਸਮੁੱਚਾ ਹਾਲ ਦਿਖਾਇਆ ਅਤੇ ਉਹ ਐੱਸ ਐੱਸ ਪੀ ਨਾਲ ਵੀ ਖਹਿਬੜੇ। ਗਿੱਦੜਬਾਹਾ ਦੇ ਵਾਰਡ ਨੰਬਰ 18 ਅਤੇ 19 'ਚ ਹਾਕਮ ਧਿਰ ਅਤੇ ਅਕਾਲੀ ਦਲ ਦੇ ਵਰਕਰਾਂ 'ਚ ਟਕਰਾਅ ਹੋਇਆ। ਇਸ ਮੌਕੇ ਇਲਜ਼ਾਮ ਲਾਏ ਗਏ ਕਿ ਵਿਧਾਇਕ ਡਿੰਪੀ ਢਿੱਲੋਂ ਦੇ ਪੀ ਏ ਅਤੇ ਸਾਥੀਆਂ ਨੇ ਅਕਾਲੀ ਆਗੂ ਚਰਨਜੀਤ ਸਿੰਘ ਬਰਾੜ ਦੀ ਕਥਿਤ ਕੁੱਟਮਾਰ ਕੀਤੀ। 'ਆਪ' ਵਰਕਰਾਂ ਨੇ ਅਕਾਲੀਆਂ 'ਤੇ ਹਮਲਾ ਕਰਨ ਦੇ ਦੋਸ਼ ਲਾਏ ਹਨ। ਬਠਿੰਡਾ ਨਗਰ ਨਿਗਮ ਦੀ ਪੋਲਿੰਗ ਸਮਾਪਤ ਹੋਣ ਮਗਰੋਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ 'ਤੇ ਹਮਲਾ ਹੋਇਆ। ਸਿੰਗਲਾ ਅਤੇ ਉਨ੍ਹਾਂ ਦਾ ਲੜਕਾ ਦੀਨਵ ਸਿੰਗਲਾ ਬਠਿੰਡਾ ਦੇ ਸਿਵਲ ਹਸਪਤਾਲ 'ਚ ਦਾਖ਼ਲ ਹਨ। ਭਾਜਪਾ ਆਗੂਆਂ ਮੁਤਾਬਕ ਕੁੱਲ ਛੇ ਵਿਅਕਤੀ ਜ਼ਖ਼ਮੀ ਹੋਏ ਹਨ। ਰਾਜਪੁਰਾ 'ਚ ਪੋਲਿੰਗ ਖ਼ਤਮ ਹੋਣ ਮਗਰੋਂ ਵਾਰਡ ਨੰਬਰ 20 'ਚ ਕਾਂਗਰਸੀ ਉਮੀਦਵਾਰ ਦੇ ਸਮਰਥਕ ਗੁਰਚਰਨ ਸਿੰਘ 'ਤੇ ਹਮਲਾ ਹੋਇਆ। ਉਸ ਦੇ ਦਫ਼ਤਰ ਦੇ ਸ਼ੀਸ਼ੇ ਵੀ ਤੋੜੇ ਗਏ। ਪੱਟੀ ਦੇ ਵਾਰਡ ਨੰਬਰ 15 'ਚ ਕਾਂਗਰਸੀ ਉਮੀਦਵਾਰ ਦੇ ਪਤੀ ਦੀ ਕੁੱਟਮਾਰ ਕੀਤੀ ਗਈ।

### ਕਈ ਥਾਵਾਂ 'ਤੇ ਬੂਥਾਂ 'ਤੇ ਕਬਜ਼ੇ ਦੇ ਦੋਸ਼

ਨਿਗਮ ਚੋਣਾਂ ਦੌਰਾਨ ਕਈ ਥਾਵਾਂ 'ਤੇ ਬੂਥਾਂ 'ਤੇ ਕਬਜ਼ੇ ਦੀਆਂ ਘਟਨਾਵਾਂ ਵੀ ਵਾਪਰੀਆਂ। ਪੱਟੀ ਕੌਂਸਲ ਦੇ ਵਾਰਡ ਨੰਬਰ 18 'ਚ ਬੈਲੇਟ ਪੇਪਰ ਖੋਹ ਲਏ ਗਏ। ਇਸ ਮੌਕੇ ਸੀ ਸੀ ਟੀ ਵੀ ਕੈਮਰੇ ਵੀ ਤੋੜੇ ਗਏ। ਭਿੱਖੀਵਿੰਡ ਦੇ ਵਾਰਡ ਨੰਬਰ 13 'ਚ ਕਾਂਗਰਸੀ ਉਮੀਦਵਾਰ ਕ੍ਰਿਸ਼ਨ ਪਾਲ ਜੱਜ ਨੇ ਕੁਝ ਲੋਕਾਂ 'ਤੇ ਬੂਥਾਂ 'ਤੇ ਕਬਜ਼ੇ ਦੇ ਇਲਜ਼ਾਮ ਲਾਏ।

### ਵਿਧਾਇਕਾਂ ਵਿਚਾਲੇ ਤਕਰਾਰ ਹੋਈ

ਭਵਾਨੀਗੜ੍ਹ ਦੇ ਵਾਰਡ ਨੰਬਰ 13 'ਚ 'ਆਪ' ਵਿਧਾਇਕਾ ਨਰਿੰਦਰ ਕੌਰ ਭਰਾਜ ਅਤੇ ਸਾਬਕਾ ਮੰਤਰੀ ਵਿਜੇ ਇੰਦਰ ਸਿੰਗਲਾ ਵਿਚਾਲੇ ਤਕਰਾਰ ਹੋਈ। ਜਗਰਾਓਂ 'ਚ 'ਆਪ' ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਅਤੇ ਇੱਕ ਪੱਤਰਕਾਰ ਦਰਮਿਆਨ ਤਿੱਖੀ ਬਹਿਸ ਹੋਈ। ਮੌੜ 'ਚ 'ਆਪ' ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਨੇ ਅਕਾਲੀ ਉਮੀਦਵਾਰ ਨੂੰ ਧਮਕੀਨੁਮਾ ਸ਼ਬਦਾਂ ਦੀ ਵਰਤੋਂ ਕੀਤੀ। ਬਠਿੰਡਾ 'ਚ ਵਿਰੋਧੀਆਂ ਨੇ ਭੁੱਚੋ ਦੇ ਵਿਧਾਇਕ ਜਗਸੀਰ ਸਿੰਘ ਨੂੰ ਹਲਕੇ 'ਚੋਂ ਬਾਹਰ ਜਾਣ ਲਈ ਕਿਹਾ।

### ਕਈ ਥਾਈਂ ਭਾਈਚਾਰਕ ਸਾਂਝ ਦੇਖਣ ਨੂੰ ਮਿਲੀ

ਸਿਆਸੀ ਟਕਰਾਅ ਦੇ ਉਲਟ ਕਈ ਥਾਵਾਂ 'ਤੇ ਉਮੀਦਵਾਰਾਂ ਵਿੱਚ ਭਾਈਚਾਰਕ ਸਾਂਝ ਦੀ ਮਿਸਾਲ ਵੀ ਦੇਖਣ ਨੂੰ ਮਿਲੀ। ਮਾਲੇਰਕੋਟਲਾ ਦੇ ਵਾਰਡ ਨੰਬਰ ਅੱਠ ਦੇ ਸਾਰੇ ਉਮੀਦਵਾਰਾਂ ਨੇ ਇੱਕੋ ਥਾਂ ਬੈਠ ਕੇ ਇਕਜੁੱਟਤਾ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ। ਬਨੂੜ ਦੇ ਵਾਰਡ ਨੰਬਰ ਪੰਜ ਦੀਆਂ ਮਹਿਲਾ ਉਮੀਦਵਾਰਾਂ ਵੀ ਪੋਲਿੰਗ ਬੂਥ 'ਤੇ ਇੱਕੋ ਥਾਂ ਇਕੱਠੀਆਂ ਬੈਠੀਆਂ। ਨਗਰ ਪੰਚਾਇਤ ਜੋਗਾ ਦੇ ਵਾਰਡ ਨੰਬਰ 7 'ਚ 80 ਵਰ੍ਹਿਆਂ ਦੀ ਵੋਟਰ ਭੂਰੋ ਕੌਰ ਨੇ ਵੋਟ ਪਾਈ। ਮੱਤਦਾਨ ਕਰਨ ਮਗਰੋਂ ਜਦੋਂ ਉਹ ਘਰ ਪੁੱਜੀ ਤਾਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।

# ਲਾਵਾਰਿਸ ਕੁੱਤਿਆਂ ਦੇ ਹੱਕ ਵਿੱਚ ਨਿੱਤਰੇ ਸੋਨੂੰ ਸੂਦ

## ਕਿਹਾ ਇਹਨਾਂ ਨੂੰ ਮਾਰਨਾ ਨਹੀਂ ਹੱਲ, ਲੋਕਾਂ ਨੂੰ ਖਾਸ ਅਪੀਲ



ਚੰਡੀਗੜ੍ਹ: ਪੰਜਾਬ ਵਿੱਚ ਖ਼ਤਰਨਾਕ ਲਾਵਾਰਿਸ ਕੁੱਤਿਆਂ ਖ਼ਿਲਾਫ਼ ਮੁਹਿੰਮ ਚਲਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਦੀ ਸੋਸ਼ਲ ਮੀਡੀਆ ਪੋਸਟ ਤੋਂ ਬਾਅਦ ਹੁਣ ਪੰਜਾਬੀ ਅਤੇ ਬਾਲੀਵੁੱਡ ਅਦਾਕਾਰ ਸੋਨੂ ਸੂਦ ਵੀ ਇਸ ਮਾਮਲੇ ਵਿੱਚ ਮੈਦਾਨ ਵਿੱਚ ਆ ਗਏ ਹਨ। ਮੋਗਾ ਨਾਲ ਸਬੰਧਤ ਸੋਨੂ ਸੂਦ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਸਾਂਝੀ ਕਰਦਿਆਂ ਕਿਹਾ ਕਿ ਲਾਵਾਰਿਸ ਕੁੱਤਿਆਂ ਨੂੰ ਮਾਰਨਾ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ।

**ਕੁੱਤਿਆਂ ਲਈ ਸ਼ੈਲਟਰ ਹੋਮ ਬਣਾਉਣ ਦੀ ਗੱਲ**

ਵੀਡੀਓ ਵਿੱਚ ਸੋਨੂ ਸੂਦ ਨੇ ਕਿਹਾ ਕਿ ਉਹ ਆਪਣੀ ਤਰਫੋਂ ਕੋਸ਼ਿਸ਼ ਕਰਨਗੇ ਕਿ ਕੁੱਤਿਆਂ ਲਈ ਸ਼ੈਲਟਰ ਹੋਮ ਬਣਾਏ ਜਾ ਸਕਨ। ਉਨ੍ਹਾਂ ਕਿਹਾ ਕਿ ਵਫ਼ਾਦਾਰੀ ਦੀ ਗੱਲ ਕੀਤੀ ਜਾਵੇ ਤਾਂ ਇਨਸਾਨ ਨੂੰ ਸਭ ਤੋਂ ਵੱਧ ਵਫ਼ਾਦਾਰੀ ਕੁੱਤਿਆਂ ਤੋਂ ਹੀ ਸਿੱਖਣ ਨੂੰ ਮਿਲਦੀ ਹੈ।

ਉਨ੍ਹਾਂ ਦੱਸਿਆ ਕਿ ਬਹੁਤ ਸਾਰੇ ਸਟਰੇਅ ਡੌਗਜ਼ ਨੂੰ ਲੋਕ ਆਪਣੇ ਘਰਾਂ ਵਿੱਚ ਗੋਦ ਲੈਂਦੇ ਹਨ, ਉਨ੍ਹਾਂ ਦੀ ਦੇਖਭਾਲ ਕਰਦੇ ਹਨ ਅਤੇ ਉਹ ਆਮ ਤੌਰ 'ਤੇ ਨੁਕਸਾਨ ਨਹੀਂ ਪਹੁੰਚਾਉਂਦੇ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਮੰਨਿਆ ਕਿ ਕੁਝ ਮਾਮਲਿਆਂ ਵਿੱਚ ਆਵਾਰਾ ਕੁੱਤਿਆਂ ਵੱਲੋਂ ਬੱਚਿਆਂ ਉੱਤੇ ਹਮਲੇ ਕਰਨ ਦੀਆਂ ਘਟਨਾਵਾਂ ਵੀ ਸਾਹਮਣੇ ਆਉਂਦੀਆਂ ਹਨ।

**ਸ਼ਿਕਾਇਤ ਕਰਕੇ ਕਾਰਵਾਈ ਕਰਨ ਦੀ ਅਪੀਲ**

ਸੋਨੂ ਸੂਦ ਨੇ ਕਿਹਾ ਕਿ ਜਿਨ੍ਹਾਂ ਇਲਾਕਿਆਂ ਵਿੱਚ ਖ਼ਤਰਨਾਕ ਕੁੱਤੇ ਹੁੰਦੇ ਹਨ, ਉਥੇ ਰਹਿਣ ਵਾਲੇ ਲੋਕਾਂ ਨੂੰ ਅਕਸਰ ਪਤਾ ਹੁੰਦਾ ਹੈ ਕਿ ਕਿਹੜੇ ਜਾਨਵਰ ਨੁਕਸਾਨ ਪਹੁੰਚਾ ਸਕਦੇ ਹਨ। ਅਜਿਹੇ ਮਾਮਲਿਆਂ ਵਿੱਚ ਸ਼ਿਕਾਇਤ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਨੂੰ ਫੜਿਆ ਵੀ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੜਕਾਂ 'ਤੇ ਘੁੰਮ ਰਹੀ ਇਹ ਇੱਕ ਵਫ਼ਾਦਾਰ ਕੌਮ ਹੈ, ਜਿਸ ਨੂੰ ਅਸੀਂ ਅਕਸਰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਇਸ ਲਈ ਲੋਕਾਂ ਨੂੰ ਮਿਲ ਕੇ ਆਵਾਜ਼ ਉਠਾਉਣੀ ਚਾਹੀਦੀ ਹੈ ਤਾਂ ਜੋ ਬੇਜ਼ੁਬਾਨ ਜਾਨਵਰਾਂ ਨੂੰ ਵੀ ਨਵੀਂ ਜ਼ਿੰਦਗੀ ਮਿਲ ਸਕੇ।

**ਵੱਧ ਤੋਂ ਵੱਧ ਗੋਦ ਲੈਣ ਦੀ ਕੀਤੀ ਅਪੀਲ**

ਸੋਨੂ ਸੂਦ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸਟਰੇਅ ਡੌਗਜ਼ ਨੂੰ ਗੋਦ ਲਿਆ ਜਾਵੇ। ਉਨ੍ਹਾਂ ਕਿਹਾ ਕਿ ਜੇ ਕੋਈ ਵਿਅਕਤੀ ਕਿਸੇ ਕੁੱਤੇ ਦੀ ਦੇਖਭਾਲ ਕਰਦਾ ਹੈ ਜਾਂ ਉਸ ਨੂੰ ਖਾਣਾ ਦਿੰਦਾ ਹੈ ਤਾਂ ਉਸ ਦੇ ਗਲੇ ਵਿੱਚ ਪੱਟਾ ਪਾਇਆ ਜਾ ਸਕਦਾ ਹੈ, ਤਾਂ ਜੋ ਇਹ ਪਤਾ ਲੱਗ ਸਕੇ ਕਿ ਉਸ ਦੀ ਜ਼ਿੰਮੇਵਾਰੀ ਕਿਸ ਕੋਲ ਹੈ।

# 'ਕਾਕਰੋਚ ਜਨਤਾ ਪਾਰਟੀ' ਸੋਸ਼ਲ ਮੀਡੀਆ ਅਕਾਊਂਟ ਤੇ ਵੈੱਬਸਾਈਟ ਹੈਕ

## ਕਾਕਰੋਚਾਂ ਨੇ ਕਿਹਾ 'ਅਸੀਂ ਰੁਕਣ ਵਾਲੇ ਨਹੀਂ'




'ਕਾਕਰੋਚ ਜਨਤਾ ਪਾਰਟੀ' ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦਾ ਨਿੱਜੀ Instagram ਅਕਾਊਂਟ ਅਤੇ ਪਾਰਟੀ ਦਾ ਅਧਿਕਾਰਤ Instagram ਪੇਜ ਹੈਕ ਕਰ ਲਿਆ ਗਿਆ ਹੈ। ਇਹ ਦਾਅਵਾ ਉਸ ਵੇਲੇ ਸਾਹਮਣੇ ਆਇਆ ਹੈ ਜਦੋਂ ਉਨ੍ਹਾਂ ਦੀ ਡਿਜ਼ੀਟਲ ਮੁਹਿੰਮ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਸੀ ਅਤੇ ਲੱਖਾਂ ਲੋਕਾਂ ਤੱਕ ਪਹੁੰਚ ਚੁੱਕੀ ਸੀ। ਅਭਿਜੀਤ ਦੀਪਕੇ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਆਨਲਾਈਨ ਪਲੇਟਫਾਰਮਾਂ ਖ਼ਿਲਾਫ਼ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਸ ਕਾਰਨ ਉਨ੍ਹਾਂ ਨਾਲ ਜੁੜੇ ਕਈ ਸੋਸ਼ਲ ਮੀਡੀਆ ਖਾਤੇ ਪ੍ਰਭਾਵਿਤ ਹੋਏ ਹਨ।

**ਸੋਸ਼ਲ ਮੀਡੀਆ ਯ 'ਤੇ ਕੀਤੀ ਪੋਸਟ**

ਸੋਸ਼ਲ ਮੀਡੀਆ 'ਤੇ ਜਾਰੀ ਆਪਣੇ ਬਿਆਨ ਵਿੱਚ ਅਭਿਜੀਤ ਦੀਪਕੇ ਨੇ ਲਿਖਿਆ ਕਿ 'ਕਾਕਰੋਚ ਜਨਤਾ ਪਾਰਟੀ' ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਮੁਤਾਬਕ ਪਾਰਟੀ ਦਾ Instagram ਪੇਜ ਹੈਕ ਹੋ ਗਿਆ ਹੈ, ਉਨ੍ਹਾਂ ਦਾ ਨਿੱਜੀ Instagram ਖਾਤਾ ਵੀ ਕਬਜ਼ੇ ਵਿੱਚ ਲਿਆ ਗਿਆ ਹੈ, ਜਦਕਿ X (ਟਵਿੱਟਰ) ਅਕਾਊਂਟ ਨੂੰ ਰੋਕ ਦਿੱਤਾ ਗਿਆ ਹੈ ਅਤੇ ਬੈਕਅੱਪ ਅਕਾਊਂਟ ਵੀ ਹਟਾ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਸਮੇਂ ਉਨ੍ਹਾਂ ਦੀ ਟੀਮ ਦੀ ਕਿਸੇ ਵੀ ਸੋਸ਼ਲ ਮੀਡੀਆ ਪਲੇਟਫਾਰਮ ਤੱਕ ਪਹੁੰਚ ਨਹੀਂ ਹੈ। ਇਸ ਲਈ ਹੁਣ ਤੋਂ ਬਾਅਦ ਕੀਤੀ ਜਾਣ ਵਾਲੀ ਕਿਸੇ ਵੀ ਪੋਸਟ ਨੂੰ 'ਕਾਕਰੋਚ ਜਨਤਾ ਪਾਰਟੀ' ਦਾ ਅਧਿਕਾਰਤ ਬਿਆਨ ਨਾ ਮੰਨਿਆ ਜਾਵੇ।

**ਇੱਕ ਹਫ਼ਤੇ ਵਿੱਚ ਬਣੀ ਵੱਡੀ ਚਰਚਾ**

ਅਭਿਜੀਤ ਦੀਪਕੇ ਬੋਸਟਨ ਯੂਨੀਵਰਸਿਟੀ ਦੇ ਵਿਦਿਆਰਥੀ ਹਨ ਅਤੇ ਪਹਿਲਾਂ ਆਮ ਆਦਮੀ ਪਾਰਟੀ ਨਾਲ ਵੀ ਜੁੜੇ ਰਹਿ ਚੁੱਕੇ ਹਨ। ਉਨ੍ਹਾਂ ਨੇ ਕਰੀਬ ਇੱਕ ਹਫ਼ਤਾ ਪਹਿਲਾਂ ਇਸ ਡਿਜ਼ੀਟਲ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ।

ਥੋੜ੍ਹੇ ਸਮੇਂ ਵਿੱਚ ਹੀ ਇਹ ਮੁਹਿੰਮ ਸੋਸ਼ਲ ਮੀਡੀਆ 'ਤੇ ਬਹੁਤ ਪ੍ਰਸਿੱਧ ਹੋ ਗਈ। ਰਿਪੋਰਟਾਂ ਅਨੁਸਾਰ ਪਾਰਟੀ ਦੇ Instagram ਅਕਾਊਂਟ ਦੇ ਫਾਲੋਅਰਾਂ ਦੀ ਗਿਣਤੀ ਕਰੀਬ 2 ਕਰੋੜ ਤੱਕ ਪਹੁੰਚ ਗਈ ਸੀ।

**ਕਿਵੇਂ ਸ਼ੁਰੂ ਹੋਇਆ 'ਕਾਕਰੋਚ ਜਨਤਾ ਪਾਰਟੀ' ਟਰੈਂਡ?**

'ਕਾਕਰੋਚ ਜਨਤਾ ਪਾਰਟੀ' ਦੀ ਚਰਚਾ ਉਸ ਵਿਵਾਦ ਤੋਂ ਬਾਅਦ ਸ਼ੁਰੂ ਹੋਈ, ਜਿਸ ਵਿੱਚ ਭਾਰਤ ਦੇ ਚੀਫ਼ ਜਸਟਿਸ ਸੂਰਿਆਕਾਂਤ ਦੀ ਇੱਕ ਕਥਿਤ ਟਿੱਪਣੀ ਨੂੰ ਲੈ ਕੇ ਵੱਡੀ ਬਹਿਸ ਛਿੜ ਗਈ ਸੀ। ਦੱਸਿਆ ਗਿਆ ਕਿ ਸੀਨੀਅਰ ਵਕੀਲ ਦਾ ਦਰਜਾ ਦੇਣ ਨਾਲ ਸਬੰਧਤ ਇੱਕ ਸੁਣਵਾਈ ਦੌਰਾਨ 'ਪਰਜੀਵੀ' ਅਤੇ 'ਕਾਕਰੋਚ' ਵਰਗੇ ਸ਼ਬਦਾਂ ਦੀ ਵਰਤੋਂ ਹੋਈ ਸੀ। ਅਭਿਜੀਤ ਦੀਪਕੇ ਮੁਤਾਬਕ ਉਨ੍ਹਾਂ ਦੀ ਇਹ ਮੁਹਿੰਮ ਇਸੇ ਵਿਵਾਦ ਤੋਂ ਪ੍ਰੇਰਿਤ ਸੀ। ਹਾਲਾਂਕਿ ਬਾਅਦ ਵਿੱਚ ਚੀਫ ਜਸਟਿਸ ਨੇ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਦੀ ਟਿੱਪਣੀ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਅਤੇ ਇਹ ਟਿੱਪਣੀ ਸਿਰਫ਼ ਕਾਨੂੰਨੀ ਖੇਤਰ ਵਿੱਚ ਜਾਅਲੀ ਜਾਂ ਗਲਤ ਡਿਗਰੀਆਂ ਨਾਲ ਦਾਖ਼ਲ ਹੋਣ ਵਾਲੇ ਲੋਕਾਂ ਲਈ ਸੀ।

**ਪਹਿਲਾਂ ਵੀ ਮਿਲ ਚੁੱਕੀਆਂ ਸਨ ਧਮਕੀਆਂ**

ਅਭਿਜੀਤ ਦੀਪਕੇ ਨੇ ਇਸ ਤੋਂ ਪਹਿਲਾਂ ਇਹ ਵੀ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੀ ਮੁਹਿੰਮ ਦੇ ਵਾਇਰਲ ਹੋਣ ਤੋਂ ਬਾਅਦ ਉਨ੍ਹਾਂ ਨੂੰ WhatsApp 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ। ਉਨ੍ਹਾਂ ਨੇ ਕਥਿਤ ਧਮਕੀ ਭਰੇ ਸੁਨੇਹਿਆਂ ਦੇ ਸਕ੍ਰੀਨਸ਼ਾਟ ਸਾਂਝੇ ਕਰਦਿਆਂ ਕਿਹਾ ਸੀ ਕਿ ਉਨ੍ਹਾਂ 'ਤੇ 'ਕਾਕਰੋਚ ਜਨਤਾ ਪਾਰਟੀ' ਦਾ ਅਕਾਊਂਟ ਬੰਦ ਕਰਨ ਜਾਂ ਕਿਸੇ ਰਾਜਨੀਤਿਕ ਪਾਰਟੀ ਵਿੱਚ ਸ਼ਾਮਲ ਹੋਣ ਲਈ ਦਬਾਅ ਬਣਾਇਆ ਜਾ ਰਿਹਾ ਸੀ।

# ਨਿੱਕੀ-ਨਿੱਕੀ ਪੈਂਦੀ ਭੂਰ ਦੇ ਬਾਵਜੂਦ 2100 ਤੋਂ ਵਧੇਰੇ ਦੌੜਾਕਾਂ ਨੇ ਬੜੇ ਉਤਸ਼ਾਹ ਨਾਲ ਚੌਥੇ

## * ਬਰੈਂਪਟਨ ਹਾਫ਼-ਮੈਰਾਥਨ ਈਵੈਂਟ 'ਚ ਲਿਆ ਹਿੱਸਾ * ਟੀਪੀਏਆਰ ਕਲੱਬ ਦੇ 80 ਮੈਂਬਰਾਂ ਦੇ ਵੱਡੇ ਗਰੁੱਪ ਨੇ ਕੀਤੀ ਭਰਵੀਂ ਸ਼ਮੂਲੀਅਤ













ਬਰੈਂਪਟਨ, (ਡਾ. ਝੰਡ)- ਲੰਘੇ ਐਤਵਾਰ 24 ਮਈ ਨੂੰ ਸਥਾਨਕ ਚਿੰਗੂਆਕੂਜ਼ੀ ਪਾਰਕ 'ਚ 'ਬਰੈਂਪਟਨ ਹਾਫ਼-ਮੈਰਾਥਨ ਈਵੈਂਟ' ਸਫ਼ਲਤਾ ਪੂਰਵਕ ਆਯੋਜਿਤ ਕੀਤਾ ਗਿਆ। ਪਿਛਲੇ ਇੱਕ ਦਿਨ ਤੋਂ ਲ਼ਗਾਤਾਰ ਚੱਲੇ ਆ ਰਹੇ ਮੀਂਹ-ਕਣੀ ਵਾਲੇ ਖ਼ਰਾਬ ਮੌਸਮ ਦੇ ਬਾਵਜੂਦ ਇਸ ਵਿੱਚ 2,100 ਤੋਂ ਵਧੇਰੇ ਦੌੜਾਕਾਂ ਤੇ ਵਾੱਕਰਾਂ ਨੇ ਹਾਫ਼-ਮੈਰਾਥਨ, 10 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਵਿੱਚ ਬੜੇ ਜੋਸ਼ ਤੇ ਉਤਸ਼ਾਹ ਨਾਲ ਭਾਗ ਲਿਆ। ਇਨ੍ਹਾਂ ਤਿੰਨਾਂ ਮੁੱਖ ਤੌੜਾਂ ਤੋਂ ਇਲਾਵਾ 6 ਸਾਲ ਤੋਂ ਛੋਟੇ ਬੱਚਿਆਂ ਅਤੇ 65 ਸਾਲ ਤੋਂ ਉੱਪਰਲੇ ਸੀਨੀਅਰਾਂ ਦੇ ਲਈ ਇੱਕ ਕਿਲੋਮੀਟਰ ਦੌੜ ਆਯੋਜਿਤ ਕੀਤੀ ਗਈ, ਜਿਸ ਵਿੱਚ ਬੱਚਿਆਂ ਅਤੇ ਸੀਨੀਅਰਾਂ ਵੱਲੋਂ ਦਿਖਾਇਆ ਗਿਆ ਉਤਸ਼ਾਹ ਵੇਖਿਆਂ ਹੀ ਬਣਦਾ ਸੀ।

ਸਵੇਰੇ ਸੱਤ ਵਜੇ ਤੋਂ ਹੀ ਚਿੰਗੂਆਕੂਜ਼ੀ ਪਾਰਕ ਵਿੱਚ ਮੇਲੇ ਵਾਲਾ ਮਾਹੌਲ ਬਣਨਾ ਸ਼ੁਰੂ ਹੋ ਗਿਆ। ਟੀਪੀਏਆਰ ਕਲੱਬ ਬਰੈਂਪਟਨ, 'ਸਹਾਇਤਾ' ਤੇ 'ਪਿੰਗਲਵਾੜਾ' ਸਮਾਜ-ਸੇਵੀ ਸੰਸਥਾਵਾਂ, 'ਸਿੰਘ ਪੀਜ਼ਾ', ਫ਼ਲ-ਫਰੂਟ ਤੇ ਹੋਰ ਪੌਸ਼ਟਿਕ ਖਾਧ-ਪਦਾਰਥਾਂ ਦੀ ਸੇਵਾ ਕਰਨ ਵਾਲੀਆਂ ਸੰਸਥਾਵਾਂ ਨੇ ਆਪੋ-ਆਪਣੇ ਟੈਂਟ ਲਗਾਉਣੇ ਆਰੰਭ ਕਰ ਦਿੱਤੇ ਅਤੇ ਇਸਦੇ ਨਾਲ ਹੀ ਵੱਖ-ਵੱਖ ਦੌੜਾਂ ਵਿੱਚ ਭਾਗ ਲੈਣ ਵਾਲੇ ਦੌੜਾਕ ਅਤੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਨ ਵਾਲੇ ਸਹਾਇਕ ਆਉਣੇ ਸ਼ੁਰੂ ਹੋ ਗਏ। ਅੱਠ ਵਜੇ ਤੱਕ ਦੌੜਾਂ ਦੇ ਇਸ 'ਮੇਲੇ' ਵਿੱਚ ਚੰਗੀ ਰੌਣਕ ਹੋ ਗਈ।

ਸੱਭ ਤੋਂ ਪਹਿਲਾਂ ਸਵੇਰੇ ਅੱਠ ਵਜੇ 21 ਕਿਲੋਮੀਟਰ 'ਹਾਫ਼-ਮੈਰਾਥਨ' ਦੌੜਨ ਵਾਲੇ ਦੌੜਾਕਾਂ ਨੂੰ 'ਵਾਰਮ-ਅੱਪ' ਕਰਵਾਉਣ ਤੋਂ ਬਾਅਦ ਇਹ ਦੌੜ ਆਰੰਭ ਕਰਨ ਦੀ 'ਹਰੀ ਝੰਡੀ' ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਤੇ ਉਨ੍ਹਾਂ ਦੇ ਸਾਥੀ ਕੌਂਸਲਰਾਂ ਵੱਲੋਂ ਵਿਖਾਈ ਗਈ। ਤਿੰਨਾਂ ਮੁੱਖ ਦੌੜਾਂ ਦਾ ਰੂਟ ਬਰੈਮਲੀ ਰੋਡ ਉੱਪਰ ਉੱਤਰ ਵਾਲੇ ਪਾਸੇ ਵਿਲੀਅਮ ਪਾਰਕਵੇਅ ਤੋਂ ਅੱਗੇ ਨੌਰਥ ਪਾਰਕ ਤੱਕ ਅਤੇ ਉਸ ਤੋਂ ਸੱਜੇ ਤੇ ਖੱਬੇ ਪਾਸੇ ਜਾਣ ਦਾ ਸੀ। ਪ੍ਰਬੰਧਕਾਂ ਵੱਲੋਂ ਪਹਿਲਾਂ ਤੋਂ ਨਿਰਧਾਰਿਤ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਪੰਜ ਕਿਲੋਮੀਟਰ ਵਾਲਿਆਂ ਨੇ ਇਸ ਤੋਂ ਖੱਬੇ ਪਾਸੇ ਮੁੜਨਾ ਸੀ, ਜਦਕਿ 10 ਅਤੇ 21 ਕਿਲੋਮੀਟਰ ਵਾਲੇ ਦੌੜਾਕਾਂ ਨੇ ਸੱਜੇ ਪਾਸੇ ਮੁੜ ਕੇ ਵੱਖ-ਵੱਖ 'ਲੂਪਸ' ਬਣਾਉਂਦਿਆਂ ਹੋਇਆਂ ਵਾਪਸ ਆ ਕੇ ਇੱਥੋਂ ਅੱਗੇ ਸਿੱਧੇ ਜਾ ਕੇ ਪੰਜ ਕਿਲੋਮੀਟਰ ਵਾਲੇ ਨਿਰਧਾਰਤ ਰੂਟ 'ਤੇ ਪੈ ਕੇ ਈਟੋਬੇਕੋ ਕਰੀਕ ਦੇ ਨਾਲ-ਨਾਲ ਜਾਂਦੇ ਛੋਟੇ ਰਸਤੇ 'ਤੇ ਜਾ ਕੇ ਚਿੰਗੂਆਕੂਜ਼ੀ ਪਾਰਕ ਵਾਪਸ 'ਬਰੈਮਲੀ ਰੋਡ ਸਥਿਤ ਸਟਾਰਟ/ਫ਼ਿਨਿਸ਼ ਪੋਆਇੰਟ' 'ਤੇ ਪਹੁੰਚਣਾ ਸੀ।

10 ਕਿਲੋਮੀਟਰ ਵਾਲੇ ਦੌੜਾਕਾਂ ਨੂੰ 'ਵਾਰਮਿੰਗ-ਅੱਪ' ਤੋਂ ਬਾਅਦ ਕ੍ਰਮਵਾਰ 8.30 ਵਜੇ ਅਤੇ 5 ਕਿਲੋਮੀਟਰ ਵਾਲਿਆਂ ਨੂੰ 9.00 ਵਜੇ ਦੌੜਨ ਦੇ ਹਰੇ 'ਸਿਗਨਲ' ਦਿੱਤੇ ਗਏ ਜੋ ਆਪੋ-ਆਪਣੇ ਰੂਟਾਂ ਤੋਂ ਗੁਜ਼ਰਦੇ ਹੋਏ ਵਾਪਸ 'ਫਿਨਿਸ਼ ਪੋਆਇੰਟ' 'ਤੇ ਪਹੁੰਚੇ, ਜਿੱਥੇ ਉਨ੍ਹਾਂ ਅਤੇ 21 ਕਿਲੋਮੀਟਰ ਦੌੜਾਕਾਂ ਦੇ ਗ਼ਲਾਂ 'ਚ ਮੈਡਲ ਪਾ ਕੇ ਉਨ੍ਹਾਂ ਦਾ ਭਰਵਾਂ ਸੁਆਗ਼ਤ ਕੀਤਾ ਗਿਆ। ਛੋਟੇ ਬੱਚਿਆਂ ਦੀ ਇੱਕ ਕਿਲੋਮੀਟਰ ਦੌੜ ਬਰੈਮਲੀ ਰੋਡ ਤੇ ਵਿਲੀਅਮ ਪਾਰਕਵੇਅ ਦੇ ਇੰਟਰਸੈੱਕਸ਼ਨ ਤੋਂ 9.45 ਵਜੇ ਅਤੇ ਸੀਨੀਅਰਾਂ ਦੀ 10.15 ਵਜੇ ਆਰੰਭ ਹੋਈ ਅਤੇ 'ਫਿਨਿਸ਼ ਪੋਆਇੰਟ' ਉੱਪਰ ਪਹੁੰਚਣ 'ਤੇ ਉਨ੍ਹਾਂ ਦਾ ਵੀ ਓਸੇ ਤਰ੍ਹਾਂ ਮੈਡਲ ਪਾ ਕੇ ਸੁਆਗ਼ਤ ਕੀਤਾ ਗਿਆ। ਤਿੰਨਾਂ ਮੁੱਖ-ਦੌੜਾਂ, ਭਾਵ 21 ਕਿਲੋਮੀਟਰ, 10 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਨੰਬਰ 'ਤੇ ਆਉਣ ਵਾਲੇ ਮਰਦ ਤੇ ਇਸਤਰੀ ਦੌੜਾਕਾਂ ਨੂੰ ਵਿਸ਼ੇਸ਼ ਮੈਡਲਾਂ ਤੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। 21 ਕਿਲੋਮੀਟਰ ਦੌੜ ਵਿੱਚ ਪਰਦੁਮਨ ਸਿੰਘ ਸੇਤੀਆ (1 ਘੰਟਾ 16 ਮਿੰਟ 50 ਸਕਿੰਟ), ਜਸਟਿਨ ਲੇਈ (1 ਘੰਟਾ 17 ਮਿੰਟ 25 ਸਕਿੰਟ) ਰੌਬੀ ਰਾਏ (1 ਘੰਟਾ 21 ਮਿੰਟ 23 ਸਕਿੰਟ) ਪਹਿਲੇ ਤਿੰਨ ਸਥਾਨਾਂ 'ਤੇ ਰਹੇ। ਏਸੇ ਤਰ੍ਹਾਂ 10 ਕਿਲੋਮੀਟਰ ਦੌੜ ਵਿੱਚ ਰੈਲਫ਼ ਆਰੋਨ ਲਗਾਸਾ (38 ਮਿੰਟ 51 ਸਕਿੰਟ), ਵਿਗਨੇਸ਼ ਰਾਮਾਸਵਾਮੀ (42 ਮਿੰਟ 1 ਸਕਿੰਟ), ਪਾਲ ਔਂਜਲਾ (43 ਮਿੰਟ 8 ਸਕਿੰਟ) ਅਤੇ 5 ਕਿਲੋਮੀਟਰ ਦੌੜ ਵਿੱਚ ਕਨੀਕ ਥੌਮਸ (12 ਮਿੰਟ 29 ਸਕਿੰਟ), ਈਥਨ ਸਿਟ (12 ਮਿੰਟ 39 ਸਕਿੰਟ) ਅਤੇ ਪਵਨਬੀਰ ਸਿੰਘ 12 ਮਿੰਟ 54 ਸਕਿੰਟ) ਸਮੇਂ ਨਾਲ ਪਹਿਲੇ ਤਿੰਨ ਸਥਾਨਾਂ 'ਤੇ ਆਏ।

ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਵਿੱਚ ਕਲੱਬ ਦੇ 80 ਮੈਂਬਰਾਂ ਨੇ ਦੌੜਾਂ ਦੇ ਇਸ ਵੱਡੇ ਈਵੈਂਟ ਵਿੱਚ 'ਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਦੇ ਤੇਜ਼ ਦੌੜਾਕਾਂ ਵਿੱਚੋਂ ਸੂਰਤ ਚਾਹਲ ਤੇ ਸਵਰਨ ਸਿੰਘ ਦੋਵੇਂ ਹਾਫ਼-ਮੈਰਾਥਨ ਇੱਕ ਘੰਟਾ 56 ਮਿੰਟ 25 ਸਕਿੰਟ, ਅਰੁਣ ਗੁਪਤਾ 2 ਘੰਟੇ 6 ਮਿੰਟ 47 ਸਕਿੰਟ, ਹਰਜੀਤ ਸਿੰਘ 2 ਘੰਟੇ 23 ਮਿੰਟ 51 ਸਕਿੰਟ ਅਤੇ ਧਿਆਨ ਸਿੰਘ ਸੋਹਲ 2 ਘੰਟੇ 30 ਮਿੰਟ 29 ਸਕਿੰਟ 'ਚ ਲਗਾ ਕੇ ਪਹਿਲੇ ਚਾਰ ਸਥਾਨਾਂ 'ਤੇ ਰਹੇ, ਜਦਕਿ 10 ਕਿਲੋਮੀਟਰ ਦੌੜ ਨਿਰਮਲ ਗਿੱਲ 52 ਮਿੰਟ 48 ਸਕਿੰਟ, ਅਮਰਜੀਤ ਸਿੰਘ 53 ਮਿੰਟ 41 ਸਕਿੰਟ, ਸੋਢੀ ਕੰਗ 56 ਮਿੰਟ 30 ਸਕਿੰਟ ਅਤੇ ਜਸਵਿੰਦਰ ਜੱਸੀ ਧਾਲੀਵਾਲ ਨੇ ਇਹ ਦੌੜ 56 ਮਿੰਟ 39 ਸਕਿੰਟਾਂ ਵਿੱਚ ਲਗਾ ਕੇ ਕ੍ਰਮਵਾਰ ਪਹਿਲੇ ਚਾਰ ਸਥਾਨ ਪ੍ਰਾਪਤ ਕੀਤੇ। ਕਲੱਬ ਦੇ ਦੋ ਹੋਰ ਦੌੜਾਕਾਂ ਕਰਮਜੀਤ ਗਿੱਲ ਅਤੇ ਮਨਜੀਤ ਨੌਟਾ ਨੇ ਇਹ ਦੌੜ ਕ੍ਰਮਵਾਰ 1 ਘੰਟਾ 1 ਮਿੰਟ 42 ਸਕਿੰਟਾਂ ਅਤੇ 1 ਘੰਟਾ 13 ਮਿੰਟ 38 ਸਕਿੰਟਾਂ ਵਿੱਚ ਸੰਪੰਨ ਕੀਤੀ।

ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਤੇ ਸਰਪ੍ਰਸਤ 82 ਸਾਲਾ ਇੰਜ. ਈਸ਼ਰ ਸਿੰਘ ਚਾਹਲ ਅਤੇ ਮੀਡੀਆ ਕੋਆਰਡੀਨੇਟਰ 76 ਸਾਲਾ ਡਾ. ਸੁਖਦੇਵ ਸਿੰਘ ਝੰਡ ਨੇ ਮਜ਼ੇ-ਮਜ਼ੇ ਚੱਲਦਿਆਂ ਇਸ ਦੌੜ ਦਾ 5 ਕਿਲੋਮੀਟਰ ਰੂਟ 59 ਮਿੰਟ 38 ਸਕਿੰਟਾਂ 'ਚ ਤੈਅ ਕੀਤਾ। ਕਲੱਬ ਦੇ ਤੇਜ਼-ਤਰਾਰ ਤੇ ਹੋਣਹਾਰ 13 ਸਾਲਾ ਬੱਚੇ ਗੈਵਿਨ ਅੱਟਾ ਨੇ ਇਹ 5 ਕਿਲੋਮੀਟਰ ਦੌੜ 25 ਮਿੰਟ 58 ਮਿੰਟ 'ਚ ਪੂਰੀ ਕਰਕੇ ਇਸ ਵਿੱਚ 311ਵੇਂ ਸਥਾਨ ਪ੍ਰਾਪਤ ਕੀਤਾ, ਜਦਕਿ 12 ਸਾਲ ਦੇ ਇੱਕ ਹੋਰ ਮੈਂਬਰ ਸਮਰਿੱਧ ਝੰਡ ਨੇ ਇਹ 5 ਕਿਲੋਮੀਟਰ ਦੌੜ 50 ਮਿੰਟ 15 ਸਕਿੰਟਾਂ 'ਚ ਸੰਪੰਨ ਕੀਤੀ। ਛੋਟੇ ਬੱਚਿਆਂ ਰੌਨਿਧ ਝੰਡ, ਫ਼ਰਹਾ ਗਿੱਲ, ਜ਼ਾਰੀਆ ਗਿੱਲ, ਸਾਰਾ ਗਿੱਲ, ਅਲਿਜ਼ਬੈੱਥ ਤੇ ਅਲਿਵੀਆ ਨੇ ਇਸ ਈਵੈਂਟ ਦੀ ਇੱਕ ਕਿਲੋਮੀਟਰ ਦੌੜ ਵਿੱਚ ਬੜੇ ਚਾਅ ਨਾਲ ਭਾਗ ਲਿਆ।

ਕਲੱਬ ਦੇ ਸਰਪ੍ਰਸਤ ਇੰਜ. ਈਸ਼ਰ ਸਿੰਘ ਚਾਹਲ ਅਤੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਕਲੱਬ ਦੇ ਸਮੂਹ ਮੈਂਬਰਾਂ, ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਇਸ ਮਹਾਨ ਈਵੈਂਟ ਵਿੱਚ ਸ਼ਾਮਲ ਹੋਣ ਤੇ ਇਸ ਨੂੰ ਸਫ਼ਲ ਬਨਾਉਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਨਾਲ ਹੀ ਅਗਲੇ ਮਹੀਨੇ 13 ਜੂਨ ਨੂੰ ਪੀਲ ਪੋਲੀਸ ਵੱਲੋਂ ਕਰਵਾਏ ਜਾ ਰਹੇ 'ਰੇਸ ਅਗੇਸਨਸਟ ਰੇਸਿਜ਼ਮ' ਈਵੈਂਟ ਵਿੱਚ ਏਸੇ ਹੀ ਤਰ੍ਹਾਂ ਜੋਸ਼ ਤੇ ਉਤਸ਼ਾਹ ਨਾਲ ਭਾਗ ਲੈਣ ਲਈ ਬੇਨਤੀ ਕੀਤੀ ਗਈ।

GTA Plumbing & Electrical Supplies
GTA Plumbing & Electrical Supplies

ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234

Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ


ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ

ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਫਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਕੀ ਸਮਾਂ ਪੈਸੇ ਨਾਲੋਂ ਵੀ ਵੱਧ ਕੀਮਤੀ ਹੈ?



ਆਧੁਨਿਕ ਯੁੱਗ ਵਿੱਚ ਮਨੁੱਖ ਨੇ ਵਿਗਿਆਨ, ਤਕਨੀਕ ਅਤੇ ਆਰਥਿਕ ਵਿਕਾਸ ਦੇ ਖੇਤਰ ਵਿੱਚ ਅਦਭੁੱਤ ਤਰੱਕੀ ਕੀਤੀ ਹੈ। ਅੱਜ ਇਨਸਾਨ ਚੰਦ ਤੱਕ ਅੱਪੜ ਚੁੱਕਿਆ ਹੈ, ਦੁਨੀਆ ਇੱਕ ਛੋਟੇ ਪਿੰਡ ਵਾਂਗ ਬਣ ਗਈ ਹੈ ਅਤੇ ਜਾਣਕਾਰੀ ਸਿਰਫ਼ ਇੱਕ ਕਲਿੱਕ ਦੀ ਦੂਰੀ 'ਤੇ ਹੈ। ਪਰ ਇਸ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਇੱਕ ਅਜਿਹੀ ਦੌਲਤ ਹੈ ਜਿਸ ਦੀ ਕਮੀ ਹਰ ਕੋਈ ਮਹਿਸੂਸ ਕਰ ਰਿਹਾ ਹੈ—ਉਹ ਹੈ ਸਮਾਂ।

ਸਮਾਂ ਉਹ ਅਨਮੋਲ ਪੂੰਜੀ ਹੈ ਜੋ ਹਰ ਵਿਅਕਤੀ ਨੂੰ ਬਰਾਬਰ ਮਿਲਦੀ ਹੈ। ਨਾ ਕੋਈ ਅਮੀਰ ਇਸ ਨੂੰ ਖਰੀਦ ਸਕਦਾ ਹੈ ਅਤੇ ਨਾ ਕੋਈ ਗਰੀਬ ਇਸ ਤੋਂ ਵਾਂਝਾ ਰਹਿੰਦਾ ਹੈ। ਹਰ ਮਨੁੱਖ ਕੋਲ ਦਿਨ ਦੇ ਚੌਵੀ ਘੰਟੇ ਹੁੰਦੇ ਹਨ। ਫ਼ਰਕ ਸਿਰਫ਼ ਇਹ ਹੁੰਦਾ ਹੈ ਕਿ ਕੋਈ ਇਸ ਦਾ ਸਹੀ ਉਪਯੋਗ ਕਰਕੇ ਸਫਲਤਾ ਦੀਆਂ ਬੁਲੰਦੀਆਂ ਛੂਹ ਲੈਂਦਾ ਹੈ ਅਤੇ ਕੋਈ ਇਸ ਨੂੰ ਵਿਅਰਥ ਗੁਆ ਕੇ ਪਛਤਾਵੇ ਤੋਂ ਇਲਾਵਾ ਕੁਝ ਵੀ ਹਾਸਲ ਨਹੀਂ ਕਰਦਾ।

ਸਮਾਜ ਵਿੱਚ ਆਮ ਧਾਰਨਾ ਹੈ ਕਿ ਪੈਸਾ ਸਭ ਕੁਝ ਹੈ। ਪਰ ਜੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਮਾਂ ਪੈਸੇ ਨਾਲੋਂ ਕਈ ਗੁਣਾ ਵੱਧ ਕੀਮਤੀ ਹੈ। ਪੈਸਾ ਗੁਆ ਕੇ ਦੁਬਾਰਾ ਕਮਾਇਆ ਜਾ ਸਕਦਾ ਹੈ, ਪਰ ਗੁਜ਼ਰਿਆ ਹੋਇਆ ਸਮਾਂ ਕਿਸੇ ਵੀ ਕੀਮਤ 'ਤੇ ਵਾਪਸ ਨਹੀਂ ਆ ਸਕਦਾ। ਇੱਕ ਕਰੋੜਪਤੀ ਆਪਣੀ ਬਰਬਾਦ ਹੋਈ ਦੌਲਤ ਮੁੜ ਹਾਸਲ ਕਰ ਸਕਦਾ ਹੈ, ਪਰ ਉਹ ਆਪਣੀ ਜ਼ਿੰਦਗੀ ਦਾ ਇੱਕ ਵੀ ਬੀਤਿਆ ਹੋਇਆ ਮਿੰਟ ਨਹੀਂ ਖਰੀਦ ਸਕਦਾ।

ਅਸਲ ਵਿੱਚ ਪੈਸਾ ਵੀ ਸਮੇਂ ਦੇ ਸਹੀ ਉਪਯੋਗ ਦਾ ਨਤੀਜ਼ਾ ਹੁੰਦਾ ਹੈ। ਜੋ ਵਿਅਕਤੀ ਆਪਣੇ ਸਮੇਂ ਦਾ ਸਦਉਪਯੋਗ ਕਰਦਾ ਹੈ, ਉਹੀ ਗਿਆਨ, ਸਫਲਤਾ ਅਤੇ ਆਰਥਿਕ ਖੁਸ਼ਹਾਲੀ ਪ੍ਰਾਪਤ ਕਰਦਾ ਹੈ। ਇਸ ਲਈ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੈਸਾ ਸਮੇਂ ਤੋਂ ਪੈਦਾ ਹੁੰਦਾ ਹੈ, ਸਮਾਂ ਪੈਸੇ ਤੋਂ ਨਹੀਂ।

ਅੱਜ ਦਾ ਯੁੱਗ ਡਿਜ਼ੀਟਲ ਯੁੱਗ ਹੈ। ਮੋਬਾਈਲ ਫੋਨ, ਸੋਸ਼ਲ ਮੀਡੀਆ, ਆਨਲਾਈਨ ਮਨੋਰੰਜਨ ਅਤੇ ਬੇਲੋੜੀਆਂ ਡਿਜ਼ੀਟਲ ਗਤੀਵਿਧੀਆਂ ਨੇ ਮਨੁੱਖ ਦੇ ਕੀਮਤੀ ਸਮੇਂ ਨੂੰ ਆਪਣੀ ਗਿਰਫ਼ਤ ਵਿੱਚ ਲੈ ਲਿਆ ਹੈ। ਖ਼ਾਸ ਕਰਕੇ ਨੌਜਵਾਨ ਵਰਗ ਆਪਣਾ ਵੱਡਾ ਸਮਾਂ ਸੋਸ਼ਲ ਮੀਡੀਆ 'ਤੇ ਬਿਤਾ ਰਿਹਾ ਹੈ। ਕਈ ਵਾਰ ਘੰਟਿਆਂ ਦੀ ਇਹ ਖ਼ਪਤ ਸਿਰਫ਼ ਮਨੋਰੰਜਨ ਤੱਕ ਸੀਮਿਤ ਰਹਿ ਜਾਂਦੀ ਹੈ ਅਤੇ ਨਤੀਜ਼ੇ ਵਜੋਂ ਪੜ੍ਹਾਈ, ਸਿਹਤ, ਪਰਿਵਾਰਕ ਜੀਵਨ ਅਤੇ ਵਿਅਕਤੀਗਤ ਵਿਕਾਸ ਪ੍ਰਭਾਵਿਤ ਹੁੰਦੇ ਹਨ।

ਸਮੇਂ ਦੀ ਗਲਤ ਵਰਤੋਂ ਕਾਰਨ ਤਣਾਅ, ਕੰਮ ਦਾ ਬੋਝ, ਅਸਫਲਤਾ ਦਾ ਡਰ ਅਤੇ ਜੀਵਨ ਪ੍ਰਤੀ ਨਿਰਾਸ਼ਾ ਵਰਗੀਆਂ ਸਮੱਸਿਆਵਾਂ ਲਗਾਤਾਰ ਵੱਧ ਰਹੀਆਂ ਹਨ। ਪਿਛਲੇ ਕੁਝ ਸਾਲਾਂ ਵਿੱਚ ਚਿੰਤਾ ਅਤੇ ਉਦਾਸੀ ਦੇ ਮਾਮਲਿਆਂ ਵਿੱਚ ਦੁਨੀਆ ਭਰ ਵਿੱਚ ਵਾਧਾ ਦੇਖਣ ਨੂੰ ਮਿਲਿਆ ਹੈ। ਇਸ ਦੇ ਕਈ ਕਾਰਨ ਹਨ, ਪਰ ਸਮੇਂ ਦੀ ਗਲਤ ਯੋਜਨਾਬੰਦੀ ਵੀ ਇੱਕ ਮਹੱਤਵਪੂਰਨ ਕਾਰਨ ਮੰਨੀ ਜਾਂਦੀ ਹੈ। ਜਦੋਂ ਵਿਅਕਤੀ ਆਪਣੇ ਕੰਮਾਂ ਨੂੰ ਸਮੇਂ ਸਿਰ ਪੂਰਾ ਨਹੀਂ ਕਰ ਪਾਉਂਦਾ ਤਾਂ ਉਸ 'ਤੇ ਦਬਾਅ ਵੱਧ ਜਾਂਦਾ ਹੈ। ਅਧੂਰੇ ਕੰਮ, ਨੇੜੇ ਆਉਂਦੀਆਂ ਮਿਆਦਾਂ ਅਤੇ ਭਵਿੱਖ ਦੀ ਚਿੰਤਾ ਮਨੁੱਖ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਦਿੰਦੇ ਹਨ।

ਇਸ ਦੇ ਉਲਟ, ਜੇਕਰ ਕੋਈ ਵਿਅਕਤੀ ਆਪਣੇ ਦਿਨ ਦੀ ਯੋਜਨਾ ਪਹਿਲਾਂ ਹੀ ਬਣਾ ਲਵੇ, ਤਰਜੀਹਾਂ ਨਿਰਧਾਰਤ ਕਰੇ ਅਤੇ ਆਪਣੇ ਕੰਮ ਸਮੇਂ ਸਿਰ ਪੂਰੇ ਕਰੇ ਤਾਂ ਉਸ ਦਾ ਆਤਮ-ਵਿਸ਼ਵਾਸ ਵੱਧਦਾ ਹੈ ਅਤੇ ਮਾਨਸਿਕ ਤਣਾਅ ਘੱਟਦਾ ਹੈ। ਸਮਾਂ ਪ੍ਰਬੰਧਨ ਮਨੁੱਖ ਨੂੰ ਜੀਵਨ ਉੱਤੇ ਨਿਯੰਤਰਣ ਦਾ ਅਹਿਸਾਸ ਕਰਵਾਉਂਦਾ ਹੈ। ਇਹ ਨਿਯਮਿਤ ਨੀਂਦ, ਕਸਰਤ, ਪਰਿਵਾਰ ਲਈ ਸਮਾਂ ਅਤੇ ਮਨੋਰੰਜਨ ਲਈ ਵੀ ਮੌਕੇ ਪ੍ਰਦਾਨ ਕਰਦਾ ਹੈ, ਜੋ ਮਾਨਸਿਕ ਸਿਹਤ ਲਈ ਬਹੁਤ ਜ਼ਰੂਰੀ ਹਨ।

ਡਰ, ਚਿੰਤਾ ਅਤੇ ਬੇਚੈਨੀ ਇੱਕ ਜਟਿਲ ਮਾਨਸਿਕ ਅਵਸਥਾ ਹੈ ਜਿਸ ਦੇ ਕਈ ਜੈਵਿਕ, ਸਮਾਜਿਕ ਅਤੇ ਮਨੋਵਿਗਿਆਨਕ ਕਾਰਨ ਹੋ ਸਕਦੇ ਹਨ। ਫਿਰ ਵੀ, ਸਮਾਂ ਪ੍ਰਬੰਧਨ ਇਸ ਦੇ ਖ਼ਤਰੇ ਨੂੰ ਘੱਟਾਉਣ ਵਿੱਚ ਸਹਾਇਕ ਸਾਬਤ ਹੋ ਸਕਦਾ ਹੈ।

ਜਦੋਂ ਵਿਅਕਤੀ ਆਪਣੇ ਦਿਨ ਨੂੰ ਸੁਚੱਜੇ ਢੰਗ ਨਾਲ ਵਿਵਸਥਿਤ ਕਰਦਾ ਹੈ, ਆਪਣੇ ਟੀਚੇ ਨਿਰਧਾਰਤ ਕਰਦਾ ਹੈ ਅਤੇ ਛੋਟੀਆਂ-ਛੋਟੀਆਂ ਸਫਲਤਾਵਾਂ ਹਾਸਲ ਕਰਦਾ ਹੈ ਤਾਂ ਉਸ ਵਿੱਚ ਸੰਤੁਸ਼ਟੀ ਅਤੇ ਆਤਮ-ਵਿਸ਼ਵਾਸ ਦਾ ਵਿਕਾਸ ਹੁੰਦਾ ਹੈ। ਇਹ ਭਾਵਨਾਵਾਂ ਨਿਰਾਸ਼ਾ ਅਤੇ ਉਦਾਸੀ ਦੇ ਪ੍ਰਭਾਵ ਨੂੰ ਘੱਟਾਉਣ ਵਿੱਚ ਮਦਦਗਾਰ ਹੁੰਦੀਆਂ ਹਨ। ਅੱਜ ਦੀ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਨੂੰ ਗਣਿਤ, ਵਿਗਿਆਨ, ਭਾਸ਼ਾਵਾਂ ਅਤੇ ਤਕਨੀਕੀ ਗਿਆਨ ਤਾਂ ਪ੍ਰਦਾਨ ਕਰਦੀ ਹੈ, ਪਰ ਜੀਵਨ ਜਿਉਣ ਦੀਆਂ ਕਈ ਬੁਨਿਆਦੀ ਕਲਾਵਾਂ ਅਜੇ ਵੀ ਪਾਠਕ੍ਰਮ ਦਾ ਹਿੱਸਾ ਨਹੀਂ ਬਣ ਸਕੀਆਂ।

ਸਮਾਂ ਪ੍ਰਬੰਧਨ ਇੱਕ ਅਜਿਹਾ ਜੀਵਨ-ਕੌਸ਼ਲ ਹੈ ਜਿਸ ਦੀ ਲੋੜ ਹਰ ਵਿਅਕਤੀ ਨੂੰ ਪੈਂਦੀ ਹੈ। ਜੇਕਰ ਵਿਦਿਆਰਥੀ ਛੋਟੀ ਉਮਰ ਤੋਂ ਹੀ ਸਮੇਂ ਦੀ ਮਹੱਤਤਾ ਅਤੇ ਉਸ ਦੇ ਸਹੀ ਉਪਯੋਗ ਬਾਰੇ ਸਿੱਖਣ ਲੱਗ ਜਾਣ ਤਾਂ ਉਹ ਨਾ ਸਿਰਫ਼ ਵਧੀਆ ਵਿਦਿਆਰਥੀ ਬਣਨਗੇ, ਸਗੋਂ ਜ਼ਿੰਮੇਵਾਰ ਨਾਗਰਿਕ ਵੀ ਬਣ ਸਕਣਗੇ।

ਸਕੂਲਾਂ ਵਿੱਚ ਸਮਾਂ ਪ੍ਰਬੰਧਨ ਨੂੰ ਇੱਕ ਵਿਸ਼ੇ ਜਾਂ ਜੀਵਨ-ਕੌਸ਼ਲ ਵਜੋਂ ਸ਼ਾਮਲ ਕਰਨ ਨਾਲ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਜ਼ਿੰਮੇਵਾਰੀ, ਯੋਜਨਾਬੰਦੀ ਅਤੇ ਲੀਡਰਸ਼ਿਪ ਦੇ ਗੁਣ ਵਿਕਸਤ ਹੋ ਸਕਦੇ ਹਨ। ਇਸ ਨਾਲ ਉਹ ਅਕਾਦਮਿਕ ਦਬਾਅ ਦਾ ਸੁਚੱਜੇ ਢੰਗ ਨਾਲ ਸਾਹਮਣਾ ਕਰ ਸਕਣਗੇ ਅਤੇ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਬਣਨਗੇ।

ਸਮਾਂ ਮਨੁੱਖੀ ਜੀਵਨ ਦੀ ਸਭ ਤੋਂ ਕੀਮਤੀ ਪੂੰਜੀ ਹੈ। ਪੈਸਾ, ਅਹੁਦਾ ਅਤੇ ਸ਼ੋਹਰਤ ਦੁਬਾਰਾ ਪ੍ਰਾਪਤ ਕੀਤੇ ਜਾ ਸਕਦੇ ਹਨ, ਪਰ ਗੁਜ਼ਰਿਆ ਹੋਇਆ ਸਮਾਂ ਕਦੇ ਵਾਪਸ ਨਹੀਂ ਆਉਂਦਾ। ਇਸ ਲਈ ਸਮੇਂ ਦੀ ਕਦਰ ਕਰਨਾ ਅਤੇ ਉਸ ਦਾ ਸਹੀ ਪ੍ਰਬੰਧਨ ਕਰਨਾ ਹਰ ਵਿਅਕਤੀ ਦੀ ਜ਼ਿੰਮੇਵਾਰੀ ਹੈ। ਅੱਜ ਜਦੋਂ ਦੁਨੀਆ ਤਣਾਅ, ਚਿੰਤਾ ਅਤੇ ਮਾਨਸਿਕ ਸਿਹਤ ਸੰਬੰਧੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਸਮਾਂ ਪ੍ਰਬੰਧਨ ਸਿਰਫ਼ ਸਫਲਤਾ ਦਾ ਸਾਧਨ ਨਹੀਂ, ਸਗੋਂ ਇੱਕ ਸਿਹਤਮੰਦ ਅਤੇ ਸੰਤੁਲਿਤ ਜੀਵਨ ਦੀ ਬੁਨਿਆਦੀ ਲੋੜ ਬਣ ਚੁੱਕਾ ਹੈ।

ਸਮੇਂ ਦੀ ਕਦਰ ਕਰਨ ਵਾਲੇ ਵਿਅਕਤੀ ਹੀ ਜੀਵਨ ਦੀ ਅਸਲ ਕਦਰ ਸਮਝਦੇ ਹਨ। ਇਸ ਲਈ ਇਹ ਕਹਿਣਾ ਬਿਲਕੁਲ ਉਚਿਤ ਹੈ ਕਿ—ਪੈਸਾ ਜ਼ਿੰਦਗੀ ਨੂੰ ਸੁੱਖੀ ਬਣਾ ਸਕਦਾ ਹੈ, ਪਰ ਸਮੇਂ ਦਾ ਸਹੀ ਉਪਯੋਗ ਹੀ ਜ਼ਿੰਦਗੀ ਨੂੰ ਸਾਰਥਕ ਬਣਾਉਂਦਾ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

## ਗਰਮੀ 'ਚ ਪਸੀਨਾ, ਬੇਚੈਨੀ ਅਤੇ ਚੱਕਰ ਆਉਣ ਨੂੰ ਨਾ ਸਮਝੋ ਮਾਮੂਲੀ ਕਮਜ਼ੋਰੀ, ਹੋ ਸਕਦੇ ਹਨ ਹਾਰਟ ਅਟੈਕ ਦੇ ਲੱਛਣ

ਲਾਈਫਸਟਾਈਲ ਡੈਸਕ, ਨਵੀਂ ਦਿੱਲੀ: ਦੇਸ਼ ਦੇ ਕਈ ਇਲਾਕਿਆਂ ਵਿੱਚ ਤਾਪਮਾਨ 45 ਡਿਗਰੀ ਨੂੰ ਪਾਰ ਕਰ ਚੁੱਕਾ ਹੈ। ਇਸ ਭਿਆਨਕ ਗਰਮੀ ਕਾਰਨ ਲੂ (ਹੀਟਸਟਰੋਕ), ਥਕਾਵਟ ਅਤੇ ਡੀਹਾਈਡ੍ਰੇਸ਼ਨ ਦਾ ਖ਼ਤਰਾ ਤਾਂ ਰਹਿੰਦਾ ਹੀ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਤੁਹਾਡੇ ਦਿਲ 'ਤੇ ਵੀ ਅਸਾਧਾਰਨ ਦਬਾਅ ਪਾ ਸਕਦਾ ਹੈ? ਇਸ ਲਈ ਤੇਜ਼ ਗਰਮੀ ਦੇ ਮੌਸਮ ਵਿੱਚ ਲੂ ਤੋਂ ਬਚਾਅ ਦੇ ਨਾਲ-ਨਾਲ ਦਿਲ ਦੀ ਸਿਹਤ ਵੱਲ ਧਿਆਨ ਦੇਣਾ ਵੀ ਬਹੁਤ ਜ਼ਰੂਰੀ ਹੈ। ਆਓ ਡਾ. ਸੰਜੇ ਕੁਮਾਰ ਚੁੱਘ (ਡਾਇਰੈਕਟਰ ਅਤੇ ਯੂਨਿਟ ਹੈੱਡ, ਕਾਰਡੀਓਲੋਜੀ ਵਿਭਾਗ, ਆਕਾਸ਼ ਹੈਲਥਕੇਅਰ) ਤੋਂ ਜਾਣਦੇ ਹਾਂ ਕਿ ਗਰਮੀ ਦਾ ਮੌਸਮ ਸਾਡੇ ਦਿਲ ਲਈ ਕਿਵੇਂ ਖ਼ਤਰਨਾਕ ਸਾਬਤ ਹੋ ਸਕਦਾ ਹੈ।

**ਗਰਮੀ ਵਿੱਚ ਕਿਉਂ ਵੱਧ ਜਾਂਦਾ ਹੈ ਹਾਰਟ ਅਟੈਕ ਦਾ ਖ਼ਤਰਾ?**

ਤੇਜ਼ ਗਰਮੀ ਵਿੱਚ ਸਰੀਰ ਖ਼ੁਦ ਨੂੰ ਠੰਢਾ ਰੱਖਣ ਲਈ ਲਗਾਤਾਰ ਕੰਮ ਕਰਦਾ ਹੈ। ਇਸ ਕਾਰਨ ਦਿਲ ਨੂੰ ਤੇਜ਼ੀ ਨਾਲ ਖ਼ੂਨ ਪੰਪ ਕਰਨਾ ਪੈਂਦਾ ਹੈ, ਜਿਸ ਨਾਲ ਉਸ 'ਤੇ ਅਸਾਧਾਰਨ ਦਬਾਅ ਪੈਂਦਾ ਹੈ। ਸਰੀਰ ਦਾ ਤਾਪਮਾਨ ਵਧਣ 'ਤੇ ਖ਼ੂਨ ਦੀਆਂ ਨਾੜੀਆਂ ਫੈਲਣ ਲੱਗਦੀਆਂ ਹਨ ਅਤੇ ਪਸੀਨਾ ਜ਼ਿਆਦਾ ਆਉਂਦਾ ਹੈ। ਇਸ ਨਾਲ ਸਰੀਰ ਵਿੱਚ ਪਾਣੀ ਅਤੇ ਖਣਿਜਾਂ (minerals) ਦੀ ਕਮੀ ਹੋ ਜਾਂਦੀ ਹੈ। ਇਸ ਡੀਹਾਈਡ੍ਰੇਸ਼ਨ ਕਾਰਨ ਖ਼ੂਨ ਗਾੜ੍ਹਾ ਹੋਣ ਲੱਗਦਾ ਹੈ। ਜੇਕਰ ਕੋਈ ਵਿਅਕਤੀ ਇਸ ਮੌਸਮ ਵਿੱਚ ਭਰਪੂਰ ਪਾਣੀ ਨਹੀਂ ਪੀ ਰਿਹਾ ਜਾਂ ਉਹ ਪਹਿਲਾਂ ਹੀ ਦਿਲ ਦਾ ਮਰੀਜ਼ ਹੈ, ਤਾਂ ਉਸ ਵਿੱਚ ਹਾਰਟ ਅਟੈਕ ਦਾ ਰਿਸਕ ਕਾਫ਼ੀ ਵੱਧ ਜਾਂਦਾ ਹੈ।

**ਕਿਹੜੇ ਲੋਕਾਂ ਨੂੰ ਹੈ ਜ਼ਿਆਦਾ ਸਾਵਧਾਨ ਰਹਿਣ ਦੀ ਲੋੜ?**

ਬਜ਼ੁਰਗ ਲੋਕ
ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼
ਸ਼ੂਗਰ (ਡਾਇਬੀਟੀਜ਼) ਦੇ ਮਰੀਜ਼
ਦਿਲ ਦੀ ਬਿਮਾਰੀ ਜਾਂ ਹਾਈ ਕੋਲੈਸਟ੍ਰੋਲ ਵਾਲੇ ਲੋਕ
ਖ਼ਰਾਬ ਜੀਵਨ ਸ਼ੈਲੀ, ਮੋਟਾਪਾ, ਤਣਾਅ, ਸਿਗਰਟਨੋਸ਼ੀ ਅਤੇ ਦੇਰ ਰਾਤ ਤੱਕ ਜਾਗਣ ਵਰਗੀਆਂ ਆਦਤਾਂ ਗਰਮੀ ਵਿੱਚ ਨੌਜਵਾਨਾਂ ਦੇ ਦਿਲ 'ਤੇ ਵੀ ਬੁਰਾ ਅਸਰ ਪਾ ਰਹੀਆਂ ਹਨ।


ਹੀਟਵੇਵ ਸਰੀਰ ਵਿੱਚ ਕੀ ਬਦਲਾਅ ਲਿਆਉਂਦੀ ਹੈ?

ਲੋ ਬਲੱਡ ਪ੍ਰੈਸ਼ਰ: ਗਰਮੀ ਕਾਰਨ ਬਲੱਡ ਪ੍ਰੈਸ਼ਰ ਅਚਾਨਕ ਬਹੁਤ ਘੱਟ ਹੋ ਸਕਦਾ ਹੈ।


ਇਲੈਕਟ੍ਰੋਲਾਈਟਸ ਦਾ ਅਸੰਤੁਲਨ: ਪਸੀਨੇ ਰਾਹੀਂ ਸੋਡੀਅਮ ਅਤੇ ਪੋਟਾਸ਼ੀਅਮ ਨਿਕਲ ਜਾਣ ਕਾਰਨ ਦਿਲ ਦੀ ਧੜਕਣ ਪ੍ਰਭਾਵਿਤ ਹੋ ਸਕਦੀ ਹੈ।

ਸਰੀਰਕ ਦਬਾਅ: ਦੁਪਹਿਰ ਵੇਲੇ ਤੇਜ਼ ਧੁੱਪ ਵਿੱਚ ਰਹਿਣ ਜਾਂ ਭਾਰੀ ਕੰਮ ਕਰਨ ਨਾਲ ਸਰੀਰ 'ਤੇ ਦਬਾਅ ਵੱਧ ਜਾਂਦਾ ਹੈ।

# ਗਰਮੀ ਨੇ ਚੱਕੇ ਫੱਟੇ




"ਗਰਮ ਮੌਸਮ 'ਚ ਕਿਸੇ ਵੀ ਉਮਰ 'ਚ ਆਮ ਲੱਛਣ, ਹੀਟ ਸਟ੍ਰੋਕ, ਜ਼ਿਆਦਾ ਪਸੀਨਾ ਆਉਣਾ, ਮਾਸਪੇਸ਼ੀਆਂ 'ਚ ਦਰਦ, ਤੇਜ਼ ਨਬਜ਼ ਚਲਣਾ, ਤੇਜ਼ ਬੁਖਾਰ, ਚਮੜੀ ਖੁਸ਼ਕ ਹੋ ਜਾਣਾ, ਵਾਧੂ ਪਿਆਸ ਲੱਗਣਾ, ਬੇਹੋਸ਼ੀ ਦੇਖਣ ਨੂੰ ਮਿਲਦੀ ਹੈ"-ਡਾ. ਅਨਿਲ ਧੀਰ, ਕਾਲਮਨਿਸਟ, ਗਲੋਬਲ ਹੈਲਥ ਰਿਪੋਟਰ, ਸੋਸ਼ਲ ਐਕਟੀਵਿਸਟ, ਲੇਖਕ "ਸੇਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ" ਅਤੇ "ਹੈਲਥ ਅਲਰਟ ਸੀਰੀਜ਼"



Dr. Anil Dheer
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"

ਹੈਲਥ ਮੀਡੀਆ ਕੈਨੇਡਾ: (ਡਾ ਅਨਿਲ ਧੀਰ): ਹੀਟ ਵੇਵ: ਜਦੋਂ ਬਹੁਤ ਜ਼ਿਆਦਾ ਤਾਪਮਾਨ ਲੰਬੇ ਸਮੇਂ ਤੱਕ ਰਹਿੰਦਾ ਹੈ, ਉਸ ਦਾ ਨਾਂ ਹੀ ਹੀਟ ਵੇਵ ਹੈ। ਇਸ ਨਾਲ ਸਰੀਰ ਦਾ ਤਾਪਮਾਨ ਵੀ ਬਿਗੜ ਜਾਂਦਾ ਹੈ।

ਬੱਚੇ, ਨੌਜਵਾਨ, ਮੱਧ ਉਮਰ ਦੇ ਲੋਕ, ਅਤੇ ਬਜ਼ੁਰਗ, ਦਿੱਲ 'ਤੇ ਸ਼ੂਗਰ ਦੇ ਰੋਗੀ, ਪਹਿਲਥ ਤੋਂ ਹੀ ਕਮਜ਼ੋਰੀ ਦੇ ਸ਼ਿਕਾਰ ਲੋਕ, ਅਤੇ ਬਾਹਰ ਕੰਮ ਕਰਨ ਵਾਲੇ, ਲੋਕ ਹੀਟ ਵੇਵ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਜਿਵੇਂ ਕਿ ਲੂ ਲੱਗਣਾ, ਸਰੀਰ ਅੰਦਰ ਪਾਣੀ ਕਮੀ ਹੋ ਜਾਣਾ, ਹੀਟ ਐਗਜ਼ੋਸ਼ਨ, ਹੀਟ ਕਰੈਂਪਸ, ਚਮੜੀ-ਰੋਗ, ਵਗੈਰਾ ਦੇ ਘੇਰੇ 'ਚ ਛੇਤੀ ਆ ਜਾਂਦੇ ਹਨ। ਲੂ ਲੱਗਣ ਦੀ ਹਾਲਤ 'ਚ ਤੇਜ਼ ਬੁਖਾਰ, ਸਰੀਰ ਗਰਮ ਹੋਣਾ, ਚੱਕਰ ਆਉਣੇ, ਉਲਟੀ ਜਾਂ ਘਬਰਾਹਟ, ਬੇਹੋਸ਼ੀ, ਸਿਰ-ਪੀੜ, ਧੜਕਨ ਤੇਜ਼ ਹੋਣ ਦੇ ਨਾਲ ਪਸੀਨਾ ਰੁੱਕ ਜਾਂਦਾ ਹੈ। ਲੂ ਦੇ ਆਮ ਕਾਰਨਾਂ 'ਚ ਡੇਲੀ ਪਾਣੀ ਘੱਟ ਪੀਣਾ, ਲੰਬੇ ਸਮੇਂ ਤੱਕ ਧੁੱਪ 'ਚ ਘੁੰਮਣਾ ਫਿਰਨਾ ਅਤੇ ਗਰਮੀ 'ਚ ਲਗਾਤਾਰ ਭਾਰੀ ਕੰਮ ਕਰਨਾ, ਵਗੈਰਾ ਹੈ।

ਡੀਹਾਈਡਰ੍ਰੇਸ਼ਨ ਯਾਨਿ ਪਾਣੀ ਦੀ ਕਮੀ 'ਚ ਵਿਅਕਤੀ ਦਾ ਮੂੰਹ ਸੁੱਕਦਾ ਹੈ। ਪਿਆਸ ਵਾਧੂ ਲੱਗਦੀ ਹੈ। ਚੱਕਰ ਆਉਣ ਨਾਲ ਸਰੀਰ ਕਮਜੋਰ ਹੋ ਜਾਂਦਾ ਹੈ। ਪਿਸ਼ਾਬ ਵੀ ਘੱਟ ਮਾਤਰਾ 'ਚ ਆਉਂਦਾ ਹੈ। ਅਜਿਹਾ ਆਮਤੌਰ 'ਤੇ ਵਾਧੂ ਪਸੀਨਾ ਆਉਣਾ ਅਤੇ ਘੱਟ ਪਾਣੀ ਪੀਣ ਕਾਰਨ ਦੇਖਿਆ ਜਾਂਦਾ ਹੈ।

ਹੀਟ ਐਕਜ਼ੌਸਨ ਦੀ ਹਾਲਤ 'ਚ ਮਾਂਸਪੇਸ਼ੀਆਂ 'ਚ ਦਰਦ ਸ਼ੁਰੂ ਹੋ ਜਾਂਦਾ ਹੈ। ਪਸੀਨਾ ਜ਼ਿਆਦਾ ਆਉਂਦਾ ਹੈ। ਸਿਰ ਦਰਦ ਦੇ ਨਾਲ ਕਈ ਬਾਰ ਉਲਟੀ ਵੀ ਆ ਜਾਂਦੀ ਹੈ। ਵਿਅਕਤੀ ਕਮਜ਼ੋਰੀ ਮਹਿਸੂਸ ਕਰਦਾ ਹੈ। ਅਜਿਹਾ ਆਮਤੌਰ 'ਤੇ ਸਰੀਰ ਅੰਦਰ ਨਮਕ ਅਤੇ ਪਾਣੀ ਦੀ ਕਮੀ ਅਤੇ ਤੇਜ਼ ਗਰਮੀ 'ਚ ਕੰਮ ਕਰਦੇ ਰਹਿਣ ਨਾਲ ਹੋ ਜਾਂਦਾ ਹੈ। ਹੀਟ ਕਰੈਂਪਸ ਦੀ ਹਾਲਤ 'ਚ ਵਿਅਕਤੀ ਹੱਥਾਂ ਅਤੇ ਲੱਤਾਂ 'ਚ ਖਿੱਚ ਮਹਿਸੂਸ ਕਰਦਾ ਹੈ। ਮਾਂਸਪੇਸ਼ੀਆਂ 'ਚ ਦਰਦ ਵੀ ਸ਼ੁਰੂ ਹੋ ਜਾਂਦਾ ਹੈ। ਇਹ ਸਰੀਰ ਅੰਦਰ ਪਾਣੀ ਦੀ ਕਮੀ ਅਤੇ ਪਸੀਨੇ ਨਾਲ ਨਮਕ ਦੀ ਕਮੀ ਕਾਰਨ ਦੇਖਿਆ ਜਾਂਦਾ ਹੈ।

ਵਾਧੂ ਗਰਮੀ ਦੀ ਹਾਲਤ 'ਚ ਪੁਰਾਣੇ ਚਮੜੀ ਰੋਗੀਆਂ ਦੀ ਤਕਲੀਫ ਵੱਧ ਜਾਂਦੀ ਹੈ। ਨਵੇਂ ਚਮੜੀ ਰੋਗੀਆਂ ਦਾ ਅੰਕੜਾ ਵੀ ਵੱਧ ਜਾਂਦਾ ਹੈ। ਸਰੀਰ 'ਤੇ ਲਾਲ ਰੰਗ ਦੇ ਚਕੱਤੇ, ਅਤੇ ਘਮੌਰੀਆਂ ਹੋ ਜਾਂਦੀਆਂ ਹਨ। ਖਾਰਿਸ਼ ਦੀ ਤਕਲੀਫ ਕਾਫੀ ਵੱਧ ਜਾਂਦੀ ਹੈ। ਅਜਿਹਾ ਜ਼ਿਆਦਾ ਪਸੀਨਾ ਆਉਣ ਨਾਲ ਅਤੇ ਗਰਮੀ 'ਤੇ ਨਮੀ ਵਾਲੇ ਮੌਸਮ ਕਾਰਨ ਹੋ ਜਾਂਦਾ ਹੈ।

ਤੁਹਾਨੂੰ ਕੀ ਕਰਨਾ ਚਾਹੀਦਾ ਹੈ:

* ਗਰਮੀ ਦੇ ਮੌਸਮ 'ਚ ਘਰ ਤੋਂ ਬਾਹਰ ਜਾਣ ਵੇਲੇ ਹੈਟ ਜਾਂ ਕੈਪ ਨਾਲ ਸਿਰ ਜਰੂਰ ਢੱਕੋ। ਚੰਗੀ ਕਿਸਮ ਦੇ ਸਨਸਕ੍ਰੀਨ ਲੋਸ਼ਨ, ਯੂਵੀ ਸਨ-ਗਲਾਸ ਇਸਤੇਮਾਲ ਕਰੋ।
* ਇਸ ਮੌਸਮ 'ਚ ਡਾਰਕ ਦੀ ਥਾਂ ਲਾਈਟ ਕਲਰ ਦੇ ਕੱਪੜੇ ਪਹਿਨੋ। ਬਿਨਾ ਲੋੜ ਦੁਪਹਿਰ 12 ਤੋਂ 4 ਵਜੇ ਤੱਕ ਬਾਹਰ ਨਾ ਜਾਓ।
* ਗਰਮ ਮੌਸਮ ਦੌਰਾਣ ਪਾਣੀ ਦੀ ਕਮੀ ਨਾ ਹੋਵੇ, ਲਈ 8-ਤੋਂ 11 ਗਿਲਾਸ ਪਾਣੀ ਸਾਦਾ ਜਾਂ ਨਿੰਬੂ-ਨਮਕ ਪਾ ਕੇ ਪੀਓ।
* ਨਾਰੀਅਲ ਪਾਣੀ, ਹਰੀ ਸੌਂਫ ਦਾ ਪਾਣੀ, ਤਾਜ਼ਾ ਦਹੀਂ, ਦਹੀਂ ਦੀ ਲੱਸੀ ਬਿਨਾਂ ਚੀਨੀ, ਨਕਮ ਪਾਕੇ ਪੀ ਸਕਦੇ ਹੋ। ਆਮਪਨਾ ਸਰੀਰ ਅਤੇ ਮਨ ਦੀ ਗਰਮੀ ਘੱਟ ਕਰਦਾ ਹੈ।
* ਸਲਾਦ 'ਚ ਕੱਚਾ ਪਿਆਜ਼, ਖੀਰਾ-ਕਕੜੀ, ਧਨੀਆ-ਪੁਦੀਨਾ ਦੀ ਚਟਨੀ ਲਗਾਤਾਰ ਖਾਓ।
* ਫੱਲਾਂ 'ਚ ਪਪੀਤਾ, ਤਰਬੂਜ਼, ਖਰਬੂਜਾ, ਸੰਤਰਾ, ਮੌਸੱਮੀ, ਪਾਈਨੇਪਲ, ਵਰਤੋ।
* ਬੇਲ, ਗੁਲਾਬ, ਨਿੰਬੂ, ਦਾ ਸ਼ਰਬਤ, ਠੰਢਾ ਦੁੱਧ ਪੀਣ ਨਾਲ ਸਰੀਰ ਅੰਦਰ ਤਾਪਮਾਨ ਸਹੀ ਰਹਿੰਦਾ ਹੈ।
* ਗੰਨੇ ਦਾ ਰੱਸ, ਐਲੋਵੀਰਾ ਜੂਸ, ਸ਼ਿਕੰਜੀ, ਦਾ ਇਸਤੇਮਾਲ ਗਰਮੀ ਭਰ ਕਰੋ।
* ਪੁਰਾਣੇ ਸਮੇਂ 'ਚ ਲੋਕ ਲੂ ਤੋਂ ਬਚਣ ਲਈ ਬਾਹਰ ਜਾਣ ਵੇਲੇ ਆਪਣੇ ਕੋਲ ਪਿਆਜ਼ ਰੱਖਦੇ ਸਨ।
* ਗਰਮ ਮੌਸਮ 'ਚ ਪੈਰਾਂ ਦੀ ਜਲਨ ਤੋਂ ਬਚਣ ਲਈ ਆਪਣੇ ਪੈਰਾਂ 'ਤੇ ਪਿਆਜ਼ ਦਾ ਰੱਸ ਵੀ ਲਗਾ ਸਕਦੇ ਹੋ।
* ਇਸ ਮੌਸਮ 'ਚ ਤੇਜ਼ ਮਿਰਚ-ਮਸਾਲੇ ਵਾਲਾ ਭੋਜਨ, ਜੰਕ-ਫੂਡ, ਚਾਹ-ਕੋਫੀ, ਅਲਕੋਹਲ ਹੋ ਸਕੇ ਤਾਂ ਨਾ ਸੇਵਨ ਕਰੋ। ਛੇਤੀ ਹਜ਼ਮ ਹੋਣ ਵਾਲਾ ਭੋਜਨ ਹੀ ਲੈਣਾ ਚਾਹੀਦਾ ਹੈ।
* ਨਮਕ-ਪਾਣੀ ਦਾ ਘੋਲ ਛੋਟੇ ਬੱਚਿਆਂ ਨੂੰ ਜਰੂਰ ਪਿਲਾਂਦੇ ਰਹੋ। ਬਜ਼ੁਰਗ ਪਾਣੀ ਦੀ ਵਰਤੋਂ ਜ਼ਿਆਦਾ ਕਰਨ।
* ਗਰਮ ਮੌਸਮ 'ਚ ਆਪਣਾ ਨਾਸ਼ਤਾ ਕਦੇ ਵੀ ਮਿੱਸ ਨਾ ਕਰੋ। ਖਾਲੀ ਪੇਟ ਧੁੱਪ 'ਚ ਨਾ ਜਾਓ।
* ਡੇਲੀ ਆਪਣੀ ਨੀਂਦ ਘੱਟੋ-ਘੱਟ 8 ਘੰਟੇ ਪੂਰੀ ਲੈਣੀ ਚਾਹੀਦੀ ਹੈ।
* ਆਪਣੇ ਪਾਲਤੂ ਜਾਨਵਰਾਂ ਯਨਿ ਪੇੱਟਸ, ਦਾ ਖਾਸ ਖਿਆਲ ਰੱਖੋ, ਕਿਉਂ ਕਿ ਉਹ ਬੋਲ ਨਹੀਂ ਸਕਦੇ। ਆਮਤੌਰ 'ਤੇ ਪੇਟਸ ਨੂੰ ਬਰਫ ਦੇ ਟੁੱਕੜੇ ਖਾਣਾ ਕਾਫੀ ਪਸੰਦ ਹੈ ਦਿੰਦੇ ਰਹੋ।
* ਗਰਮ ਵਰਕ-ਪਲੇਸ 'ਤੇ ਥੋੜੀ-ਥੋੜੀ ਦੇਰ ਬਾਦ ਬ੍ਰੇਕ ਦੀ ਲੋੜ ਹੁੰਦੀ ਹੈ।
* ਧੁੱਪ ਤੋਂ ਆ ਕੇ ਤੁਰੰਤ ਜ਼ਿਆਦਾ ਠੰਢਾ ਪਾਣੀ ਨਾ ਪੀਓ।

ਨੋਟ: ਗਰਮ ਮੌਸਮ ਦੌਰਾਣ ਛੋਟੇ ਬੱਚੇ, ਬਜ਼ੁਰਗ ਅਤੇ ਗਰਭਵਤੀ ਔਰਤਾਂ ਦਾ ਲੋੜ ਤੋਂ ਵੱਧ ਖਿਆਲ ਰੱਖਣ ਦੀ ਲੋੜ ਹੁੰਦੀ ਹੈ। ਬਿਨਾਂ ਦੇਰੀ, ਤੇਜ਼ ਗਰਮੀ ਦੌਰਾਣ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਲੂ ਲੱਗਣਾ, ਸਰੀਰ ਅੰਦਰ ਪਾਣੀ ਦੀ ਕਮੀ, ਹੀਟ ਐਗਜ਼ੋਸ਼ਣ, ਹੀਟ ਕਰੈਂਪਸ ਅਤੇ ਚਮੜੀ ਰੋਗਾਂ ਦੀ ਹਾਲਤ 'ਚ ਤੁਰੰਤ ਐਮਰਜੈਂਸੀ ਜਾਂ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਦੀ ਮਦਦ ਲਵੋ।














# ਰਾਸ਼ੀਫਲ

**ਅੱਜ ਦਾ ਮੇਸ਼ ਰਾਸ਼ੀਫਲ**

ਅੱਜ, ਆਪਣੇ ਅਜ਼ੀਜ਼ਾਂ ਨਾਲ ਪੁਰਾਣੀ ਕੁੜੱਤਣ ਨੂੰ ਸੁਲਝਾਓ। ਸਵੇਰੇ ਕੰਮ ਦਾ ਬੋਝ ਥੋੜ੍ਹਾ ਭਾਰੀ ਹੋਵੇਗਾ, ਇਸ ਲਈ ਸਿਰਫ਼ ਆਪਣੇ ਕੰਮ 'ਤੇ ਧਿਆਨ ਕੇਂਦਰਿਤ ਕਰੋ। ਸ਼ਾਮ ਤੱਕ, ਤੁਹਾਡੇ ਸਾਥੀ ਨਾਲ ਚੱਲ ਰਿਹਾ ਕੋਈ ਵੀ ਟਕਰਾਅ ਖਤਮ ਹੋ ਜਾਵੇਗਾ, ਅਤੇ ਤੁਹਾਡਾ ਰਿਸ਼ਤਾ ਹੋਰ ਵੀ ਮਿੱਠਾ ਹੋ ਜਾਵੇਗਾ। ਇਸ ਸਮੇਂ ਦੌਰਾਨ ਤੁਹਾਨੂੰ ਕੰਮ 'ਤੇ ਵਾਧਾ ਜਾਂ ਤਰੱਕੀ ਮਿਲ ਸਕਦੀ ਹੈ। ਬਸ ਆਪਣੇ ਬਜਟ ਦਾ ਧਿਆਨ ਰੱਖੋ ਅਤੇ ਬੇਲੋੜੇ ਖਰਚ ਤੋਂ ਬਚੋ। ਪੇਟ ਦੀਆਂ ਸਮੱਸਿਆਵਾਂ ਤੋਂ ਬਚਣ ਲਈ, ਹਲਕਾ ਦੁਪਹਿਰ ਦਾ ਖਾਣਾ ਖਾਓ।

ਉਪਾਅ: ਸੂਰਜ ਦੇਵਤਾ ਨੂੰ ਪਾਣੀ ਚੜ੍ਹਾਓ ਅਤੇ ਮੂਰਖ ਜਾਨਵਰਾਂ ਦੀ ਮਦਦ ਕਰੋ।

**ਅੱਜ ਦਾ ਰਿਸ਼ਭ ਰਾਸ਼ੀਫਲ**

ਅੱਜ, ਤੁਹਾਡੀਆਂ ਸਾਰੀਆਂ ਜ਼ਿੰਮੇਵਾਰੀਆਂ ਬਿਨਾਂ ਕਿਸੇ ਤਣਾਅ ਦੇ, ਖੁਸ਼ੀ ਨਾਲ ਪੂਰੀਆਂ ਹੋਣਗੀਆਂ। ਤੁਹਾਡਾ ਦਿਨ ਸਕਾਰਾਤਮਕ ਸੋਚ ਅਤੇ ਨਵੇਂ ਵਿਚਾਰਾਂ ਨਾਲ ਸ਼ੁਰੂ ਹੋਵੇਗਾ। ਕੰਮ ਦਾ ਦਬਾਅ ਥੋੜ੍ਹਾ ਵਧ ਸਕਦਾ ਹੈ, ਪਰ ਤੁਹਾਡਾ ਆਤਮਵਿਸ਼ਵਾਸ ਤੁਹਾਨੂੰ ਹਰ ਮੁਸ਼ਕਲ ਕੰਮ ਵਿੱਚ ਸਫਲ ਹੋਣ ਵਿੱਚ ਮਦਦ ਕਰੇਗਾ। ਅੱਜ ਥੋੜ੍ਹੀ ਜਿਹੀ ਰੁਝੇਵਿਆਂ ਭਰੀ ਗਤੀਵਿਧੀ ਹੋ ਸਕਦੀ ਹੈ, ਜਿਸ ਕਾਰਨ ਸਰੀਰਕ ਥਕਾਵਟ ਹੋਵੇਗੀ। ਇਸ ਲਈ, ਆਪਣੇ ਆਪ ਨੂੰ ਜ਼ਿਆਦਾ ਮਿਹਨਤ ਕਰਨ ਤੋਂ ਬਚੋ ਅਤੇ ਥੋੜ੍ਹਾ ਆਰਾਮ ਕਰੋ। ਵਿੱਤੀ ਤੌਰ 'ਤੇ, ਦਿਨ ਚੰਗਾ ਹੈ। ਘਰ ਵਿੱਚ ਖੁਸ਼ੀ ਦਾ ਮਾਹੌਲ ਰਹੇਗਾ।

ਉਪਾਅ: ਅੱਜ ਸਵੇਰੇ ਆਪਣੇ ਮੱਥੇ 'ਤੇ ਚੰਦਨ ਦਾ ਤਿਲਕ ਲਗਾਓ ਅਤੇ ਸ਼ਾਮ ਨੂੰ ਤੁਲਸੀ ਦੇ ਪੌਦੇ ਦੇ ਕੋਲ ਘਿਓ ਦਾ ਦੀਵਾ ਜਗਾਓ।

**ਅੱਜ ਦਾ ਮਿਥੁਨ ਰਾਸ਼ੀਫਲ**

ਅੱਜ, ਤੁਸੀਂ ਬਹੁਤ ਸ਼ਾਂਤ ਅਤੇ ਖੁਸ਼ ਮਹਿਸੂਸ ਕਰੋਗੇ। ਤੁਹਾਡਾ ਧਿਆਨ ਆਰਾਮ ਅਤੇ ਪਰਿਵਾਰ 'ਤੇ ਹੋਵੇਗਾ। ਸ਼ਾਮ ਨੂੰ ਤੁਹਾਡੇ ਅੰਦਰ ਇੱਕ ਨਵਾਂ ਉਤਸ਼ਾਹ ਜਾਗੇਗਾ। ਤੁਹਾਡਾ ਸੁਹਜ ਅਤੇ ਆਤਮਵਿਸ਼ਵਾਸ ਲੋਕਾਂ ਨੂੰ ਪ੍ਰਭਾਵਿਤ ਕਰੇਗਾ। ਤੁਸੀਂ ਥੋੜ੍ਹਾ ਚਿੰਤਤ ਮਹਿਸੂਸ ਕਰ ਸਕਦੇ ਹੋ। ਕੰਮ 'ਤੇ ਜ਼ਿੰਮੇਵਾਰੀਆਂ ਵੀ ਵਧਣ ਵਾਲੀਆਂ ਹਨ, ਇਸ ਲਈ ਇੱਕ ਕਰਨਯੋਗ ਸੂਚੀ ਬਣਾਓ। ਅੱਜ ਸ਼ਾਮ ਦੀ ਆਪਣੇ ਸਾਥੀ ਨਾਲ ਮੁਲਾਕਾਤ ਬਹੁਤ ਰੋਮਾਂਟਿਕ ਹੋਵੇਗੀ।



ਉਪਾਅ: "ਓਮ ਬੁਧਾਇਆ ਨਮ:" ਮੰਤਰ ਦਾ ਜਾਪ ਕਰੋ ਅਤੇ ਮੰਦਰ ਵਿੱਚ ਤਾਜ਼ੇ ਫੁੱਲ ਚੜ੍ਹਾਓ।

**ਅੱਜ ਦਾ ਕਰਕ ਰਾਸ਼ੀਫਲ**

ਅੱਜ, ਤੁਹਾਡਾ ਰੁਝੇਵਿਆਂ ਭਰਿਆ ਦਿਨ ਸ਼ਾਮ ਤੱਕ ਬਹੁਤ ਸ਼ਾਂਤਮਈ ਮਾਹੌਲ ਵਿੱਚ ਬਦਲ ਜਾਵੇਗਾ। ਤੁਸੀਂ ਸਵੇਰੇ ਬਹੁਤ ਸਰਗਰਮ ਅਤੇ ਗੱਲਬਾਤ ਕਰਨ ਵਾਲੇ ਹੋਵੋਗੇ, ਜਦੋਂ ਕਿ ਸ਼ਾਮ ਤੁਹਾਡੇ ਮਨ ਦੀ ਸ਼ਾਂਤੀ ਲਿਆਵੇਗੀ। ਤੁਹਾਨੂੰ ਆਪਣੇ ਕਰੀਅਰ ਵਿੱਚ ਪ੍ਰਸ਼ੰਸਾ ਅਤੇ ਵਧਿਆ ਸਤਿਕਾਰ ਮਿਲੇਗਾ, ਬਸ ਆਪਣੇ ਖਰਚਿਆਂ 'ਤੇ ਨਜ਼ਰ ਰੱਖੋ। ਦਿਨ ਪਿਆਰ ਲਈ ਚੰਗਾ ਹੈ; ਇੱਕ ਵਿਅਸਤ ਦਿਨ ਤੋਂ ਬਾਅਦ, ਸ਼ਾਮ ਨੂੰ ਆਪਣੇ ਸਾਥੀ ਨਾਲ ਘਰ ਵਿੱਚ ਇੱਕ ਸ਼ਾਂਤ ਅਤੇ ਸੁਹਾਵਣਾ ਸਮਾਂ ਬਿਤਾਓ।

ਉਪਾਅ: ਸ਼ਿਵਲਿੰਗ ਨੂੰ ਦੁੱਧ ਅਤੇ ਪਾਣੀ ਚੜ੍ਹਾਓ ਅਤੇ ਸਮੇਂ-ਸਮੇਂ 'ਤੇ ਪਾਣੀ ਪੀਓ।

**ਅੱਜ ਦਾ ਸਿੰਘ ਰਾਸ਼ੀਫਲ**

ਅੱਜ, ਤੁਹਾਨੂੰ ਮੁੱਖ ਤੌਰ 'ਤੇ ਪਰਿਵਾਰਕ ਅਤੇ ਵਿੱਤੀ ਮਾਮਲਿਆਂ ਨੂੰ ਸੁਲਝਾਉਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਸਵੇਰ ਵਿੱਤੀ ਯੋਜਨਾਬੰਦੀ ਲਈ ਚੰਗੀ ਹੈ, ਅਤੇ ਸ਼ਾਮ ਤੱਕ, ਤੁਹਾਡੀ ਹਿੰਮਤ ਅਤੇ ਆਤਮਵਿਸ਼ਵਾਸ ਵਧੇਗਾ। ਕੰਮ 'ਤੇ ਤੁਹਾਡਾ ਪ੍ਰਭਾਵ ਵਧੇਗਾ। ਬੱਸ ਧਿਆਨ ਰੱਖੋ ਕਿ ਅੱਜ ਕਿਸੇ ਵੀ ਚੀਜ਼ ਬਾਰੇ ਜ਼ਿੱਦੀ ਨਾ ਬਣੋ ਅਤੇ ਆਪਣੇ ਜੀਵਨ ਸਾਥੀ ਨਾਲ ਬੇਲੋੜੀ ਬਹਿਸ ਤੋਂ ਬਚੋ। ਸ਼ਾਮ ਨੂੰ, ਆਪਣੀ ਰੁਟੀਨ ਤੋਂ ਭਟਕ ਜਾਓ ਅਤੇ ਕਿਸੇ ਸ਼ੌਕ ਲਈ ਸਮਾਂ ਕੱਢੋ।

ਉਪਾਅ: ਆਦਿਤਿਆ ਹਿਰਦਿਆ ਸਟੋਤਰਾ ਦਾ ਪਾਠ ਕਰੋ ਅਤੇ ਆਪਣੇ ਭੈਣਾਂ-ਭਰਾਵਾਂ ਦੀ ਮਦਦ ਕਰੋ।

**ਅੱਜ ਦਾ ਕੰਨਿਆ ਰਾਸ਼ੀਫਲ**

ਅੱਜ, ਤੁਸੀਂ ਆਪਣੀ ਬੁੱਧੀ ਨਾਲ ਸਾਰੇ ਵਿੱਤੀ ਮਾਮਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਦੇ ਯੋਗ ਹੋਵੋਗੇ। ਸਵੇਰੇ, ਤੁਹਾਡਾ ਧਿਆਨ ਆਪਣੇ ਆਪ ਅਤੇ ਆਪਣੀਆਂ ਤਰਜੀਹਾਂ 'ਤੇ ਹੋਵੇਗਾ, ਜਦੋਂ ਕਿ ਸ਼ਾਮ ਤੱਕ, ਤੁਸੀਂ ਵਧੇਰੇ ਵਿਹਾਰਕ ਫੈਸਲੇ ਲੈਣ ਦੇ ਯੋਗ ਹੋਵੋਗੇ। ਤੁਹਾਡੀ ਬੁੱਧੀ ਬਹੁਤ ਸਹੀ ਹੋਵੇਗੀ, ਪਰ ਤੁਹਾਨੂੰ ਥੋੜ੍ਹਾ ਜਿਹਾ ਗੁੱਸਾ ਮਹਿਸੂਸ ਹੋ ਸਕਦਾ ਹੈ, ਇਸ ਲਈ ਕਠੋਰ ਸ਼ਬਦਾਂ ਤੋਂ ਬਚੋ। ਆਪਣੇ ਜੀਵਨ ਸਾਥੀ ਨਾਲ ਸ਼ਾਮ ਯਾਦਗਾਰੀ ਹੋਵੇਗੀ। ਰਾਤ ਦਾ ਖਾਣਾ ਖਾਂਦੇ ਸਮੇਂ ਆਪਣੇ ਫ਼ੋਨ ਜਾਂ ਟੀਵੀ ਤੋਂ ਦੂਰ ਰਹੋ।

ਉਪਾਅ: ਹਰੇ ਪੌਦੇ ਨੂੰ ਪਾਣੀ ਦਿਓ ਅਤੇ ਕਿਸੇ ਲੋੜਵੰਦ ਨੂੰ ਖੁਆਓ।

**ਅੱਜ ਦਾ ਤੁਲਾ ਰਾਸ਼ੀਫਲ**

ਤੁਹਾਡੀ ਚਮਕਦਾਰ ਸ਼ਖਸੀਅਤ ਅਤੇ ਗੱਲਬਾਤ ਕਰਨ ਦੀ ਸ਼ੈਲੀ ਅੱਜ ਤੁਹਾਨੂੰ ਲੋਕਾਂ ਦੇ ਨੇੜੇ ਲਿਆਏਗੀ ਅਤੇ ਤੁਹਾਡੀ ਇਕੱਲਤਾ ਨੂੰ ਦੂਰ ਕਰੇਗੀ। ਤੁਸੀਂ ਸਵੇਰੇ ਥੋੜ੍ਹੀ ਜਿਹੀ ਸ਼ਾਂਤੀ ਜਾਂ ਇਕਾਂਤ ਨੂੰ ਤਰਜੀਹ ਦੇ ਸਕਦੇ ਹੋ, ਪਰ ਸ਼ਾਮ ਤੱਕ ਤੁਸੀਂ ਨਵੀਂ ਊਰਜਾ ਨਾਲ ਭਰ ਜਾਓਗੇ। ਕੁਝ ਵੱਡੇ ਖਰਚੇ ਅਚਾਨਕ ਪੈਦਾ ਹੋ ਸਕਦੇ ਹਨ, ਇਸ ਲਈ ਵਿੱਤੀ ਮਾਮਲਿਆਂ ਪ੍ਰਤੀ ਸਾਵਧਾਨ ਰਹੋ। ਸਵੇਰੇ ਬਕਾਇਆ ਦਫਤਰੀ ਕੰਮ ਪੂਰਾ ਕਰੋ, ਕਿਉਂਕਿ ਸ਼ਾਮ ਆਪਣੇ ਸਾਥੀ ਨਾਲ ਆਪਣੇ ਦਿਲ ਦੀਆਂ ਭਾਵਨਾਵਾਂ ਸਾਂਝੀਆਂ ਕਰਨ ਦਾ ਇੱਕ ਵਧੀਆ ਸਮਾਂ ਹੈ।

ਉਪਾਅ: "ਓਮ ਸ਼ੁਨ ਸ਼ੁਕਰਾਏ ਨਮ:" ਮੰਤਰ ਦਾ ਜਾਪ ਕਰੋ ਅਤੇ ਸ਼ਾਮ ਨੂੰ ਘਰ ਵਿੱਚ ਧੂਪ ਧੁਖਾਓ।

**ਅੱਜ ਦਾ ਵਾਰਿਸ਼ਚਿਕ ਰਾਸ਼ੀਫਲ**

ਅੱਜ ਨਵੇਂ ਲੋਕਾਂ ਨਾਲ ਜੁੜਨ ਦਾ ਦਿਨ ਹੈ। ਤੁਹਾਨੂੰ ਪੁਰਾਣੇ ਦੋਸਤਾਂ ਨੂੰ ਮਿਲਣ ਦਾ ਮੌਕਾ ਵੀ ਮਿਲੇਗਾ, ਜਿਸ ਨਾਲ ਭਵਿੱਖ ਵਿੱਚ ਮਹੱਤਵਪੂਰਨ ਲਾਭ ਹੋ ਸਕਦੇ ਹਨ। ਅੱਜ ਗਾਹਕਾਂ ਨਾਲ ਖੁੱਲ੍ਹ ਕੇ ਗੱਲਬਾਤ ਕਰੋ, ਤਾਂ ਜੋ ਤੁਹਾਡੇ ਵਿੱਤੀ ਲੈਣ-ਦੇਣ ਸਪੱਸ਼ਟ ਰਹਿਣ। ਤੁਹਾਡੀ ਸਮਝਦਾਰੀ ਤੁਹਾਨੂੰ ਅੱਜ ਕਿਸੇ ਵੀ ਚੁਣੌਤੀ ਨੂੰ ਪਾਰ ਕਰਨ ਵਿੱਚ ਮਦਦ ਕਰੇਗੀ। ਇੱਕ ਵਿਅਸਤ ਦਿਨ ਤੁਹਾਨੂੰ ਸ਼ਾਮ ਨੂੰ ਥੋੜ੍ਹਾ ਥਕਾਵਟ ਮਹਿਸੂਸ ਕਰਵਾ ਸਕਦਾ ਹੈ। ਇਸ ਲਈ, ਸ਼ਾਂਤ ਰਹੋ ਅਤੇ ਆਪਣੇ ਲਈ ਕੁਝ ਸਮਾਂ ਕੱਢੋ। ਅੱਜ ਕੁਝ ਸਮੇਂ ਲਈ ਧਿਆਨ ਕਰਕੇ ਆਪਣੀ ਮਾਨਸਿਕ ਸਿਹਤ ਦਾ ਧਿਆਨ ਰੱਖੋ। ਚੰਗੀ ਸਿਹਤ ਲਈ, ਹਲਕੀ ਕਸਰਤ ਕਰੋ ਅਤੇ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਦਾ ਧਿਆਨ ਰੱਖੋ।

ਉਪਾਅ: ਹਨੂੰਮਾਨ ਚਾਲੀਸਾ ਦਾ ਪਾਠ ਕਰੋ ਅਤੇ ਕੁਝ ਸਮੇਂ ਲਈ ਧਿਆਨ ਕਰੋ।

**ਅੱਜ ਦਾ ਧਨੂੰ ਰਾਸ਼ੀਫਲ**

ਤੁਹਾਡੀ ਸਫਲਤਾ ਅੱਜ ਤੁਹਾਡੇ ਚਿਹਰੇ 'ਤੇ ਇੱਕ ਵੱਡੀ ਮੁਸਕਰਾਹਟ ਲਿਆਵੇਗੀ। ਤੁਹਾਡਾ ਪੂਰਾ ਧਿਆਨ ਸਵੇਰੇ ਆਪਣੇ ਕੰਮ ਨੂੰ ਬਿਹਤਰ ਬਣਾਉਣ 'ਤੇ ਹੋਵੇਗਾ, ਜਦੋਂ ਕਿ ਸ਼ਾਮ ਨੂੰ, ਤੁਹਾਨੂੰ ਅਚਾਨਕ ਵਿੱਤੀ ਲਾਭ ਜਾਂ ਦੋਸਤਾਂ ਤੋਂ ਮਹੱਤਵਪੂਰਨ ਸਮਰਥਨ ਮਿਲਣ ਦੀ ਸੰਭਾਵਨਾ ਹੈ। ਅੱਜ ਕੰਮ ਦੇ ਦਬਾਅ ਨੂੰ ਤੁਹਾਨੂੰ ਪਰੇਸ਼ਾਨ ਨਾ ਹੋਣ ਦਿਓ; ਚੀਜ਼ਾਂ ਜਲਦੀ ਹੀ ਤੁਹਾਡੇ ਪੱਖ ਵਿੱਚ ਹੋਣਗੀਆਂ। ਲੋਕ ਤੁਹਾਡੇ ਆਤਮਵਿਸ਼ਵਾਸ ਤੋਂ ਪ੍ਰਭਾਵਿਤ ਹੋਣਗੇ। ਇੱਕ ਮਿੱਠਾ ਵਿਆਹੁਤਾ ਜੀਵਨ ਖਿੜੇਗਾ। ਸ਼ਾਮ ਮਾਨਸਿਕ ਸ਼ਾਂਤੀ ਲਿਆਏਗੀ।

ਉਪਾਅ: ਆਪਣੇ ਮੱਥੇ 'ਤੇ ਹਲਦੀ ਦਾ ਤਿਲਕ ਲਗਾਓ ਅਤੇ ਆਪਣੇ ਗੁਰੂ ਜਾਂ ਬਜ਼ੁਰਗਾਂ ਦਾ ਅਸ਼ੀਰਵਾਦ ਲਓ।

**ਅੱਜ ਦਾ ਮਕਰ ਰਾਸ਼ੀਫਲ**

ਅੱਜ ਤੁਹਾਡੀ ਸੋਚ ਸਕਾਰਾਤਮਕ ਰਹੇਗੀ। ਤੁਹਾਨੂੰ ਹਰ ਕੰਮ ਵਿੱਚ ਸਫਲਤਾ ਮਿਲੇਗੀ। ਸਵੇਰੇ, ਤੁਸੀਂ ਕੁਝ ਨਵਾਂ ਸਿੱਖ ਕੇ ਆਪਣੇ ਗਿਆਨ ਵਿੱਚ ਵਾਧਾ ਕਰੋਗੇ, ਜੋ ਤੁਹਾਡੀ ਰਚਨਾਤਮਕਤਾ ਨੂੰ ਹੋਰ ਵਧਾਏਗਾ। ਸ਼ਾਮ ਤੱਕ, ਤੁਸੀਂ ਆਪਣੇ ਦਫ਼ਤਰ ਵਿੱਚ ਆਪਣੇ ਆਪ ਨੂੰ ਇੱਕ ਬਹੁਤ ਮਜ਼ਬੂਤ ਸਥਿਤੀ ਵਿੱਚ ਪਾਓਗੇ, ਜਿਸ ਨਾਲ ਲੋਕ ਤੁਹਾਡੀਆਂ ਯੋਗਤਾਵਾਂ ਦੀ ਖੁੱਲ੍ਹ ਕੇ ਕਦਰ ਕਰਨਗੇ। ਦਫ਼ਤਰ ਦੇ ਤਣਾਅ ਨੂੰ ਘਰ ਲਿਆਉਣ ਤੋਂ ਬਚੋ। ਸ਼ਾਮ ਨੂੰ ਸ਼ਾਂਤੀ ਨਾਲ ਵੱਡੇ ਵਿੱਤੀ ਫੈਸਲੇ ਲਓ। ਆਪਣੀ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਵਿੱਚ ਚੰਗਾ ਸੰਤੁਲਨ ਬਣਾਈ ਰੱਖੋ।

ਉਪਾਅ: "ਓਮ ਸ਼ਾਂ ਸ਼ਨੈਸ਼ਚਰਾਇਆ ਨਮ:" ਮੰਤਰ ਦਾ ਜਾਪ ਕਰੋ ਅਤੇ ਸ਼ਾਮ ਨੂੰ ਆਪਣੇ ਕੰਮ ਦੀ ਮੇਜ਼ ਸਾਫ਼ ਕਰੋ।

**ਅੱਜ ਦੀ ਕੁੰਭ ਰਾਸ਼ੀਫਲ**

ਅੱਜ, ਤੁਸੀਂ ਵਧੇਰੇ ਸਮਝਦਾਰ ਅਤੇ ਪਰਿਪੱਕ ਦਿਖਾਈ ਦੇਵੋਗੇ, ਕਿਉਂਕਿ ਤੁਹਾਡੇ ਵਿਚਾਰ ਬਦਲਣਗੇ। ਤੁਸੀਂ ਸਵੇਰੇ ਥੋੜ੍ਹਾ ਭਾਵੁਕ ਮਹਿਸੂਸ ਕਰ ਸਕਦੇ ਹੋ, ਪਰ ਸ਼ਾਮ ਤੱਕ, ਤੁਹਾਡੀ ਮਾਨਸਿਕ ਸਪੱਸ਼ਟਤਾ ਹੋਵੇਗੀ। ਇਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਸਾਰਿਆਂ ਲਈ ਸ਼ਾਂਤੀ ਅਤੇ ਖੁਸ਼ੀ ਲਿਆਏਗਾ। ਅੱਜ ਤੁਹਾਡੇ ਸੰਚਾਰ ਹੁਨਰ ਅਤੇ ਹਿੰਮਤ ਬਹੁਤ ਮਜ਼ਬੂਤ ਹੋਣਗੇ, ਜੋ ਤੁਹਾਨੂੰ ਆਪਣਾ ਕੰਮ ਪੂਰਾ ਕਰਨ ਵਿੱਚ ਮਦਦ ਕਰਨਗੇ। ਭਾਵੁਕ ਹੋਣ ਤੋਂ ਬਚੋ। ਸ਼ਾਮ ਆਪਣੇ ਸਾਥੀ ਨਾਲ ਡੂੰਘੀ ਅਤੇ ਦਿਲੋਂ ਗੱਲਬਾਤ ਕਰਨ ਲਈ ਸਭ ਤੋਂ ਵਧੀਆ ਹੈ।

ਉਪਾਅ: ਸ਼ਾਮ ਨੂੰ ਸ਼ਨੀ ਮੰਤਰ ਦਾ ਜਾਪ ਕਰੋ ਅਤੇ ਕਿਸੇ ਬਜ਼ੁਰਗ ਵਿਅਕਤੀ ਦੀ ਮਦਦ ਕਰੋ।

**ਅੱਜ ਦੀ ਮੀਨ ਰਾਸ਼ੀਫਲ**

ਅੱਜ, ਆਤਮ-ਨਿਰੀਖਣ ਕਰੋ ਅਤੇ ਆਪਣੇ ਆਪ ਨੂੰ ਡੂੰਘਾਈ ਨਾਲ ਸਮਝੋ। ਸਵੇਰੇ ਆਪਣਾ ਧਿਆਨ ਨਵੇਂ ਕਾਰੋਬਾਰੀ ਸੌਦਿਆਂ ਜਾਂ ਸਾਂਝੇਦਾਰੀ 'ਤੇ ਕੇਂਦ੍ਰਿਤ ਕਰੋ। ਸ਼ਾਮ ਨੂੰ, ਤੁਸੀਂ ਕੁਝ ਸਮਾਂ ਸ਼ਾਂਤ ਅਤੇ ਸ਼ਾਂਤ ਵਿੱਚ ਬਿਤਾਉਣਾ ਪਸੰਦ ਕਰ ਸਕਦੇ ਹੋ। ਤੁਹਾਡੀ ਯੋਜਨਾਬੰਦੀ ਸ਼ਾਨਦਾਰ ਹੋਵੇਗੀ, ਪਰ ਦੂਜਿਆਂ ਨਾਲ ਗੱਲ ਕਰਦੇ ਸਮੇਂ ਆਪਣੇ ਸ਼ਬਦਾਂ ਨਾਲ ਨਰਮ ਰਹੋ। ਬੇਲੋੜੀ ਬਹਿਸ ਤੋਂ ਬਚੋ। ਘਰ ਦਾ ਮਾਹੌਲ ਸੁਹਾਵਣਾ ਰਹੇਗਾ। ਅੱਜ ਸ਼ਾਮ ਨੂੰ ਵਿੱਤੀ ਲੈਣ-ਦੇਣ ਵਿੱਚ ਸਾਵਧਾਨ ਰਹੋ। ਪੇਟ ਦੀਆਂ ਸਮੱਸਿਆਵਾਂ ਤੋਂ ਬਚਣ ਲਈ ਰਾਤ ਨੂੰ ਹਲਕਾ ਭੋਜਨ ਖਾਓ।




# ਮਿੱਟੀ ਹੇਠਲਾ ਸੱਚ
## ਭਾਗ 1 — ਖੇਤਾਂ ਵਿੱਚ ਸਵੇਰ

ਮੋਗਾ ਜ਼ਿਲ੍ਹੇ ਦੇ ਪਿੰਡ ਦੁੱਲੇਵਾਲ ਵਿੱਚ ਉਸ ਸਵੇਰ ਧੁੰਦ ਏਨੀ ਸੀ ਕਿ ਦਸ ਕਦਮ ਅੱਗੇ ਵੀ ਨਹੀਂ ਦਿਸਦਾ ਸੀ।

ਅਕਤੂਬਰ ਦੀ ਠੰਢ ਨੇ ਖੇਤਾਂ ਉੱਤੇ ਚਾਦਰ ਵਿਛਾਈ ਹੋਈ ਸੀ। ਕਣਕ ਦੀ ਬਿਜਾਈ ਤੋਂ ਪਹਿਲਾਂ ਦਾ ਵਕਤ — ਖੇਤ ਵਾਹੇ ਹੋਏ, ਮਿੱਟੀ ਕਾਲੀ ਤੇ ਭਿੱਜੀ। ਪਿੰਡ ਤੋਂ ਬਾਹਰਵਾਰ ਗੁਰਮੁਖ ਸਿੰਘ ਦੇ ਖੇਤ ਸਨ — ਉਹ ਰੋਜ਼ ਵਾਂਗੂ ਸਵੇਰੇ ਮੋਟਰ ਵੱਲ ਗੇੜਾ ਕੱਡਣ ਨਿਕਲਿਆ। ਉਹਦੀ ਚੱਪਲ ਦੀ ਆਵਾਜ਼ ਧੁੰਦ ਵਿੱਚ ਗੁੰਮ ਜਾਂਦੀ ਸੀ।

ਮੋਟਰ ਵੱਲ ਮੁੜ ਦੇ ਹੀ ਉਹਦੇ ਪੈਰ ਰੁਕ ਗਏ।

ਮੋਟਰ ਵਾਲੇ ਕੋਠੇ ਕੋਲ ਕੋਈ ਪਿਆ ਸੀ। ਧੁੰਦ ਵਿੱਚ ਪਹਿਲਾਂ ਲੱਗਿਆ — ਕੋਈ ਮੁਸਾਫ਼ਰ ਹੋਊ, ਥੱਕਾ ਲੇਟ ਗਿਆ ਹੋਊ। ਗੁਰਮੁਖ ਸਿੰਘ ਹੌਲੀ ਹੌਲੀ ਅੱਗੇ ਵਧਿਆ। ਨੇੜੇ ਗਿਆ ਤਾਂ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।



ਮੁੰਡਾ ਸੀ। 32 ਕੁ ਸਾਲਾਂ ਦਾ। ਚਿੱਟਾ ਕੁੜਤਾ, ਚਿੱਟਾ ਪਜਾਮਾ — ਪਰ ਮਿੱਟੀ ਨਾਲ ਲਿੱਬੜੇ ਹੋਏ। ਜੁੱਤੀ ਇੱਕ ਪਾਸੇ ਡਿੱਗੀ ਹੋਈ। ਖੇਤੀਬਾੜੀ ਕਰਨ ਵਾਲੇ ਹੱਥ — ਮੋਟੇ ਗੁੱਟ, ਪਕੀਆ ਉਂਗਲਾਂ — ਦੋਵੇਂ ਪਾਸੇ ਖਿੱਲਰੇ ਪਏ ਸਨ। ਅੱਖਾਂ ਖੁੱਲ੍ਹੀਆਂ ਸਨ, ਅਸਮਾਨ ਵੱਲ — ਜਿਵੇਂ ਕਿਸੇ ਚੀਜ਼ ਦੀ ਉਡੀਕ ਵਿੱਚ ਹੋਣ।

ਤੇ ਗ਼ਲਾ। ਗ਼ਲੇ ਉੱਤੇ ਰੱਸੀ ਦਾ ਨਿਸ਼ਾਨ ਸੀ — ਗੂੜ੍ਹਾ, ਡੂੰਘਾ, ਚਮੜੀ ਅੰਦਰ ਧੱਸਿਆ ਹੋਇਆ। ਉਹ ਨਿਸ਼ਾਨ ਦੇਖ ਕੇ ਗੁਰਮੁਖ ਸਿੰਘ ਦਾ ਸਾਹ ਉੱਪਰ ਹੀ ਰਹਿ ਗਿਆ।

ਕੋਲੇ ਮੋਟਰ ਦੀ ਖੇਲ ਉੱਤੇ ਦੋ ਗਲਾਸ ਰੱਖੇ ਹੋਏ ਸਨ — ਖਾਲੀ। ਅੱਧੀ ਭਰੀ ਸ਼ਰਾਬ ਦੀ ਬੋਤਲ ਕੋਲੇ। ਇਕ ਪਾਸੇ ਥੱਲੇ ਚਿੱਟੇ ਰੰਗ ਦਾ ਸਪਰੇਹ ਵਾਲਾ ਲੀਟਰ, ਜਿਸ ਨੂੰ ਪਾਣੀ ਪੀਣ ਲਈ ਆਮ ਵਰਤ ਲਿਆ ਜਾਂਦਾ । ਥੋੜ੍ਹੀ ਦੂਰ ਚਿੱਟੇ ਰੰਗ ਦਾ ਇੱਕ ਕਾਗਜ਼ ਪਿਆ ਸੀ — ਦਵਾਈ ਦੇ ਲਿਫ਼ਾਫ਼ੇ ਦਾ ਅੰਦਰਲਾ ਪਰਚਾ। ਗੁਰਮੁਖ ਸਿੰਘ ਦੀ ਨਜ਼ਰ ਉਸ ਕਾਗਜ਼ ਉੱਤੇ ਪਈ — ਪਰ ਉਹਦੇ ਹੱਥ ਉੱਠੇ ਨਹੀਂ। ਉਹਦੀਆਂ ਲੱਤਾਂ ਕੰਬ ਰਹੀਆਂ ਸਨ।

ਉਹ ਭੱਜਿਆ ਪਿੰਡ ਵੱਲ।

ਪਿੱਛੋਂ ਆਉਂਦੇ ਦੋ ਜੁਆਕ — ਸਵੇਰੇ ਸਕੂਲ ਵੱਲ ਜਾਂਦੇ — ਰੌਲਾ ਸੁਣ ਕੇ ਰੁਕ ਗਏ। ਉਨ੍ਹਾਂ ਨੇ ਉਹ ਚਿੱਟਾ ਕਾਗਜ਼ ਚੁੱਕਿਆ। ਪੜ੍ਹਿਆ — ਜਾਂ ਸ਼ਾਇਦ ਸਮਝਿਆ ਨਹੀਂ। ਵਾਪਸ ਰੱਖ ਦਿੱਤਾ। ਫਿਰ ਚਿੱਟੇ ਲੀਟਰ ਨਾਲ ਪਾਣੀ ਪੀਤਾ ਤੇ ਗਿੱਲਾ ਹੀ ਕਾਗਜ਼ ਉੱਪਰ ਰੱਖ ਦਿੱਤਾ — ਤੇ ਉਹ ਕਾਗਜ਼ ਭਿੱਜ ਗਿਆ। ਉਨ੍ਹਾਂ ਨੂੰ ਕੀ ਪਤਾ ਸੀ ਕਿ ਉਹ ਕਾਗਜ਼ ਕਿਸੇ ਮੌਤ ਦਾ ਆਖ਼ਰੀ ਸੁਨੇਹਾ ਸੀ।

ਦਸ ਮਿੰਟਾਂ ਵਿੱਚ ਖੇਤ ਦੁਆਲੇ ਪੰਜਾਹ ਬੰਦੇ ਕੱਠੇ ਹੋ ਗਏ ।

ਪਿੰਡ ਵਿੱਚ ਕਿਸੇ ਦੀ ਮੌਤ ਦੀ ਖ਼ਬਰ ਫ਼ੋਨ ਨਾਲੋਂ ਵੀ ਤੇਜ਼ ਚੱਲਦੀ ਹੈ। ਕੋਈ ਦੌੜਦਾ ਆਇਆ, ਕੋਈ ਸਾਈਕਲ ਤੇ, ਕੋਈ ਮੋਟਰਸਾਈਕਲ ਤੇ। ਔਰਤਾਂ ਦੂਰੋਂ ਝਾਕਦੀਆਂ ਸਨ, ਬੁੱਢੇ ਸਿਰ ਹਿਲਾਉਂਦੇ ਸਨ, ਨਿਆਣੇ ਅੱਗੇ ਵਧਣਾ ਚਾਹੁੰਦੇ ਸਨ ਪਰ ਕੋਈ ਰੋਕਦਾ ਸੀ।

ਭੀੜ ਵਿੱਚੋਂ ਕਿਸੇ ਨੇ ਕਿਹਾ — "ਇਹ ਤਾਂ ਰਾਜਵੀਰ ਹੈ। ਪਰਮਜੀਤ ਸਿੰਘ ਦਾ ਪੁੱਤ।"

ਭੀੜ ਵਿੱਚ ਘੁਸ਼ਰਮੁਸਰ ਦੀ ਇੱਕ ਲਹਿਰ ਦੌੜ ਗਈ।

ਕੋਈ ਬੋਲਿਆ — "ਖ਼ੁਦਕੁਸ਼ੀ ਹੋਊ।"

ਕੋਈ ਹੋਰ ਬੋਲਿਆ — "ਰੱਸੀ ਕਿੱਥੇ ਹੈ ਫਿਰ?"

ਚੁੱਪ।

ਕਿਸੇ ਕੋਲ ਜਵਾਬ ਨਹੀਂ ਸੀ।

ਥਾਣੇ ਵਿੱਚੋਂ ਮੋਗਾ ਪੁਲਿਸ ਆਈ। ਦੋ ਗੱਡੀਆਂ। ਐੱਸ.ਆਈ. ਕੁਲਦੀਪ ਸਿੰਘ ਤੇ ਤਿੰਨ ਸਿਪਾਹੀ।

ਕੁਲਦੀਪ ਸਿੰਘ — ਪੰਜਾਹਾਂ ਦੇ ਕਰੀਬ, ਭਾਰਾ ਜੁੱਸਾ, ਚਿਹਰੇ ਉੱਤੇ ਸਾਲਾਂ ਦਾ ਤਜ਼ਰਬਾ। ਮੋਗੇ ਥਾਣੇ ਵਿੱਚ ਵੀਹ ਸਾਲ ਹੋ ਗਏ ਸਨ ਉਹਨੂੰ। ਕਈ ਕਤਲ ਦੇਖੇ ਸਨ, ਕਈ ਖ਼ੁਦਕੁਸ਼ੀਆਂ। ਫ਼ਰਕ ਪਤਾ ਸੀ।

ਭੀੜ ਨੂੰ ਪਿੱਛੇ ਕੀਤਾ। ਝੁਕ ਕੇ ਲਾਸ਼ ਦੇਖੀ।

ਗ਼ਲੇ ਦਾ ਨਿਸ਼ਾਨ ਦੇਖਿਆ — ਲੰਮਾ ਸਾਹ ਲਿਆ।

"ਰੱਸੀ ਲੱਭੋ," ਉਸ ਨੇ ਸਿਪਾਹੀਆਂ ਨੂੰ ਕਿਹਾ।

ਸਿਪਾਹੀਆਂ ਨੇ ਖੇਤ, ਮੇੜਾਂ, ਕੋਠੇ ਦੇ ਆਲੇ ਦੁਆਲੇ — ਸਭ ਦੇਖਿਆ। ਰੱਸੀ ਕਿੱਧਰੇ ਨਹੀਂ ਸੀ।

ਕੁਲਦੀਪ ਸਿੰਘ ਨੇ ਫਿਰ ਗ਼ਲੇ ਦਾ ਨਿਸ਼ਾਨ ਦੇਖਿਆ। ਖ਼ੁਦਕੁਸ਼ੀ ਵਿੱਚ ਆਦਮੀ ਰੱਸੀ ਲੈ ਕੇ ਕਿੱਥੇ ਜਾਂਦਾ? ਤੇ ਹੱਥਾਂ ਉੱਤੇ ਕੋਈ ਖੁਰਚ ਨਹੀਂ — ਜਦੋਂ ਗ਼ਲਾ ਘੁੱਟਦਾ ਹੈ ਤਾਂ ਬੰਦਾ ਹੱਥਾਂ ਨਾਲ ਖਿੱਚਦਾ ਹੈ, ਨਹੁੰ ਗੱਡਦਾ ਹੈ। ਇੱਥੇ ਕੁਝ ਨਹੀਂ ਸੀ।

ਉਸ ਨੇ ਮਨ ਵਿੱਚ ਕਿਹਾ — ਕਤਲ।

ਦੋਵੇਂ ਗਲਾਸ ਚੁੱਕੇ — ਸਬੂਤ ਥੈਲੇ ਵਿੱਚ। ਬੋਤਲ ਤੇ ਚਿੱਟਾ ਲੀਟਰ ਪਾਣੀ ਵਾਲਾ ਚੁੱਕਿਆ । ਉਹ ਭਿੱਜਾ ਕਾਗਜ਼ ਚੁੱਕਿਆ — ਸਿਆਹੀ ਫੈਲੀ ਹੋਈ ਸੀ, ਕੁਝ ਪੜ੍ਹਿਆ ਨਹੀਂ ਜਾਂਦਾ ਸੀ। ਲੈਬ ਭੇਜਣਾ ਪਵੇਗਾ।

ਬਾਡੀ ਪੋਸਟਮਾਰਟਮ ਲਈ ਮੋਗੇ ਸਿਵਲ ਹਸਪਤਾਲ ਭੇਜ ਦਿੱਤੀ।

ਰਾਜਵੀਰ ਦੇ ਘਰ ਕੋਹਰਾਮ ਮਚ ਗਿਆ।

ਮਾਂ ਪਰਮਿੰਦਰ ਕੌਰ ਵਿਹੜੇ ਵਿੱਚ ਜ਼ਮੀਨ ਉੱਤੇ ਬੈਠੀ ਸੀ — ਉੱਠਣ ਦੀ ਤਾਕਤ ਨਹੀਂ ਸੀ। ਸਿਰ ਦੇ ਵਾਲ਼ ਖਿੱਲਰੇ, ਛਾਤੀ ਕੁੱਟਦੀ, ਮੂੰਹੋਂ ਇੱਕੋ ਸ਼ਬਦ ਨਿਕਲਦਾ ਸੀ — "ਪੁੱਤ... ਪੁੱਤ... ਪੁੱਤ..."

ਬਾਪ ਪਰਮਜੀਤ ਸਿੰਘ ਖੜ੍ਹਾ ਸੀ — ਦੋਵੇਂ ਹੱਥਾਂ ਨਾਲ ਪੱਗ ਫੜੀ, ਅੱਖਾਂ ਖਾਲੀ। ਰੋ ਨਹੀਂ ਰਿਹਾ ਸੀ — ਸ਼ਾਇਦ ਰੋਣਾ ਭੁੱਲ ਗਿਆ ਸੀ। ਬੱਸ ਖੜ੍ਹਾ ਸੀ। ਜਿਵੇਂ ਕੋਈ ਦਰੱਖ਼ਤ ਜਿਸ ਦੀਆਂ ਜੜ੍ਹਾਂ ਕੱਟ ਦਿੱਤੀਆਂ ਹੋਣ — ਡਿੱਗਿਆ ਨਹੀਂ ਅਜੇ, ਪਰ ਡਿੱਗਣ ਵਾਲਾ ਹੈ।

ਛੋਟੀ ਭੈਣ ਮਨਪ੍ਰੀਤ — ਵੀਹਾਂ ਦੇ ਕਰੀਬ — ਵਿਹੜੇ ਦੀ ਕੰਧ ਨਾਲ ਲੱਗੀ ਖੜ੍ਹੀ ਸੀ। ਉੱਚੀ ਉੱਚੀ ਰੋ ਰਹੀ ਸੀ, ਚੀਕ ਰਹੀ ਸੀ — ਬੱਸ ਇੱਕੋ ਸ਼ਬਦ ਕਹਿੰਦੀ ਸੀ ਉੱਚੀ ਆਵਾਜ਼ ਵਿੱਚ, ਵਾਰ ਵਾਰ — "ਵੀਰੇ... ਵੀਰੇ... ਵੀਰੇ..."

ਗੁਆਂਢਣਾਂ ਆਈਆਂ, ਰਿਸ਼ਤੇਦਾਰ ਆਏ। ਫ਼ੋਨ ਵੱਜਦੇ ਰਹੇ — ਕੋਈ ਚੁੱਕਦਾ ਨਹੀਂ ਸੀ।

ਕਿਸੇ ਨੇ ਕਿਹਾ — "ਅਮਰੀਕੇ ਵੀ ਖ਼ਬਰ ਕਰੋ।"

ਪੋਸਟਮਾਰਟਮ ਅਗਲੇ ਦਿਨ ਹੋਇਆ।

ਰਿਪੋਰਟ ਸਾਫ਼ ਸੀ — ਮੌਤ ਗ਼ਲਾ ਘੁੱਟਣ ਨਾਲ ਹੋਈ ਹੈ। ਪੇਟ ਵਿੱਚ ਸ਼ਰਾਬ ਸੀ — ਕਾਫ਼ੀ ਮਾਤਰਾ ਵਿੱਚ। ਮੌਤ ਦਾ ਵਕਤ ਰਾਤ ਦੇ ਗਿਆਰਾਂ ਤੋਂ ਦੋ ਵਜੇ ਦਰਮਿਆਨ। ਹੱਥਾਂ ਉੱਤੇ ਕੋਈ ਬਚਾਅ ਦੇ ਜ਼ਖ਼ਮ ਨਹੀਂ — ਨਾ ਖੁਰਚ, ਨਾ ਨੀਲ।

ਇਹ ਆਖ਼ਰੀ ਗੱਲ ਕੁਲਦੀਪ ਸਿੰਘ ਦੇ ਮਨ ਵਿੱਚ ਵੱਜੀ।

ਜਦੋਂ ਕੋਈ ਗ਼ਲਾ ਘੁੱਟਦਾ ਹੈ — ਬੰਦਾ ਹੱਥਾਂ ਨਾਲ ਰੱਸੀ ਖਿੱਚਦਾ ਹੈ, ਨਹੁੰ ਗੱਡਦਾ ਹੈ, ਲੜਦਾ ਹੈ। ਇੱਥੇ ਕੁਝ ਨਹੀਂ ਸੀ। ਭਾਵ — ਜਾਂ ਤਾਂ ਬਹੁਤ ਜਲਦੀ ਹੋਇਆ, ਜਾਂ ਸ਼ਰਾਬ ਨੇ ਹੋਸ਼ ਖੋਹ ਲਈ ਸੀ। ਕਿਸੇ ਜਾਣਕਾਰ ਨੇ ਪਿਲਾਈ ਸੀ ਉਹ ਸ਼ਰਾਬ — ਨਾਲ ਬੈਠ ਕੇ।

ਦੋ ਗਲਾਸ ਸਨ। ਦੋ ਜਣੇ ਪੀਂਦੇ ਸਨ।

ਲੈਬ ਤੋਂ ਫ਼ੋਨ ਆਇਆ — ਗਲਾਸਾਂ ਤੇ ਬੋਤਲ ਉੱਤੇ ਕੋਈ ਉਂਗਲੀਆਂ ਦੇ ਨਿਸ਼ਾਨ ਨਹੀਂ। ਪੂਰੀ ਤਰ੍ਹਾਂ ਪੂੰਝੇ ਹੋਏ।

ਕੁਲਦੀਪ ਸਿੰਘ ਨੇ ਫ਼ੋਨ ਰੱਖਿਆ। ਖਿੜਕੀ ਕੋਲ ਆਇਆ।

ਜੇ ਖ਼ੁਦਕੁਸ਼ੀ ਹੁੰਦੀ — ਕੋਈ ਗਲਾਸ ਕਿਉਂ ਪੂੰਝਦਾ? ਰੱਸੀ ਕਿਉਂ ਲੈ ਜਾਂਦਾ?

ਕਾਤਲ ਕੋਈ ਮੂਰਖ ਨਹੀਂ ਸੀ।

ਅਗਲੇ ਦਿਨ ਸਸਕਾਰ ਹੋਇਆ। ਪਿੰਡ ਦੇ ਸ਼ਮਸ਼ਾਨਘਾਟ ਵਿੱਚ। ਵੱਡੀ ਭੀੜ। ਗੁਆਂਢੀ ਪਿੰਡਾਂ ਤੋਂ ਵੀ ਲੋਕ ਆਏ।

ਦੁਪਹਿਰੇ ਇੱਕ ਗੱਡੀ ਆਈ। ਵਿੱਚੋਂ ਇੱਕ ਔਰਤ ਉੱਤਰੀ — ਤੀਹਾਂ ਤੋਂ ਉੱਪਰ, ਗੋਰਾ ਰੰਗ, ਕਾਲੇ ਕੱਪੜੇ। ਰੋਂਦੀ ਆਈ — ਜ਼ੋਰ ਜ਼ੋਰ ਨਾਲ। ਛਾਤੀ ਕੁੱਟਦੀ, ਵਿਰਲਾਪ ਕਰਦੀ।

ਰਾਜਵੀਰ ਦੀ ਪਤਨੀ। ਅਮਰੀਕਾ ਤੋਂ ਆਈ ਸੀ।

ਕੁਲਦੀਪ ਸਿੰਘ ਸ਼ਮਸ਼ਾਨਘਾਟ ਦੇ ਬਾਹਰ ਖੜ੍ਹਾ ਸੀ। ਭੀੜ ਵਿੱਚ ਚਿਹਰੇ ਦੇਖਦਾ ਰਿਹਾ — ਹਰ ਕੋਈ ਰੋ ਰਿਹਾ ਸੀ, ਸਿਰ ਝੁਕਾਈ ਬੈਠਾ ਸੀ।

ਉਸ ਨੇ ਆਪਣੀ ਡਾਇਰੀ ਵਿੱਚ ਲਿਖਿਆ —

ਮ੍ਰਿਤਕ: ਰਾਜਵੀਰ ਸਿੰਘ, 32 ਸਾਲ, ਪਿੰਡ ਦੁੱਲੇਵਾਲ, ਜ਼ਿਲ੍ਹਾ ਮੋਗਾ।

ਮੌਤ ਦਾ ਕਾਰਨ: ਗ਼ਲਾ ਘੁੱਟਣਾ।

ਰੱਸੀ ਬਰਾਮਦ ਨਹੀਂ।

ਗਲਾਸ ਤੇ ਬੋਤਲ — ਪੂੰਝੇ ਹੋਏ, ਕੋਈ ਨਿਸ਼ਾਨ ਨਹੀਂ।

ਕਾਗਜ਼ — ਭਿੱਜਾ ਹੋਇਆ, ਲੈਬ ਵਿੱਚ।

ਪਤਨੀ ਅਮਰੀਕਾ ਤੋਂ ਆਈ। ਨਾਮ: ਕਮਲਜੀਤ ਕੌਰ।

ਪਿਤਾ –ਪਰਮਜੀਤ ਸਿੰਘ

ਮਾਤਾ – ਪਰਮਿੰਦਰ ਕੌਰ

ਭੈਣ – ਮਨਪ੍ਰੀਤ ਕੌਰ

ਤਫ਼ਤੀਸ਼ ਸ਼ੁਰੂ ਹੋਈ ਸੀ। ਰਾਹ ਲੰਮਾ ਸੀ।

ਨੋਟ — ਇਹ ਕਹਾਣੀ ਸੰਪੂਰਨ ਤੌਰ ਤੇ ਕਾਲਪਨਿਕ ਹੈ। ਇਸ ਦਾ ਕਿਸੇ ਵੀ ਜਿਉਂਦੇ ਜਾਂ ਮਰੇ ਹੋਏ ਵਿਅਕਤੀ, ਪਰਿਵਾਰ ਜਾਂ ਘਟਨਾ ਨਾਲ ਕੋਈ ਸੰਬੰਧ ਨਹੀਂ। ਸਾਰੇ ਨਾਮ, ਪਾਤਰ ਤੇ ਘਟਨਾਵਾਂ ਲੇਖਕ ਦੀ ਕਲਪਨਾ ਦਾ ਹਿੱਸਾ ਨੇ।

# ਸਮਾਣਾ ਵਿੱਚ ਜੋ ਕੁਝ ਵਾਪਰਿਆ
## ਸ਼ਤਰਾਣਾ ਦੇ ਵਿਧਾਇਕ ਨੇ ਪਹਿਲਾਂ ਹੀ ਕਹਿ ਦਿੱਤਾ ਸੀ



ਬਲਬੀਰ ਸਿੰਘ ਬੱਬੀ

ਅੱਜ ਸਮੁੱਚੇ ਪੰਜਾਬ ਦੇ ਵਿੱਚ ਨਗਰ ਕੌਂਸਲ ਨਗਰ ਨਿਗਮ ਚੋਣਾਂ ਹੋ ਕੇ ਹਟੀਆਂ ਹਨ। ਇਹਨਾਂ ਚੋਣਾਂ ਦੇ ਵਿੱਚ ਸਮੁੱਚੇ ਪੰਜਾਬ ਦੇ ਅਨੇਕਾਂ ਇਲਾਕਿਆਂ ਵਿੱਚ ਜੋ ਕੁਝ ਨਿਕਲ ਕੇ ਸਾਹਮਣੇ ਆਇਆ ਉਹ ਬਹੁਤ ਹੀ ਨਿਰਾਸ਼ ਕਰਨ ਵਾਲਾ ਹੈ। ਜਿਹੜਾ ਕੁਝ ਪਿਛਲੇ ਸਮੇਂ ਦੇ ਵਿੱਚ ਅਸੀਂ ਬਿਹਾਰ ਯੂਪੀ ਵਿੱਚ ਹੋ ਰਹੀਆਂ ਚੋਣਾਂ ਵਿੱਚ ਦੇਖਦੇ ਸੀ ਤੇ ਹੁਣ ਇਹ ਸਭ ਕੁਝ ਗੁਰਾਂ ਦੇ ਨਾਂ ਹੇਠ ਵੱਸਦੇ ਪੰਜਾਬ ਵਿੱਚ ਹੋ ਰਿਹਾ ਹੈ ਜੋ ਕਿ ਬਹੁਤ ਹੀ ਗਲਤ ਤੇ ਨਿਰਾਸ਼ਾਜਨਕ ਹੈ।

ਸਮੁੱਚੇ ਪੰਜਾਬ ਦਾ ਉਹ ਕਿਹੜਾ ਇਲਾਕਾ ਹੈ ਜਿਸ ਵਿੱਚ ਅੱਜ ਚੋਣਾਂ ਮੌਕੇ ਲੜਾਈ ਝਗੜੇ ਨਹੀਂ ਹੋਏ ਜੇਕਰ ਗੱਲ ਪਟਿਆਲਾ ਦੇ ਸਮਾਣਾ ਦੀ ਕਰੀਏ ਤਾਂ ਉੱਥੇ ਤਾਂ ਗੋਲੀ ਵੀ ਚੱਲੀ ਹੋਈ ਦੱਸੀ ਜਾ ਰਹੀ ਹੈ। ਸਮਾਣਾ ਵਿੱਚ ਹੀ ਇਸ ਸਾਰੇ ਘਟਨਾਕਰਮ ਨੂੰ ਕੋਠੇ ਉੱਤੇ ਬੈਠ ਕੇ ਨੌਜਵਾਨ ਦੇਖ ਰਹੇ ਸਨ ਤੇ ਉਥੇ ਵਿੱਚੋਂ ਜਦੋਂ ਭਗਜੜ ਮਚੀ ਤਾਂ ਉਹਨਾਂ ਵਿੱਚੋਂ ਇੱਕ ਨੌਜਵਾਨ ਥੱਲੇ ਉਤਰਨ ਲੱਗਿਆ ਤਾਂ ਉਸ ਦਾ ਹੱਥ ਨੇੜੇ ਬਿਜਲੀ ਦੀਆਂ ਤਾਰਾਂ ਨਾਲ ਲੱਗ ਗਿਆ ਜੋ ਸਖ਼ਤ ਜਖਮੀ ਹੈ। ਸਮਾਣਾ ਦੇ ਵਿੱਚ ਇੱਟਾਂ ਪੱਥਰ ਬਾਜ਼ੀ ਹੋਈ।

ਜੇਕਰ ਇਸ ਦੇ ਕਾਰਨ ਵੱਲ ਜਾਈਏ ਤਾਂ ਉਹ ਵਾਚਣਾ ਬਹੁਤ ਜਰੂਰੀ ਹੈ ਸਤਰਾਣਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਨ ਕੁਲਵੰਤ ਸਿੰਘ ਬਾਜੀਗਰ ਇਸ ਵਿਧਾਇਕ ਨੇ ਚੋਣ ਪ੍ਰਚਾਰ ਦਰਮਿਆਨ ਆਪਣੇ ਵਿਰੋਧੀਆਂ ਨੂੰ ਕਿਹਾ ਸੀ ਕਿ ਤੁਸੀਂ ਖਰਚ ਨਾ ਕਰੋ ਜਿੱਤਣ ਅਸੀਂ ਤੁਹਾਨੂੰ ਦੇਣਾ ਨਹੀਂ ਜੇਕਰ ਤੁਸੀਂ ਹੱਲਾ ਗੁੱਲਾ ਕਰੋਗੇ ਤਾਂ ਅਸੀਂ ਦਰਵਾਜ਼ਾ ਬੰਦ ਕਰਕੇ ਆਪਣਾ ਕੰਮ ਕਰ ਲੈਣਾ ਹੈ। ਇਸ ਲਈ ਤੁਸੀਂ ਇਹਨਾਂ ਚੋਣਾਂ ਦੇ ਵਿੱਚ ਨਾ ਆਵੋ ਇਹ ਚੋਣਾਂ ਨਾ ਲੜੋ ਇਹ ਵਿਧਾਇਕ ਬਾਜ਼ੀਗਰ ਵੱਲੋਂ ਕਹੀ ਹੋਈ ਗੱਲਬਾਤ ਹੈ ਜਿਸ ਦੀ ਵੀਡੀਓ ਪਿਛਲੇ ਚਾਰ ਪੰਜ ਦਿਨ ਤੋਂ ਸੋਸ਼ਲ ਮੀਡੀਆ ਉੱਪਰ ਚੱਲ ਰਹੀ ਹੈ। ਹੁਣ ਜਦੋਂ ਵਿਧਾਇਕ ਸ਼ਰੇਆਮ ਆਪਣੇ ਵਰਕਰਾਂ ਨੂੰ ਇਹ ਹੱਲਾਸ਼ੇਰੀ ਦੇਵੇ ਤਾਂ ਫਿਰ ਸਮਾਣਾ ਵਿੱਚ ਇਹ ਸਭ ਕੁਝ ਹੋਣਾ ਸੁਭਾਵਿਕ ਦੀ ਸੀ ਮੈਨੂੰ ਪਹਿਲਾਂ ਹੀ ਡਰ ਸੀ ਜਦੋਂ ਮੈਂ ਵੀਡੀਓ ਸੁਣੀ ਕਿ ਉੱਥੇ ਆਹ ਕੁਝ ਹੋਵੇਗਾ ਉਹੀ ਗੱਲ ਸੱਚ ਸਾਬਤ ਹੋਈ। ਚਾਹੀਦਾ ਤਾਂ ਇਹ ਸੀ ਕਿ ਜੋ ਕੁਝ ਵੀਡੀਓ ਵਿੱਚ ਉਸ ਵਿਧਾਇਕ ਨੇ ਕਿਹਾ ਹੈ ਉਸ ਉੱਪਰ ਕਾਰਵਾਈ ਹੁੰਦੀ ਪਰ ਇਥੇ ਕਾਰਵਾਈ ਕਿਹਨੇ ਕਰਨੀ ਹੈ। ਜਦੋਂ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਆਪ ਵਰਕਰਾਂ ਨੂੰ ਇਹ ਕਹਿ ਰਹੇ ਹੋਣ ਕਿ ਜੋ ਵੀ ਚੋਣਾਂ ਜਿੱਤਣੀਆਂ ਹਨ ਸ਼ਾਮ ਦਾਮ ਦੰਡ ਭੇਦ ਭਾਵ ਜੋ ਕੁਝ ਕਰਨਾ ਪਵੇ ਕਰਿਓ ਪਰ ਚੋਣਾਂ ਜਿੱਤਣ ਜਰੂਰੀ ਹਨ ਇਹੀ ਅੱਜ ਪੰਜਾਬ ਦੀ ਧਰਤੀ ਦੇ ਉੱਪਰ ਹੋਇਆ।

# ਮਾਂ ਦਾ ਫ਼ਿਕਰ



ਅੱਜ ਕਈ ਚਿਰਾ ਪਿੱਛੋ ਪਿੰਡ ਦੀ ਕਰਮੋਂ ਤਾਈ ਗੁਰਦੁਆਰੇ ਮਿਲੀ। ਸਾਰੇ ਉਸ ਨੂੰ ਤਾਈ ਆਖਦੇ ਸਨ। ਅਸੀ ਵੀ ਰੀਸ ਨਾਲ ਤਾਈ ਆਖਣ ਲੱਗੇ। ਬੜੇ ਪਿਆਰ ਨਾਲ ਮਿਲੀ। ਘਰ ਦੀ ਸੁੱਖ ਸਾਂਦ ਜਦੋਂ ਪੁੱਛੀ ਤਾ ਗੱਲਾਂ ਗੱਲਾਂ ਵਿੱਚ ਹੀ ਅੰਦਰੋਂ ਅੰਦਰੀ ਦੱਬਿਆ ਗੁਬਾਰ ਕੱਢ ਛੱਡਿਆ ।

ਦੱਸ ਸਾਲ ਛੋਟਾ ਸੀ ਮੀਤੋ ਤੋ। ਸੁੱਖਾਂ ਸੁਖ ਸੁਖ ਲਿਆ ਸੀ ਮਸਾ। ਖੌਰੇ ਕਿੰਨੀਆਂ ਮੀਤੋ ਕੁੱਖ ਚ ਹੀ ਮਾਰ ਮੁਕਾਈਆ ਸਨ ਉਸ ਬਦਲੇ। ਤਾਇਆ ਤੇਰਾ ਚਾਲੀ ਚਾਲੀ ਮੀਲ ਪੈਂਡਲ ਮਾਰਦਾ ਪੀਰਾਂ ਦੀ ਦਰਗਾਹੇ ਖੀਰ ਚੜਾਉਣ ਜਾਦਾ । ਸੁੱਖਾਂ ਸੁੱਖਦਾ। ਬੀਬੀ ਮੇਰੀ ਨੇ ਅੱਗੇ ਵੀ ਗਾਈ ਦੇ ਦੁੱਧ ਨਾਲ ਮੁੰਡੇ ਹੋਣ ਦੀ ਦਵਾਈ ਲਿਆ ਦਿੱਤੀ ਸੀ । ਭੂਆ ਤੀ ਤੁਹਾਡੀ ,ਉਹ ਵੀ ਬੜੀ ਭਲੀ ਤੀ ਅਪਣੀ ਸੱਸ ਨੂੰ ਕਹਿ ਅਪਣੇ ਪਿੰਡ ਦੇ ਠਾਕੁਰ ਬਾਬੇ ਕੋਲੋ ਮੋਰ ਦੇ ਖੰਭ ਪੁਆ ਦਵਾਈ ਲਿਆ ਕੇ ਦਿੱਤੀ ਤੀ । ਸਰਤੀਆ ਮੁੰਡਾ ਹੋਣ ਦੀ। ਦਵਾਈ ਪੁੱਤ ਗਾਈ ਦੇ ਦੁੱਧ ਨਾਲ ਖਾਣੀ ਸੀ ਨਰਣੇ ਕਾਲਜੇ। ਜਠਾਣੀ ਕੋਲੋਂ ਗਾਈ ਦੇ ਦੁੱਧ ਦਾ ਗਲਾਸ ਮੰਗਿਆਂ ਉਸ ਨਹੀਂ ਦਿੱਤਾ। ਉਸ ਦੇ ਘਰੇ ਲੱਗੀ ਬਾਨ ਨੂੰ ਰਾਹ ਵਿੱਚ ਰੋਕ ਕੇ ਅਪਣੀ ਮੁਸ਼ਕਲ ਦੱਸੀ ਤੇ ਗਾਈ ਦੇ ਦੁੱਧ ਦੇ ਬਦਲੇ ਮਹੀ ਦਾ ਦੁੱਧ ਦਿੱਤਾ । ਸਵੇਰੇ ਮਾਲਕ ਦਾ ਨਾਂ ਲੈ ਦਵਾਈ ਖਾਦੀ ਪੁੱਤ । ਮਾਲਕ ਨੇ ਸੁਣੀ ਇਸ ਵਾਰ, ਪੁੱਤ ਦੀ ਦਾਤ ਬਖਸੀ। ਮਸਾਂ ਆਇਆ ਮੀਤੋ ਦਾ ਵੀਰ। ਪੁੱਤ ਦੀ ਹਰ ਰੀਝ ਪੂਰੀ ਕਰਨ ਦਾ ਯਤਨ ਕੀਤਾ। ਗਰੀਬੀ ਤੀ ਦੋ ਕਿੱਲੇ ਜ਼ਮੀਨ । ਮਸਾਂ ਹੀ ਤਾਇਆ ਤੁਹਾਡਾ ਪਾਲਦਾ ਸੀ ਪਰਿਵਾਰ ਨੂੰ ਮੇਹਨਤ ਕਰ ਕਰ। ਮੀਤੋ ਦੇ ਵੀਰ ਨੂੰ ਇੱਕ ਵਾਰ ਇੱਕ ਖਿਡਾਉਣਾ ਲੈ ਕੇ ਦਿੱਤਾ ਸੀ ਨੋ ਰੁਪਏ ਦਾ ਉਧਾਰ।

ਛੇਈ ਮਹੀਨੀ ਮੋੜੇ ਸੀ ਪੈਸੇ। ਤਾਏ ਤੁਹਾਡੇ ਨੇ ਬੜੀ ਮੇਹਨਤ ਕੀਤੀ ਇਸ ਨੂੰ ਪੜਾਇਆ ਲਿਖਾਇਆ ਤੇ ਡਿਗਰੀ ਕਰਾਈ । ਤਾਇਆ ਬਿਰਧ ਹੋ ਰਿਹਾ ਸੀ ਕਹਿੰਦਾ ਹੁਣ ਹੱਡ ਸਾਥ ਨਹੀਂ ਦੇਂਦੇ ਹੁਣ ਨਹੀਂ ਹੂੰਦਾ ਕੰਮ ਪਰ ਮੀਤੋ ਦਾ ਵੀਰ ਹੋਰ ਡਿਗਰੀ ਕਰਨਾ ਚਾਹੁੰਦਾ ਸੀ ਬਾਪੂ ਨੇ ਹੋਰ ਮੇਹਨਤ ਕੀਤੀ ਮੁੰਡਾ ਸਾਡਾ ਚੰਗੀ ਵਧੀਆ ਨੌਕਰੀ ਤੇ ਲੱਗਾ ਤੇ ਉਸ ਨੇ ਅਪਣੀ ਪਸੰਦ ਦੀ ਕੁੜੀ ਵੀ ਲੱਭ ਲਈ । ਅਪਣੀ ਜਾਤ ਦੀ ਨਾਂ ਹੋ ਕੇ ਹੋਰ ਧਰਮ ਦੀ। ਅਸਾਂ ਕੋਈ ਏਤਰਾਜ ਨਾ ਕੀਤਾ। ਪੁੱਤ ਦੀ ਖੁਸ਼ੀ ਚ ਸਾਡੀ ਖੁਸ਼ੀ। ਧਰਮ ਹੋਰ ਸੀ । ਰਿਤੀ ਰਿਵਾਜ ਹੋਰ। ਬਹੁਤ ਫਰਕ ਸੀ ਸੋ ਅਸੀ ਉਸ ਦੀ ਬਹੂ ਨੂੰ ਪੇਂਡੂ ਤੇ ਅਨਪੜ ਲੱਗਦੇ ਸਾ। ਭੁੱਖੇ ਜੱਟ ਤੇ ਭੁੱਖੇ ਲੋਕ ਵੀ ਆਖ ਦੇਦੀ। ਧੀਏ ਸੁਣ ਲੇਦੇ ਸਾ। ਅੱਖਾਂ ਪੂੰਝਦੀ ਆਖਦੀ ਏ ਪਰ ਧੀਏ ਸਮਝ ਅੱਜ ਤੱਕ ਨਹੀਂ ਆਈ ਭੁੱਖੇ ਕਿਵੇਂ ਤੀ। ਅਸੀਂ ਤਾਂ ਕਦੀ ਕੁਝ ਮੰਗਿਆ ਹੀ ਨਹੀਂ ਤੀ ਸਗੋਂ ਜੋ ਸਰਦਾ ਪੁੱਜਦਾ ਸੀ ਦੇਂਦੇ ਸਾ। ਪੁੱਤ ਨੇ ਸਾਰ ਨਾ ਲਈ ਅੱਡ ਰੇਨ ਬਸੇਰਾ ਬਣਾ ਲਿਆ ਅਸੀਂ ਬੁੱਢੇ ਠੇਰੇ ਕੰਧਾ ਚ ਟੱਕਰਾਂ ਮਾਰਨ ਜੋਗੇ ਰਹਿ ਗਏ। ਪੁੱਤ ਕਦੀ ਕਦਾਈ ਫੌਨ ਕਰ ਲੈਂਦਾ ਪਰ ਨੂੰਹ ਨੇ ਤਾ ਉਹ ਵੀ ਨਹੀਂ ਕੀਤਾ। ਸੀਤੋ ਨੂੰ ਤਰਸ ਆਉਦਾ ਤੀ ਸਾਡੇ ਤੇ ਲੈ ਗਈ ਅਪਣੇ ਘਰੇ। ਨੂੰਹ ਆਖਦੀਏ ਤੁਸੀਂ ਤਾਂ ਉਸ ਦੇ ਬੱਚੇ ਪਾਲਦੇ ਹੋ ਤਾਂ ਉਸ ਦੇ ਦਰ ਤੇ ਹੋ । ਮੇਰੇ ਬੱਚੇ ਤੁਹਾਨੂੰ ਜ਼ਹਿਰ ਲੱਗਦੇ ਨੇ।

ਪੁੱਤ ਤੂੰ ਦੱਸ ਖਾ ਜੇ ਉਹ ਨਾਲ ਰੱਖਣ ਤਾ ਕੀ ਉਹਨਾਂ ਦੇ ਬੱਚੇ ਨਾ ਪਾਲੀਏ। ਪੁੱਤ ਸੌਂਹ ਰੱਬ ਦੀ ਸੀਤੋ ਨੇ ਕਦੇ ਕੁੱਝ ਨਹੀਂ ਕਰਵਾਇਆ। ਕਪੜੇ ਲੀੜੇ ਦਾ ਧਿਆਨ ਰੱਖਦੀ ਸੁ । ਦਵਾਈ ਦਾਰੂ ਕਰਦੀ ਸੁ। ਜਵਾਈ ਇੱਜਤ ਕਰਦਾ ਪਰ ਪੁੱਤ ਧੀ ਦੇ ਦਰ ਤੇ ਰਹਿਣਾ ਔਖਾ ਲਗਦੈ ਕਹਿੰਦਿਆਂ ਅੱਖਾਂ ਭਰੀ ਜਾਵੇ।

ਧੀਏ ਹੁਣ ਪੁੱਤ ਦਾ ਫੌਨ ਆਇਆ ਤੀ ਇੱਕ ਦਿਨ ਅਖੇ ਵਧਾਈ ਹੋਵੇ ਦੂਜਾ ਕਾਕਾ ਆਇਆ । ਮੈਨੂੰ ਪੁੱਤ ਫ਼ਿਕਰ ਲੱਗ ਗਿਆ। ਅਸੀਂ ਤਾਂ ਪੁੱਤ ਸੀਤੋ ਕੋਲ ਆ ਗਏ ਇਸ ਨੂੰ ਕੌਣ ਸੰਭਾਲੂ। ਕੋਣ ਸਾਂਭੂ ਮੇਰੇ ਪੁੱਤ ਨੂੰ ਕਹਿੰਦੀ ਖੂੰਡੀ ਦਾ ਆਸਰਾ ਕਰ ਧੀ ਦੇ ਘਰ ਨੂੰ ਤੁਰ ਪਈ।

Naturedeep Kahlon






# ਖਾੜਕੂ ਵਿਚਾਰਧਾਰਾ ਤੋਂ ਸਮਾਜ-ਸੇਵਾ ਤੱਕ ਲੰਮੇਂ ਸਫ਼ਰ ਦਾ ਪਾਂਧੀ - ਗੁਰਚਰਨ ਸਿੰਘ ਬਨਵੈਤ

ਗੁਰਚਰਨ ਸਿੰਘ ਬਨਵੈਤ ਦਾ ਜਨਮ ਫਿਲੌਰ ਤੋਂ ਨਵਾਂ ਸ਼ਹਿਰ ਜਾਣ ਵਾਲੀ ਸੜਕ ਦੇ ਕਿਨਾਰੇ ਪੈਂਦੇ ਜਲੰਧਰ ਜ਼ਿਲੇ ਦੇ ਛੋਟੇ ਜਿਹੇ ਕਸਬੇ ਉੜਾਪੁੜ ਵਿੱਚ ਸ. ਭਾਗ ਸਿੰਘ ਅਤੇ ਸਰਦਾਰਨੀ ਧੰਨ ਕੌਰ ਦੇ ਘਰ 27 ਜਨਵਰੀ 1948 ਨੂੰ ਹੋਇਆ। ਉਨ੍ਹਾਂ ਦੇ ਪਿਤਾ ਇਸ ਕਸਬੇ ਵਿੱਚ ਅੱਠ ਏਕੜ ਜ਼ਮੀਨ ਵਿੱਚ ਖੇਤੀਬਾੜੀ ਦਾ ਪਿਤਾ-ਪੁਰਖ਼ੀ ਕੰਮ ਕਰਦੇ ਸਨ। ਉਨ੍ਹਾਂ ਦੇ ਘਰ ਚਾਰ ਪੁੱਤਰਾਂ ਅਤੇ ਚਾਰ ਧੀਆਂ ਨੇ ਜਨਮ ਲਿਆ। ਗੁਰਬਚਨ ਸਿੰਘ ਬਨਵੈਤ ਆਪਣੇ ਭੈਣ ਭਰਾਵਾਂ ਵਿੱਚ ਚੌਥੇ ਨੰਬਰ 'ਤੇ ਹਨ। ਪੰਜਾਬ ਦੇ ਦੁਆਬੇ ਏਰੀਏ ਵਿੱਚ ਮਾਝੇ ਅਤੇ ਮਾਲਵੇ ਦੇ ਮੁਕਾਬਲੇ ਜ਼ਿਮੀਂਦਾਰਾਂ ਕੋਲ ਜ਼ਮੀਨਾਂ ਕਾਫ਼ੀ ਘੱਟ ਸਨ ਅਤੇ ਵਾਹੀ-ਖੇਤੀ ਤੋਂ ਉਨ੍ਹਾਂ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਹੁੰਦਾ ਸੀ। ਏਸੇ ਲਈ ਹੀ ਸ਼ਾਇਦ ਦੁਆਬੇ ਦੇ ਲੋਕਾਂ ਨੇ ਸੱਭ ਤੋਂ ਪਹਿਲਾਂ ਵਿਦੇਸ਼ ਜਾਣਾ ਸ਼ੁਰੂ ਕੀਤਾ ਸੀ। ਉਹ ਵੀਹਵੀਂ ਸਦੀ ਦੇ ਸੱਠਵਿਆਂ ਵਿੱਚ ਉਹ ਇੰਗਲੈਂਡ, ਅਮਰੀਕਾ, ਸਿੰਗਾਪੁਰ, ਹਾਂਗਕਾਂਗ, ਮਲੇਸ਼ੀਆ, ਥਾਈਲੈਂਡ, ਅਫ਼ਰੀਕਾ, ਆਦਿ ਦੇਸ਼ਾਂ ਵੱਲ ਜਾਣੇ ਸ਼ੁਰੂ ਹੋ ਗਏ ਸਨ।

ਉਦੋਂ ਵਿਦੇਸ਼ ਜਾਣਾ ਏਨਾ ਮੁਸ਼ਕਲ ਨਹੀਂ ਸੀ ਅਤੇ ਇਸਦੇ ਲਈ ਵੀਜ਼ਾ, ਵਗ਼ੈਰਾ ਲੈਣ ਦੀ ਜ਼ਰੂਰਤ ਨਹੀਂ ਸੀ। ਦੂਸਰੇ ਮੁਲਕਾਂ ਵਿੱਚ ਜਾਣ ਦੇ ਚਾਹਵਾਨ ਵਿਅੱਕਤੀ ਹਵਾਈ ਜਹਾਜ਼ ਜਾਂ ਸਮੁੰਦਰੀ ਜਹਾਜ਼ਾਂ ਦੀ ਟਿਕਟ ਲੈ ਕੇ ਇਨ੍ਹਾਂ ਦੇਸ਼ਾਂ ਵਿੱਚ ਪਹੁੰਚ ਜਾਂਦੇ ਸਨ। ਅਲਬੱਤਾ ! ਕੈਨੇਡਾ ਵਿੱਚ ਉਸ ਸਮੇਂ ਦੀ ਬ੍ਰਿਟਿਸ਼-ਪੱਖੀ ਸਰਕਾਰ ਵੱਲੋਂ ਕਈ ਕਈ ਤਰ੍ਹਾਂ ਦੀਆਂ ਅੜਿਚਣਾਂ ਪੈਦਾ ਕੀਤੀਆਂ ਗਈਆਂ ਸਨ। ਅਸੀਂ ਸਾਰੇ ਭਲੀ ਭਾਂਤ ਜਾਣਦੇ ਹਾਂ ਕਿ ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ 'ਲੀਜ਼' (ਕਿਰਾਏ) 'ਤੇ ਲਏ ਗਏ 'ਗੁਰੂ ਨਾਨਕ ਜਹਾਜ਼' (ਕਾਮਾਗਾਟਾ ਮਾਰੂ ਜਹਾਜ਼) ਰਾਹੀਂ 376 ਪੰਜਾਬੀਆਂ ਨੂੰ ਕੈਨੇਡਾ ਲੈ ਕੇ ਜਾ ਰਹੇ ਇਸ ਜਹਾਜ਼ ਨੂੰ ਵੈਨਕੂਵਰ ਦੇ ਪੱਛਮੀ ਤੱਟ 'ਤੇ ਕੰਢੇ ਉੱਤਰਨ ਦੀ ਆਗਿਆ ਨਹੀਂ ਦਿੱਤੀ ਗਈ ਸੀ ਅਤੇ ਇਸ ਜਹਾਜ਼ ਨੂੰ ਦੋ ਮਹੀਨੇ ਉੱਥੇ ਹੀ ਖੜੇ ਰੱਖਣ ਤੋਂ ਬਾਅਦ ਬ੍ਰਿਟਿਸ਼-ਪੱਖੀ ਕੈਨੇਡਾ ਸਰਕਾਰ ਵੱਲੋਂ ਭਾਰਤ ਵਾਪਸ ਭੇਜ ਦਿੱਤਾ ਗਿਆ ਸੀ। ਗੁਰਚਰਨ ਸਿੰਘ ਬਨਵੈਤ ਨੇ ਮੁੱਢਲੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ ਉੜਾਪੁੜ ਤੋਂ ਹਾਸਲ ਕੀਤੀ। ਅੱਗੋਂ ਦਸਵੀਂ ਤੱਕ ਦੀ ਪੜ੍ਹਾਈ ਉਨ੍ਹਾਂ ਨੇ ਸਰਕਾਰੀ ਹਾਈ ਸਕੂਲ ਚੱਕਦਾਨਾ ਵਿੱਚ ਕੀਤੀ। ਹਾਈ ਸਕੂਲ ਦੀ ਪੜ੍ਹਾਈ ਦੌਰਾਨ ਉਨ੍ਹਾਂ ਆਪਣੇ ਸਾਥੀਆਂ ਨਾਲ ਪਿੰਡਾਂ ਵਿੱਚ ਉਸ ਸਮੇਂ ਪ੍ਰਚੱਲਤ ਖੇਡਾਂ ਕਬੱਡੀ, ਘੋਲ, ਖਿੱਦੋ-ਖੂੰਡੀ ਅਤੇ ਫੁੱਟਬਾਲ ਖੇਡੀਆਂ। ਉਹ ਦੱਸਦੇ ਹਨ ਕਿ ਸਕੂਲ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਪਸ਼ੂਆਂ ਦੇ ਲਈ ਸਵੇਰੇ ਖੇਤਾਂ ਵਿੱਚੋਂ ਪੱਠੇ ਵੱਢ ਕੇ ਲਿਆਉਣੇ ਪੈਂਦੇ ਸਨ ਅਤੇ ਕਈ ਵਾਰ ਉਹ ਉਨ੍ਹਾਂ ਨੂੰ ਕੁਤਰ ਕੇ ਪਸ਼ੂਆਂ ਦੀਆਂ ਖੁਰਲੀਆਂ ਵਿੱਚ ਪਾ ਕੇ ਸਕੂਲ ਪਹੁੰਚਦੇ ਸਨ। .

ਬਚਪਨ ਵਿੱਚ ਚਾਨਣੀਆਂ ਰਾਤਾਂ 'ਚ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ 'ਲੁਕਣ-ਮੀਚੀ', 'ਚੋਰ-ਸਿਪਾਹੀ', 'ਬਾਂਦਰ-ਕਿੱਲਾ', 'ਕਾਵਾਂ-ਘੋੜੀ, 'ਪਿੱਠੂ-ਗਰਮ' ਤੇ 'ਬਿੱਲੀ ਬੱਚਿਆਂ ਦੀ ਮਾਂ' ਵਰਗੀਆਂ ਖੇਡਾਂ ਖੇਡੀਆਂ। ਕਈ ਸ਼ਰਾਰਤਾਂ ਵੀ ਕੀਤੀਆਂ ਅਤੇ ਉਨ੍ਹਾਂ ਕਰਕੇ ਕਈ ਵਾਰ 'ਕੁੱਟ' ਵੀ ਖਾਧੀ। 'ਗੁਰਦੁਆਰਾ ਸ਼ਹੀਦਾਂ' ਜਾ ਕੇ ਝੱਗੇ ਨਾਲ ਹੱਥ ਪੂੰਝ-ਪੂੰਝ ਕੇ ਬਾਰ-ਬਾਰ 'ਕੜਾਹ-ਪ੍ਰਸ਼ਾਦਿ' ਵੀ ਲਿਆ ਅਤੇ ਸੁਆਦ ਨਾਲ ਛਕਿਆ। ਇਸ ਗੁਰਦੁਆਰਾ ਸਾਹਿਬ ਬਾਰੇ ਉਹ ਦੱਸਦੇ ਹਨ ਕਿ ਇੱਥੇ ਬੋਹੜ, ਪਿੱਪਲ, ਨਿੰਮ, ਆਦਿ ਰੁੱਖਾਂ ਦੀ ਸੰਘਣੀ 'ਝਿੜੀ' ਸੀ ਜਿਸਦਾ ਇਤਿਹਾਸ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਨਾਲ ਜੁੜਦਾ ਸੀ। ਦਰਅਸਲ, ਇਹ ਝਿੜੀ ਉਸ ਸਮੇਂ ਸਿੰਘਾਂ ਦੀ ਠਾਹਰ ਸੀ ਅਤੇ ਇਸ ਨੂੰ ਉਦੋਂ 'ਖਾਲਸੇ ਦੀ ਝਿੜੀ' ਵੀ ਕਿਹਾ ਜਾਂਦਾ ਸੀ। ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਦੇ 'ਖ਼ਾਸ-ਉਲ-ਖ਼ਾਸ' ਰਹੇ ਸੁੱਚਾ ਨੰਦ ਦਾ ਪਿੰਡ 'ਔੜ' ਇਸਦੇ ਨੇੜੇ ਹੀ ਸੀ। ਇੱਥੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਰਾਹੋਂ ਦੇ ਨਵਾਬ ਨਾਲ ਇਤਿਹਾਸਕ ਲੜਾਈ ਲੜੀ ਗਈ ਸੀ ਜਿਸ ਵਿੱਚ ਉਸਦੀ ਹਾਰ ਹੋਈ ਅਤੇ ਰਾਹੋਂ ਨੂੰ ਬਾਬਾ ਬੰਦਾ ਬਹਾਦਰ ਵੱਲੋਂ ਕਾਇਮ ਕੀਤੇ ਗਏ 'ਖਾਲਸਾ ਰਾਜ' ਵਿੱਚ ਮਿਲ਼ਾ ਲਿਆ ਗਿਆ ਸੀ।

ਸਿੱਖ ਇਤਿਹਾਸ ਦੀ ਇਹ ਵੱਡੀ ਤ੍ਰਾਸਦੀ ਜਾਂ ਬਦਕਿਸਮਤੀ ਹੈ ਕਿ ਇਤਿਹਾਸਕ ਥਾਵਾਂ 'ਤੇ ਗੁਰਦੁਆਰੇ ਉਸਾਰਨ ਸਮੇਂ ਉੱਥੋਂ ਦੀ ਇਤਿਹਾਸਕ ਮਹੱਤਤਾ ਨੂੰ ਦਰ-ਕਿਨਾਰ ਕਰਕੇ ਉੱਥੇ ਇੱਟਾਂ, ਪੱਥਰਾਂ ਅਤੇ ਸੰਗਮਰਮਰ ਦੇ ਵੱਖ-ਵੱਖ ਡੀਜ਼ਾਈਨਾਂ ਵਾਲੀਆਂ ਇਮਾਰਤਾਂ ਖੜੀਆਂ ਕਰ ਦਿੱਤੀ ਗਈਆਂ ਹਨ। 'ਚਮਕੌਰ ਦੀ ਕੱਚੀ ਗੜੀ' ਅੱਜ 'ਸੰਗਮਰਮਰ ਦੇ ਪੱਕੀ ਗੁਰਦੁਆਰੇ' ਦੇ ਰੂਪ ਵਿੱਚ ਵਿਖਾਈ ਦਿੰਦੀ ਹੈ। ਫ਼ਤਿਹਗੜ੍ਹ ਸਾਹਿਬ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੁਝਾਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਨੂੰ ਦੀਵਾਰ ਵਿੱਚ ਚਿਣਵਾਇਆ ਗਿਆ, 'ਸਰਹੰਦ ਦੀ ਉਹ ਇਤਿਹਾਸਕ ਦੀਵਾਰ' ਕਿਧਰੇ ਨਹੀਂ ਦਿਸਦੀ ਅਤੇ ਨਾ ਹੀ 'ਠੰਢਾ ਬੁਰਜ' ਕਿਧਰੇ ਦਿਖਾਈ ਦਿੰਦਾ ਹੈ। ਗੁਰਦੁਆਰਿਆਂ ਦੇ ਪ੍ਰਬੰਧਕਾਂ ਵੱਲੋਂ ਜਦੋਂ ਏਨੀਆਂ ਮਹਾਨ ਇਤਿਹਾਸਕ ਯਾਦਗਾਰਾਂ ਸੰਗਮਰਮਰ ਹੇਠ ਛੁਪਾ ਦਿੱਤੀਆਂ ਗਈਆਂ ਤਾਂ 'ਖਾਲਸੇ ਦੀ ਝਿੜੀ' ਵਿਚਾਰੀ ਕੀਹਦੇ ਪਾਣੀਹਾਰ ਸੀ? ਉਹ ਫਿਰ ਇਸ 'ਮਾਰ' ਤੋਂ ਕਿਵੇਂ ਬਚ ਸਕਦੀ ਸੀ। ਉੱਥੇ ਕਾਲਜ ਦੀ ਇਮਾਰਤ ਖੜੀ ਕਰ ਦਿੱਤੀ ਗਈ ਹੈ ਅਤੇ ਕਾਲਜ ਦੀ ਉਸਾਰੀ ਸ਼ੁਰੂ ਕਰਨ ਸਮੇਂ ਸੱਭ ਤੋਂ ਪਹਿਲਾਂ ਇਸ ਝਿੜੀ ਦਾ ਨਾਮੋ-ਨਿਸ਼ਾਨ ਮਿਟਾਇਆ ਗਿਆ। .



ਦਸਵੀਂ ਪਾਸ ਕਰਨ ਤੋਂ ਬਾਅਦ ਬਨਵੈਤ ਹੁਰਾਂ ਦੇ ਮਾਪਿਆਂ ਨੇ ਉਨ੍ਹਾਂ ਨੂੰ ਅੱਗੋਂ ਹੋਰ ਪੜ੍ਹਾਉਣ ਦੀ ਬਜਾਏ ਉਨ੍ਹਾਂ ਨੂੰ ਗ੍ਰਿਹਿਸਥ ਆਸ਼ਰਮ ਵਿੱਚ ਦਾਖ਼ਲ ਕਰਵਾਉਂਦਿਆਂ 19 ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਦਾ ਵਿਆਹ ਕਰ ਦਿੱਤਾ। ਸੁਸ਼ੀਲ ਤੇ ਸੁਘੜ-ਸਿਆਣੀ ਬੀਬਾ ਸੁਰਜੀਤ ਕੌਰ ਉਨ੍ਹਾਂ ਦੇ ਜੀਵਨ ਸਾਥੀ ਬਣੇ ਜਿਨ੍ਹਾਂ ਦੀ ਉਮਰ ਉਸ ਸਮੇਂ 17 ਸਾਲ ਸੀ। ਗੁਰਚਰਨ ਬਨਵੈਤ ਹੁਰਾਂ ਦੇ ਦੋ ਵੱਡੇ ਭਰਾ ਬਿਹਾਰ ਦੇ ਸ਼ਹਿਰ ਰਾਂਚੀ ਵਿੱਚ ਟਰੱਕ ਚਲਾਉਂਦੇ ਸਨ। ਉਨ੍ਹਾਂ ਨੂੰ ਉੱਥੇ ਵੱਡੇ ਭਰਾਵਾਂ ਕੋਲ ਭੇਜ ਦਿੱਤਾ ਗਿਆ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ ਆਪਣੇ ਇੱਕ ਜਾਣਕਾਰ ਮੋਟਰ ਮਕੈਨਿਕ ਦੇ ਨਾਲ 'ਹੈੱਲਪਰ' ਰੱਖਵਾ ਦਿੱਤਾ। ਮਕੈਨਕੀ ਦਾ ਕੰਮ ਵੀ ਕੁਝ ਹੱਦ ਤੀਕ ਕਰਨਾ ਆ ਗਿਆ, ਪਰ ਇਸ ਦੇ ਨਾਲ ਉਨ੍ਹਾਂ ਦੇ ਮਨ ਨੂੰ ਸੰਤੁਸ਼ਟੀ ਨਾ ਹੋਈ। ਫਿਰ ਵੱਡੇ ਭਰਾ ਦੇ ਨਾਲ ਟਰੱਕ 'ਤੇ ਚੜ੍ਹ ਪਏ। ਟਰੱਕ ਡਰਾਇਵਰੀ ਸਿੱਖੀ ਪਰ ਜਲਦੀ ਹੀ ਲੰਮੇਂ ਸਫ਼ਰਾਂ ਦੀਆਂ ਦੁਸ਼ਵਾਰੀਆਂ, ਭੁੱਖ, ਤ੍ਰੇਹ ਅਤੇ ਰਾਤਾਂ ਦੇ ਉਨੀਂਦਰਿਆਂ ਨੇ ਇਸ ਪੇਸ਼ੇ ਤੋਂ ਮਨ ਉਚਾਟ ਕਰ ਦਿੱਤਾ ਅਤੇ 1968 ਵਿੱਚ ਰਾਂਚੀ ਛੱਡ ਕੇ ਘਰ ਵਾਪਸ ਆ ਗਏ। ਪਰਿਵਾਰ ਦੇ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕਰਕੇ ਬੰਗਾ ਸ਼ਹਿਰ ਵਿਖੇ ਮੋਟਰ ਮਕੈਨਿਕ ਵਰਕਸ਼ਾਪ ਬਣਾ ਲਈ ਅਤੇ ਨਾਲ ਹੀ ਤੇਲ ਦਾ ਡਿਪੂ ਬਣਾ ਲਿਆ ਪਰ ਇਸ ਕੰਮ ਵਿੱਚ ਵੀ ਮਨ ਪੂਰੀ ਤਰ੍ਹਾਂ ਨਾ ਖੁਭ ਸਕਿਆ। ਇਸਦੀ ਭਟਕਣਾ ਉਵੇਂ ਹੀ ਚੱਲਦੀ ਰਹੀ ਤੇ ਇਹ ਉਦੋਂ ਹੀ ਸ਼ਾਂਤ ਹੋਈ ਜਦੋਂ ਉਹ 1971 ਵਿੱਚ ਕੈਨੇਡਾ ਦੇ ਸ਼ਹਿਰ ਮਾਂਟਰੀਆਲ ਪਹੁੰਚ ਗਏ। ਇੱਥੇ ਆ ਕੇ ਟਰੱਕ ਡਰਾਈਵਰੀ ਸ਼ੁਰੂ ਕੀਤੀ ਅਤੇ ਕੁਝ ਦੇਰ ਬਾਅਦ ਆਪਣਾ ਟਰੱਕ ਲੈ ਲਿਆ। ਪ੍ਰਮਾਤਮਾ ਦੀ ਕਿਰਪਾ ਨਾਲ ਕਾਰੋਬਾਰ ਵਿੱਚ ਵਾਧਾ ਹੁੰਦਾ ਗਿਆ ਅਤੇ ਸਮਾਂ ਪਾ ਕੇ ਟਰੱਕ ਅੱਠ ਹੋ ਗਏ ਤੇ ਆਪਣਾ ਦਫ਼ਤਰ ਵੀ ਬਣਾ ਲਿਆ। 1977 ਵਿੱਚ ਨਾਨਕਸਰ ਸੰਪਰਦਾ ਦੇ ਬਾਬਾ ਹਰਦੇਵ ਸਿੰਘ ਕੋਲੋਂ ਅੰਮ੍ਰਿਤ ਛਕਿਆ ਅਤੇ ਸੁਹਿਰਦਤਾ ਨਾਲ ਸਿੱਖੀ ਮਾਰਗ ਵੱਲ ਚੱਲ ਪਏ। 13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿੱਚ ਮੇਨ ਰੇਲਵੇ ਲਾਈਨ ਦੇ 'ਰੀਗੋ ਬਰਿੱਜ' ਦੇ ਨੇੜੇ ਖੁੱਲ੍ਹੇ ਮੈਦਾਨ ਵਿੱਚ ਨਿਰੰਕਾਰੀਆਂ ਦੀ ਜੱਥੇਬੰਦੀ ਵੱਲੋਂ ਕਰਵਾਈ ਗਈ ਕਾਨਫ਼ਰੰਸ ਦੌਰਾਨ ਭਿਆਨਕ ਗੋ਼ਲੀ ਕਾਂਡ ਵਾਪਰਿਆ ਜਿਸ ਵਿੱਚ 'ਅਖੰਡ ਕੀਰਤਨੀ ਜੱਥੇ' ਦੇ ਆਗੂ ਫ਼ੌਜਾ ਸਿੰਘ ਸਮੇਤ ਇਸ ਜੱਥੇ ਦੇ 14 ਸਿੰਘ ਨਿਰੰਕਾਰੀਆਂ ਵੱਲੋਂ ਚਲਾਈਆਂ ਗਈਆਂ ਗੋ਼ਲੀਆਂ ਨਾਲ ਸਹੀਦ ਹੋ ਗਏ ਸਨ। ਇਸ ਘਟਨਾ ਨਾਲ ਹਰੇਕ ਸਿੱਖ ਦਾ ਹਿਰਦਾ ਵਲੂੰਧਰਿਆ ਗਿਆ ਅਤੇ ਗੁਰਚਰਨ ਸਿੰਘ ਬਨਵੈਤ ਵੀ ਉਨ੍ਹਾਂ ਵਿੱਚੋਂ ਇੱਕ ਸਨ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਖਾੜਕੂ ਸੋਚ ਦਾ ਗੰਭੀਰ ਅਸਰ ਇਨ੍ਹਾਂ ਦੇ ਮਨ 'ਤੇ ਹੋਇਆ । ਅੰਮ੍ਰਿਤਸਰ ਵਿਖੇ ਜੂਨ 1984 ਦੇ ਘੱਲੂਘਾਰੇ ਨਾਲ ਸਿੱਖਾਂ ਦੀ ਭਾਰਤ ਸਰਕਾਰ ਨਾਲ ਨਾਰਾਜ਼ਗੀ ਅਤੇ ਨਫ਼ਰਤ ਹੋਰ ਵੀ ਵੱਧ ਗਈ। ਪੰਜਾਬ ਵਿੱਚ ਸਾਲ ਤੋਂ ਵਧੇਰੇ ਸਮੇਂ ਤੱਕ ਕਰਫ਼ਿਊ ਲੱਗਿਆ ਰਿਹਾ। ਗਰਮ ਖ਼ਿਆਲੀ ਜੱਥੇਬੰਦੀਆਂ ਮੁੜ ਸਰਗਰਮ ਹੋ ਗਈਆਂ ਅਤੇ ਭਾਈ ਤਲਵਿੰਦਰ ਸਿੰਘ ਦੀ ਜੱਥੇਬੰਦੀ ਉਨ੍ਹਾਂ ਮੋਹਰਲੀਆਂ ਜੱਥੇਬੰਦੀ ਵਿੱਚੋਂ ਸੀ। ਬਨਵੈਤ ਸਾਹਿਬ ਦਾ ਝੁਕਾਅ ਇਸ ਜੱਥੇਬੰਦੀ ਵੱਲ ਹੋ ਗਿਆ। ਇਸ ਦੌਰਾਨ ਕੈਨੇਡਾ ਵਿਚਲਾ ਟਰੱਕਾਂ ਵਾਲਾ ਬਿਜ਼ਨੈੱਸ ਭਾਵੇਂ ਕਾਫ਼ੀ ਢਿੱਲਾ ਪੈ ਗਿਆ ਪਰ ਫਿਰ ਵੀ ਉਹ ਇਸ ਜੱਥੇਬੰਦੀ ਨੂੰ ਸਰਦਾ ਬਣਦਾ ਯੋਗਦਾਨ ਦਿੰਦੇ ਰਹੇ। ਜੱਥੇਬੰਦੀ ਦੇ ਕਈ ਮੈਂਬਰ ਉਨ੍ਹਾਂ ਕੋਲ ਉਨ੍ਹਾਂ ਕੋਲ ਆਉਂਦੇ ਅਤੇ ਉਹ ਉਨ੍ਹਾਂ ਨੂੰ ਪ੍ਰਸ਼ਾਦਾ ਪਾਣੀ ਛਕਾਉਂਦੇ। ਉਹ ਕਈ ਵਾਰ ਉਹ ਰਾਤ ਵੀ ਉਨ੍ਹਾਂ ਦੇ ਘਰ ਰਹਿੰਦੇ ਸਨ ਅਤੇ ਉਨ੍ਹਾਂ ਦਾ ਲੈਂਡ-ਲਾਈਨ ਫ਼ੋਨ ਦੀ ਵਰਤੋਂ ਵੀ ਕਰਦੇ ਸਨ।

ਫਿਰ ਜਦੋਂ ਇਸ ਜੱਥੇਬੰਦੀ ਦੇ ਪੰਜ ਸਰਗ਼ਰਮ ਮੈਂਬਰ ਪੋਲੀਸ ਵੱਲੋਂ ਫੜੇ ਗਏ ਤਾਂ ਇੱਕ ਰਾਤ ਪੋਲੀਸ ਨੇ ਬਨਵੈਤ ਹੁਰਾਂ ਨੂੰ ਵੀ ਆਣ ਦਬੋਚਿਆ। ਇਸ ਦੀ ਇੱਥੇ ਸਿੱਖ ਭਾਈਚਾਰੇ ਵਿੱਚ ਉਦੋਂ ਕਾਫ਼ੀ ਚਰਚਾ ਹੋਈ ਅਤੇ ਲੱਗਭੱਗ ਸਾਰਾ ਹੀ ਭਾਈਚਾਰਾ ਉਨ੍ਹਾਂ ਦੀ ਪਿੱਠ 'ਤੇ ਆ ਗਿਆ। ਉਨ੍ਹਾਂ ਸਾਰਿਆਂ ਦੀ ਹਮਦਰਦੀ ਗ੍ਰਿਫ਼ਤਾਰ ਹੋਏ ਸਿੱਖਾਂ ਦੇ ਨਾਲ ਸੀ। ਮੁਕੱਦਮਾ ਸ਼ੁਰੂ ਹੋਇਆ। ਬਨਵੈਤ ਸਾਹਿਬ ਦਾ ਕਸੂਰ ਕੇਵਲ ਏਨਾ ਹੀ ਗਿਣਿਆ ਗਿਆ ਕਿ ਉਸ ਖਾੜਕੂ ਜੱਥੇਬੰਦੀ ਦੇ ਸਿੰਘ ਇਨ੍ਹਾਂ ਦੇ ਘਰ ਆਉਂਦੇ ਸਨ ਅਤੇ ਉੱਥੇ ਪ੍ਰਸ਼ਾਦਾ- ਪਾਣੀ ਛਕਦੇ ਸਨ। ਪੋਲੀਸ ਵੱਲੋਂ ਘਰ ਦੀ ਤਲਾਸ਼ੀ ਲੈਣ ਤੋਂ ਬਾਅਦ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ। ਇਸ ਲਈ ਉਨ੍ਹਾਂ ਨੂੰ ਕੇਵਲ ਇੱਕ ਮਹੀਨੇ ਦੀ ਹੀ ਜੇਲ੍ਹ ਹੋਈ, ਜਦਕਿ ਬਾਕੀ ਮੈਂਬਰਾਂ ਨੂੰ ਪੰਜ-ਪੰਜ ਸਾਲ ਜੇਲ੍ਹ ਦੀ ਸਜ਼ਾ ਦਿੱਤੀ ਗਈ। ਬਨਵੈਤ ਸਾਹਿਬ ਦੱਸਦੇ ਹਨ ਕਿ ਸਿੱਖ ਭਾਈਚਾਰੇ ਦੀ ਉਨ੍ਹਾਂ ਨਾਲ ਏਨੀ ਹਮਦਰਦੀ ਸੀ ਕਿ ਇੱਕ ਕਾਰ ਡੀਲਰ ਅਮਰ ਸਿੰਘ ਸੰਧੂ ਨੇ ਉਨ੍ਹਾਂ ਦੀ 2 ਲੱਖ ਡਾਲਰ ਦੀ ਜ਼ਮਾਨਤ ਦਿੱਤੀ ਅਤੇ ਉਹ ਜੇਲ੍ਹ ਤੋਂ ਬਾਹਰ ਆ ਗਏ। ਪਰ ਕੈਨੇਡੀਅਨ ਪੋਲੀਸ ਗਾਹੇ-ਬਿਗਾਹੇ ਉਨ੍ਹਾਂ ਨੂੰ ਤੰਗ ਕਰਨ ਲੱਗ ਪਈ। ਉਨ੍ਹਾਂ ਉੱਪਰ 'ਟੈਰਰਿਸਟ' ਦਾ ਠੱਪਾ ਲੱਗ ਗਿਆ ਅਤੇ 22 ਸਾਲ ਉਨ੍ਹਾਂ ਨੂੰ ਭਾਰਤ ਜਾਣ ਦੀ ਆਗਿਆ ਨਾ ਦਿੱਤੀ ਗਈ। ਇੱਥੋਂ ਤੱਕ ਕਿ 1995 ਵਿੱਚ ਉਨ੍ਹਾਂ ਨੇ ਨਵਾਂ ਸ਼ਹਿਰ ਵਿਖੇ ਆਪਣੀ ਛੋਟੀ ਬੇਟੀ ਦੇ ਵਿਆਹ ਦਾ ਕਾਰਜ ਰਚਾਉਣ ਲਈ ਜਦੋਂ ਉਹ ਦਿੱਲੀ ਏਅਰਪੋਰਟ 'ਤੇ ਪਹੁੰਚੇ ਤਾਂ ਭਾਰਤੀ ਇਮੀਗਰੇਸ਼ਨ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਦਿੱਲੀ ਤੋਂ ਹੀ ਵਾਪਸ ਕੈਨੇਡਾ ਭੇਜ ਦਿੱਤਾ ਗਿਆ। ਬਨਵੈਤ ਹੁਰੀਂ ਕਹਿੰਦੇ ਹਨ ਕਿ ਭਾਰਤ ਦੀ ਪੱਥਰ-ਦਿਲ ਹਕੂਮਤ ਨੇ ਧੀ ਦੇ ਵਿਆਹ 'ਤੇ ਜਾਣ ਤੋਂ ਰੋਕ ਕੇ ਇਕ ਬਾਪ ਦੀਆਂ ਸੱਧਰਾਂ ਅਤੇ ਅਰਮਾਨਾਂ ਦਾ ਕਤਲ ਕਰ ਦਿੱਤਾ। ਉਹ ਦੱਸਦੇ ਹਨ ਕਿ ਵੱਡੀ ਬੇਟੀ ਦਾ ਵਿਆਹ ਵੀ ਮਾਂਟਰੀਆਲ ਵਿੱਚ ਸਾਧ ਸੰਗਤ ਨੇ ਹੀ ਮਿਲ਼ ਕੇ ਕੀਤਾ, ਕਿਉਂਕਿ ਉਦੋਂ ਵੀ ਉਹ ਕੈਨੇਡਾ ਦੀ ਜੇਲ੍ਹ ਵਿੱਚ ਬੰਦ ਸਨ। ਇਹ ਇੱਕ ਬਾਪ ਲਈ ਕਿੱਡੀ ਵੱਡੀ ਅਤੇ ਅਸਹਿ ਪੀੜਾ ਸੀ।

2021 ਵਿੱਚ ਦਿੱਲੀ ਦੀਆਂ ਬਰੂਹਾਂ 'ਤੇ ਚੱਲਿਆ ਕਿਸਾਨ ਮੋਰਚਾ ਸੰਸਾਰ-ਭਰ ਦੇ ਕਿਸਾਨ ਮੋਰਚਿਆਂ ਨਾਲੋਂ ਸੱਭ ਤੋਂ ਲੰਮਾ ਸਮਾਂ ਚੱਲਿਆ ਮੋਰਚਾ ਸੀ। ਇਸ ਦੌਰਾਨ ਜਿੱਥੇ ਪੰਜਾਬ, ਹਰਿਆਣਾ ਅਤੇ ਦਿੱਲੀ ਦੀਆਂ ਬਹੁਤ ਸਾਰੀਆਂ ਜੱਥੇਬੰਦੀਆਂ ਵੱਲੋਂ ਖਾਣ-ਪੀਣ ਅਤੇ ਹੋਰ ਕਈ ਪ੍ਰਕਾਰ ਦੇ ਲੰਗਰ ਲਗਾਏ ਗਏ ਸਨ, ਉੱਥੇ ਉਨ੍ਹਾਂ ਵੱਲੋਂ ਬਣਾਈ ਗਈ 'ਇੰਟਰਨੈਸ਼ਨਲ ਪੰਜਾਬੀ ਫ਼ਾਊਂਡੇਸ਼ਨ' ਵੱਲੋਂ ਉੱਥੇ 'ਬਦਾਮਾਂ ਦਾ ਲੰਗਰ' ਲਗਾਇਆ ਗਿਆ ਸੀ ਅਤੇ ਇਸਦੀ ਉਹਨੀਂ ਦਿਨੀਂ ਬੜੀ ਚਰਚਾ ਹੋਈ ਸੀ। ਚੱਲ ਰਹੇ ਇਨ੍ਹਾਂ ਮਾੜੇ ਹਾਲਾਤ ਤੋਂ ਨਿਰਾਸ਼ ਹੋ ਕੇ ਗੁਰਚਰਨ ਬਨਵੈਤ ਹੁਰਾਂ ਨੇ 1992 ਵਿੱਚ ਗਰਮਦਲੀ ਜੱਥੇਬੰਦੀਆਂ ਤੋਂ ਕਿਨਾਰਾ ਕਰ ਲਿਆ ਅਤੇ ਉਹ ਇੱਕ ਵੱਖਰੀ ਸੋਚ ਦੇ ਧਾਰਨੀ ਬਣ ਗਏ। ਉਨ੍ਹਾਂ ਦਾ ਧਿਆਨ ਦਰਦਮੰਦਾਂ ਤੇ ਲੋੜਵੰਦਾਂ ਦੀ ਸੇਵਾ ਕਰਨ ਵੱਲੋਂ ਹੋ ਗਿਆ। ਇਸ ਤੋਂ ਪਹਿਲਾਂ ਉਹ ਅੱਠ ਟਰੱਕਾਂ ਦੀ ਕੰਪਨੀ ਦੇ ਮਾਲਕ ਸਨ ਅਤੇ ਆਪਣੇ ਦਫ਼ਤਰ ਵਿੱਚ ਬੈਠ ਕੇ ਆਪਣੇ ਇਸ ਬਿਜ਼ਨੈੱਸ ਨੂੰ ਬਾਖ਼ੂਬੀ ਚਲਾ ਰਹੇ ਸਨ।

ਭਾਈ ਤਲਵਿੰਦਰ ਸਿੰਘ ਦੀ ਖਾੜਕੂ ਜੱਥੇਬੰਦੀ ਨਾਲ ਸਬੰਧ ਰਹੇ ਹੋਣ ਕਾਰਨ ਉਨ੍ਹਾਂ ਭਾਰਤ ਭਾਰਤ ਜਾਣ 'ਤੇ ਪਾਬੰਦੀ ਸੀ। ਇਸ ਲਈ ਉਨ੍ਹਾਂ ਨੇ ਆਪਣੀ 'ਪੰਜਾਬੀ ਇੰਟਰਨੈਸ਼ਨਲ ਫ਼ੈੱਡਰੇਸ਼ਨ' ਰਾਹੀ ਲੋਕ-ਸੇਵਾ ਕਰਨ ਦਾ ਮਨ ਬਣਾ ਲਿਆ ਅਤੇ ਇਹ ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਆਰੰਭ ਕਰ ਲਿਆ। ਉਹ ਉਦੋਂ ਤੋਂ ਹਰ ਸਾਲ ਉੱਥੇ ਜਾਂਦੇ ਹਨ ਅਤੇ ਸਥਾਨਕ ਸਾਥੀਆਂ ਦੀ ਮਦਦ ਨਾਲ ਅੱਖਾਂ ਦੇ ਚੈੱਕ-ਅੱਪ ਤੇ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਆਪਰੇਸ਼ਨਾਂ ਲਈ ਕੈਂਪ ਲਗਾਉਂਦੇ ਹਨ। ਇਨ੍ਹਾਂ ਕੈਂਪਾਂ ਵਿੱਚ ਡਾਕਟਰਾਂ ਦੀਆਂ ਫ਼ੀਸਾਂ ਤੇ ਲੈਂਨਜ਼ ਪਵਾਉਣ, ਮਰੀਜ਼ਾਂ ਲਈ ਦਵਾਈਆਂ, ਐਨਕਾਂ, ਆਦਿ ਦਾ ਖ਼ਰਚਾ ਆਪਣੇ ਪੱਲਿਉਂ ਕਰਦੇ ਹਨ ਅਤੇ ਆਪਰੇਸ਼ਨ ਕਰਵਾਉਣ ਤੋਂ ਬਾਅਦ ਘਰਾਂ ਨੂੰ ਵਾਪਸ ਜਾਣ ਲੱਗਿਆਂ ਉਨ੍ਹਾਂ ਦੀ ਨਕਦ ਸਹਾਇਤਾ ਵੀ ਕਰਦੇ ਹਨ। ਇਸ ਤੋਂ ਇਲਾਵਾ ਉਨਾਂ ਸਰਗੋਧਾ, ਕਰਤਾਰਪੁਰ ਸਾਹਿਬ, ਫ਼ੈਸਲਾਬਾਦ ਅਤੇ ਕਈ ਹੋਰ ਸ਼ਹਿਰਾਂ ਵਿੱਚ ਵੀ ਅੱਖਾਂ ਦੇ ਕੈਂਪ ਲਗਾਉਂਦੇ ਹਨ। ਇਨ੍ਹਾਂ ਕੈਂਪਾਂ ਵਿੱਚੋਂ ਇੱਕ ਦੌਰਾਨ ਹੋਈ ਦਿਲਚਸਪ ਘਟਨਾ ਬਿਆਨ ਕਰਦਿਆਂ ਬਨਵੈਤ ਹੁਰਾਂ ਦੱਸਿਆ ਕਿ 2005 ਵਿੱਚ ਨਨਕਾਣਾ ਸਾਹਿਬ ਵਿਖੇ ਲਗਾਏ ਗਏ ਕੈਂਪ ਵਿੱਚ 842 ਮਰੀਜ਼ਾਂ ਦੇ ਚੈੱਕ-ਅੱਪ ਤੋਂ ਬਾਅਦ ਲੋੜਵੰਦਾਂ ਦੀਆਂ ਅੱਖਾਂ ਦੇ ਓਪਰੇਸ਼ਨ ਹੋ ਚੁੱਕੇ ਸਨ।

ਕੈਂਪ ਦਾ ਕੰਮ ਭਾਵੇਂ ਸਮਾਪਤ ਹੋ ਚੁੱਕਾ ਸੀ ਪਰ ਡਾਕਟਰ ਅਜੇ ਉੱਥੇ ਹੀ ਸਨ। ਉਸ ਸਮੇਂ ਸਾਹੋ-ਸਾਹੀ ਹੋਈ ਇੱਕ ਬਜ਼ੁਰਗ ਮਾਤਾ ਉੱਥੇ ਆਈ। ਜੁੱਤੀ ਉਸਨੇ ਆਪਣੇ ਹੱਥਾਂ ਵਿੱਚ ਫੜੀ ਹੋਈ ਸੀ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਹ ਏਨੀ ਦੇਰੀ ਨਾਲ ਕਿਉਂ ਆਈ ਹੈ ਤਾਂ ਉਹ ਕਹਿਣ ਲੱਗੀ, "ਪੁੱਤ, ਪੈਦਲ ਆਈ ਹਾਂ। ਤੁਰੀ ਤਾਂ ਸਵੇਰ ਦੀ ਹੀ ਆਂ।" ਬਨਵੈਤ ਸਾਹਿਬ ਨੇ ਉਸ ਨੂੰ ਬਿਠਾਇਆ। ਡਾਕਟਰਾਂ ਕੋਲੋਂ ਉਸ ਦੀਆਂ ਅੱਖਾਂ ਦਾ ਚੈੱਕ-ਅੱਪ ਕਰਵਾਇਆ ਅਤੇ ਅੱਖਾਂ ਵਿੱਚ ਪਾਉਣ ਲਈ ਦਾਰੂ ਦਿੱਤਾ ਅਤੇ ਜਾਣ ਲੱਗੀ ਨੂੰ ਕੁਝ ਮਾਇਆ ਅਤੇ ਪਾਣੀ ਦੀ ਬੋਤਲ ਦਿੰਦਿਆਂ ਉਸਨੂੰ ਕਿਹਾ ਕਿ ਉਹ ਪਿੰਡ ਵਾਪਸ ਬੱਸ ਵਿੱਚ ਜਾਵੇ। ਪਾਣੀ ਦੀ ਬੋਤਲ ਵੇਖ ਕੇ ਉਸ ਨੂੰ ਇਸ ਗੱਲੋਂ ਬੜੀ ਹੈਰਾਨੀ ਹੋਈ ਕਿ ਪਾਣੀ ਬੋਤਲਾਂ ਵਿੱਚ ਵੀ ਆਉਂਦਾ ਹੈ। 2022 ਵਿੱਚ ਜਦੋਂ ਪਾਕਿਸਤਾਨ ਦੇ ਵਿੱਚ ਕਈ ਥਾਵਾਂ 'ਤੇ ਜ਼ਬਰਦਸਤ ਹੜ੍ਹ ਆਇਆ ਤਾਂ ਬਨਵੈਤ ਹੁਰਾਂ ਨੇ ਜਦੋਂ ਇਹ ਥਾਵਾਂ ਪਾਣੀ ਵਿੱਚ ਡੁੱਬੀਆਂ ਵੇਖੀਆਂ ਤਾਂ ਉਨ੍ਹਾਂ ਦਾ ਮਨ ਕੁਰਲਾ ਉੱਠਿਆ ਅਤੇ ਉਹ ਹੜ੍ਹ-ਪੀੜਤ ਲੋਕਾਂ ਦੀ ਮਦਦ ਲਈ ਚੱਲ ਪਏ। ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਲਈ ਦਵਾਈਆਂ, ਤੰਬੂ ਅਤੇ ਖਾਣ-ਪੀਣ ਦਾ ਸਮਾਨ ਲੈ ਕੇ ਆਪਣੀ ਟੀਮ ਨਾਲ ਉੱਥੇ ਪਹੁੰਚ ਗਏ। ਉਨ੍ਹਾਂ ਨੂੰ ਇਹ ਚੀਜ਼ਾਂ ਵੰਡਣ ਦੇ ਨਾਲ ਨਾਲ ਉਹ ਉਸ ਸਮੇਂ ਉਨ੍ਹਾਂ ਨੂੰ ਡੇਢ ਕਰੋੜ ਰੁਪਏ ਨਕਦ ਵੀ ਦੇ ਕੇ ਆਏ। ਹੜ੍ਹ-ਪੀੜਤਾਂ ਲਈ ਲੋੜੀਂਦੇ ਸਮਾਨ ਦੀ ਖ਼ਰੀਦ ਉੱਪਰ ਵੀ ਏਨਾ ਕੁ ਖ਼ਰਚ ਤਾਂ ਜ਼ਰੂਰ ਆਇਆ ਹੀ ਹੋਵੇਗਾ।

ਇਸਤੋਂ ਪਹਿਲਾਂ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ 1998 ਵਿੱਚ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਨਾਉਣ ਵਿੱਚ ਵੀ ਉਨ੍ਹਾਂ ਨੇ ਭਰਵਾਂ ਯੋਗਦਾਨ ਪਾਇਆ। ਇਸ ਕਮੇਟੀ ਦੇ ਬਣਨ ਨਾਲ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਹਾਲਤ ਵਿੱਚ ਵੱਡੇ ਪੈਮਾਨੇ 'ਤੇ ਸੁਧਾਰ ਹੋਇਆ। ਇਸ ਤੋਂ ਪਹਿਲਾਂ ਪਾਕਿਸਤਾਨ ਪੋਲੀਸ ਦੇ ਇੱਕ ਅਫ਼ਸਰ ਦੀ ਮਦਦ ਨਾਲ ਉਨ੍ਹਾਂ ਗੁਰਦੁਆਰਾ ਸੱਚਾ ਸੌਦਾ ਸਾਹਿਬ ਦੀ ਇਮਾਰਤ ਉੱਪਰ ਇੱਕ ਪਰਿਵਾਰ ਵੱਲੋਂ ਕੀਤਾ ਗਿਆ ਨਾਜਾਇਜ਼ ਕਬਜ਼ਾ ਛੁਡਵਾਇਆ ਅਤੇ ਇੰਗਲੈਂਡ ਤੋਂ ਗਈ ਸੰਗਤ ਦੇ ਇਕ ਗਰੁੱਪ ਵੱਲੋਂ ਪ੍ਰਾਪਤ ਹੋਈ ਮਾਇਕ ਸਹਾਇਤਾ ਨਾਲ ਇਸ ਦੀ ਸ਼ਾਨ ਮੁੜ ਬਹਾਲ ਕੀਤੀ ਗਈ। 2005 ਵਿੱਚ ਵਿੱਚ ਉਨ੍ਹਾਂ ਵੱਲੋਂ ਕੈਨੇਡਾ ਤੋਂ ਗਏ ਇੱਕ ਗਰੁੱਪ ਦੇ ਨਾਲ ਸ੍ਰੀ ਨਨਕਾਣਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ 'ਸਿੱਖ ਕੌਮ ਤੋਂ ਸਿੱਖ ਧਰਮ ਮਾਰਚ' ਨਾਂ ਹੇਠ ਨਗਰ ਕੀਰਤਨ ਦਾ ਸਫ਼ਲ ਆਯੋਜਨ ਕੀਤਾ ਗਿਆ। ਇਹ ਵੱਖਰੀ ਗੱਲ ਹੈ ਇਸ ਦੌਰਾਨ ਉਨ੍ਹਾਂ ਦੇ ਜੱਥੇ ਦੇ ਦੋ ਮੈਂਬਰ ਹਰਭਜਨ ਸਿੰਘ ਸੈਣੀ ਅਤੇ ਸੁਜੀਤ ਸਿੰਘ ਪਾਹਵਾ ਜੱਥੇ ਵਿੱਚੋਂ ਹੀ ਖਿਸਕ ਗਏ ਜਿਸ ਕਾਰਨ ਬਨਵੈਤ ਸਾਹਿਬ ਦੇ ਭਾਰਤ ਜਾਣ ਉੱਪਰ ਫਿਰ ਸੱਤ ਸਾਲ ਲਈ 'ਬੈਨ' ਲੱਗ ਗਿਆ ਸੀ।

ਗੁਰਚਰਨ ਸਿੰਘ ਬਨਵੈਤ ਇਸ ਸਮੇਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਰਹਿ ਰਹੇ ਹਨ। 78 ਸਾਲ ਦੀ ਉਮਰ ਵਿੱਚ ਵੀ ਉਹ ਰਿਸ਼ਟ- ਪੁਸ਼ਟ ਤੇ ਚੁਸਤ-ਦਰੁੱਸਤ ਦਿਖਾਈ ਦਿੰਦੇ ਹਨ। ਲੋਕ-ਭਲਾਈ ਦੇ ਕੰਮਾਂ ਲਈ ਸਦਾ ਤਤਪਰ ਰਹਿੰਦੇ ਹਨ। ਪਿਛਲੇ ਹਫ਼ਤੇ ਜਦੋਂ ਉਨ੍ਹਾਂ ਦੇ ਨਾਲ ਫ਼ੋਨ 'ਤੇ ਗੱਲ ਹੋਈ ਤਾਂ ਦੱਸ ਰਹੇ ਸਨ ਕਿ ਪਿਛਲੇ ਕੁਝ ਦਿਨਾਂ ਤੋਂ ਪੇਟ ਵਿੱਚ ਕੁਝ ਦਰਦ ਮਹਿਸੂਸ ਹੋ ਰਿਹਾ ਹੈ ਜਿਸ ਦੀ ਉਹ ਦਵਾਈ ਲੈ ਰਹੇ ਹਨ।

ਪ੍ਰਮਾਤਮਾ ਉਨ੍ਹਾਂ ਨੂੰ ਤੰਦਰੁਸਤੀ ਅਤੇ ਲੰਮੀ ਉਮਰ ਬਖ਼ਸ਼ੇ !



ਡਾ. ਸੁਖਦੇਵ ਸਿੰਘ ਝੰਡ
ਫ਼ੋਨ: +1 647-567-9128

## ਰੂਹਾਨੀ ਪੰਜਾਬ

ਵੱਲੋਂ: ਜਸਤੇਜ

ਪੰਜਾਬ ਦੀਆਂ ਪੌਣਾਂ ਦਿੰਦੀਆਂ ਨੇ, ਰੂਹ ਨੂੰ ਅਜਬ ਸਕੂਨ ਜਿਹਾ,
ਇਹ ਇਨਾਇਤ ਹੈ ਉਸ ਮੁਰਸ਼ਦ ਦੀ, ਕੁੱਲ ਦਾ ਕਾਨੂੰਨ ਜਿਹਾ।
ਸਾਗ-ਮੱਕੀ ਦੀਆਂ ਖੁਸ਼ਬੂਆਂ ਵਿੱਚ, ਸ਼ੁਕਰਾਨੇ ਦੀ ਮਹਿਕ ਆਉਂਦੀ ਹੈ,
ਪੰਜਾਂ ਪਾਣੀਆਂ ਦੀ ਇਸ ਬੰਦਗੀ ਵਿੱਚ, ਨਾਮ 'ਜਸਤੇਜ' ਦਾ ਰੂਹ ਨੂੰ ਭਾਉਂਦੀ ਹੈ।
ਸਰ੍ਹੋਂ ਦੇ ਫੁੱਲਾਂ ਦੀ ਪੀਲ਼ੀ ਚਾਦਰ, ਜਿਉਂ ਨੂਰ-ਏ-ਇਲਾਹੀ ਉੱਤਰਿਆ ਹੋਵੇ,
ਕਿਸੇ ਆਸ਼ਿਕ-ਏ-ਸਾਦਿਕ ਦੀ ਰੂਹ ਨੇ, ਅੰਬਰ ਦਾ ਸੁਰਮਾ ਲਿਖਿਆ ਹੋਵੇ।
ਗੱਭਰੂਆਂ ਦੀ ਗੈਰਤ ਤੇ ਮੁਟਿਆਰਾਂ ਦੀ ਹਯਾ ਮਿਸਾਲ ਬਣਦੀ ਹੈ,
ਇਸ ਪਾਕ ਮਿੱਟੀ ਦੀ ਤਾਸੀਰ,ਦੁਨੀਆ ਵਿੱਚ ਕਮਾਲ ਬਣਦੀ ਹੈ।
ਬਾਪੂ ਦੇ ਹੱਥਾਂ ਦੀਆਂ ਤਿੜਾਂ, ਜਿਉਂ ਕਿਸਮਤ ਦੇ ਕਸੀਦੇ ਹੋਣ,
ਮਿਹਨਤ ਦੀ ਇਬਾਦਤ ਕਰਕੇ ਹੀ, ਇੱਥੇ ਖੁਸ਼ੀਆਂ ਦੇ ਸਫੀਦੇ ਹੋਣ।
ਕੱਚੇ ਕੋਠੇ ਤੇ ਨਿੰਮ ਦੇ ਹੇਠਾਂ, ਜਦੋਂ ਮਜਲਿਸ ਯਾਦਾਂ ਦੀ ਜੁੜਦੀ ਹੈ,
ਉਸ ਪੁਰਾਣੇ ਵੇਲੇ ਦੀ ਲੱਜ਼ਤ, ਮੁੜ ਰੂਹ ਦੇ ਵੱਲ ਮੁੜਦੀ ਹੈ।
ਚਾਟੀ ਦੀ ਉਹ ਘੂਕਰ ਜਿਵੇਂ, ਕੋਈ ਅੱਲ੍ਹਾ ਦਾ ਨਾਮ ਉਚਾਰਦੀ ਹੋਵੇ,
ਤੇ ਪਿੱਪਲਾਂ ਦੀ ਉਹ ਠੰਢੀ ਛਾਂ, ਥੱਕੇ ਰਾਹੀਆਂ ਨੂੰ ਪੁਚਕਾਰਦੀ ਹੋਵੇ।
ਰੱਬਾ ਸਲਾਮਤ ਰੱਖੀਂ ਤੂੰ, ਇਸ ਵਿਰਸੇ ਦੀ ਪਾਕੀਜ਼ਗੀ ਨੂੰ,
'ਜਸਤੇਜ' ਕਲਮ ਨਾਲ ਸਿਜਦਾ ਕਰੇ, ਪੰਜਾਬ ਦੀ ਇਸ ਆਜ਼ਾਦਗੀ ਨੂੰ।

LEGAL & BUSINESS SOLUTIONS FOR NRI'S
Property ▪ Family ▪ Business ▪ Taxation Matters
ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ

- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ

- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ

- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team

OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW
Shift Available
Morning
Afternoon
Night

Send your resume
disptach.accesspersonnel@gmail.com
Contact: 416-675-2288


## ਸੱਚੀ ਘਟਨਾ ਤੇ ਅਧਾਰਿਤ ਕਹਾਣੀ

# ਵੇ ਪੁੱਤ ਆਜਾ ਇੱਕ ਵਾਰੀ...

ਉਹ ਕੋਈ ਖਾਸ ਸੋਹਣੀ ਨਹੀਂ ਸੀ। ਕਣਕ ਵੰਨਾ ਜਿਹਾ ਰੰਗ, ਗੋਲ ਚਿਹਰਾ, ਬਸ ਉਵੇਂ ਹੀ ਸੀ, ਜਿਵੇਂ ਦੀਆਂ ਆਮ ਕੁੜੀਆਂ ਹੁੰਦੀਆਂ ਲ ਇੱਕ ਗੱਲ ਖਾਸ ਸੀ, ਓਹ ਸੀ ਉਸਦੀ ਲੰਮੀ ਗੁੱਤ, ਜਿਸ ਕਰਕੇ ਉਸਦੀਆਂ ਕੁੜੀਆਂ 'ਚ ਬੜੀ ਟੌਹਰ ਸੀ। ਤੁਰਦੀ ਦੇ ਗੁੱਤ ਨੂੰ ਵਲ ਪੈ – ਪੈ ਜਾਂਦੇ ਸੀ ਲ ਸਿਰ ਤੇ ਚੁੰਨੀ ਰੱਖਣੀ ਉਸਦਾ ਨੇਮ ਸੀ, ਜਿਸ ਕਰਕੇ ਓਹ ਆਪਣੀਆਂ ਸਹੇਲੀਆਂ 'ਚ ਸਰਦਾਰਨੀ ਸੀ।

ਚਾਰ ਭੈਣਾਂ 'ਚੋਂ ਸਭ ਤੋਂ ਛੋਟੀ ਸੀ। ਬੜਾ ਰੋਏ ਸੀ ਮਾਂ – ਬਾਪ ਉਸਦੇ ਜਨਮ ਵੇਲੇ, ਕਿਉਂ ਕਿ ਉਹ ਤਿੰਨ ਧੀਆਂ ਪਿੱਛੋਂ ਪੁੱਤ ਚਾਹੁੰਦੇ ਸੀ। ਉਸਦੀ ਨਾਨੀ ਨੇ ਮਾਂ–ਬਾਪ ਨੂੰ ਘੂਰਦੇ ਹੋਏ ਕਿਹਾ ਸੀ, "ਖ਼ਬਰਦਾਰ ਜੇ ਰੋਏ ਤਾਂ, ਮੇਰੇ ਤੋਂ ਬੁਰਾ ਕੋਈ ਨਹੀਂ ਹੋਣਾ ਫਿਰ, ਕਹਿੰਦੇ ਧੀ ਦੇ ਕਰਮ ਧੋਤੇ ਜਾਂਦੇ ਆ ਰੋਏ ਤੋਂ। ਕੋਈ ਨਾ ਚੁੱਪ ਕਰੋ, ਕਰਮਾਵਾਲੀ ਹਊਗੀ ਸੋਡੀ ਕੁੜੀ ਤਾਂ"।

ਮਾਂ ਨੇ ਰੋਂਦੀ ਨੂੰ ਛੱਡ ਕੇ ਘਰਦੇ ਕੰਮ ਕਰਦੀ ਰਹਿਣਾ, ਤੇ ਬਾਪ ਨੇ ਖੇਤ ਤੁਰ ਜਾਣਾ। ਦਾਦੀ ਨੇ ਹੀ ਪਾਲਿਆ ਸੀ ਉਸਨੂੰ ਪਰ ਤਿੰਨ ਸਾਲ ਬਾਅਦ ਉਸਦੀ ਵੀ ਸੁਣੀ ਗਈ ਜਦੋਂ ਮਾਂ ਨੇ ਪੰਜਵੇਂ ਬੱਚੇ ਨੂੰ ਜਨਮ ਦਿੱਤਾ ਤੇ ਓਹ ਵੀ ਪੁੱਤ ਨੂੰ। ਮਾਂ– ਬਾਪ ਦੇ ਤਾਂ ਧਰਤੀ 'ਤੇ ਪੈਰ ਨਹੀਂ ਸਨ ਲੱਗ ਰਹੇ। ਦਾਦੀ ਨੇ ਬਾਂਹ ਤੋਂ ਫੜ੍ਹ ਕੇ ਨੇੜੇ ਕਰਦੀ ਨੇ ਕਿਹਾ, "ਦੇਖ ਪੁੱਤ ਤੂੰ ਕਿੰਨੇ ਕਰਮਾਂਵਾਲੀ ਏ, ਵੀਰੇ ਨੂੰ ਲੈ ਆਈ ਏ ਬਾਂਹ ਤੋਂ ਫੜ੍ਹ ਕੇ। ਮਾਂ– ਬਾਪ ਨੇ ਵੀ ਬੜੀ ਖੁਸ਼ੀ ਤੇ ਚਾਅ ਨਾਲ ਉਸ ਵੱਲ ਦੇਖਿਆ ਸੀ। ਉਸ ਦਿਨ ਤੋਂ ਬਾਅਦ ਉਸਦੀ ਵੀ ਸੁਣੀ ਜਾਣ ਲੱਗੀ ਲਈ ਪਹਿਲਾਂ ਦਾਦੀ ਲਾਡੋ ਕਹਿੰਦੀ ਸੀ ਉਸਨੂੰ, ਹੁਣ ਮਾਂ–ਬਾਪ ਵੀ ਲਾਡੋ ਹੀ ਕਹਿਣ ਲੱਗ ਗਏ ਸਨ, ਭਰਾ ਨੂੰ ਜੋ ਲੈ ਆਈ ਸੀ। ਵੱਡੀ ਭੈਣ ਨੇ ਲਾਡੋ ਅਤੇ ਉਸਦੇ ਭਰਾ ਮੀਤੇ ਨੂੰ ਸਾਂਭਣਾ ਸ਼ੁਰੂ ਕਰ ਦਿੱਤਾ ਸੀ, ਕਿਉਂ ਓਹ ਮੀਤੇ ਤੋਂ 11 ਸਾਲ ਵੱਡੀ ਸੀ ਤੇ ਲਾਡੋ ਤੋਂ 8 ਸਾਲ ਵੱਡੀ ।



ਲਾਡੋ ਪੜ੍ਹਾਈ ਵਿਚ ਬੜੀ ਹੁਸ਼ਿਆਰ ਨਿਕਲੀ। ਹਰ ਸਾਲ ਵਧੀਆ ਨੰਬਰ ਲੈ ਕੇ ਪਾਸ ਹੁੰਦੀ ਸੀ। ਜਿਵੇਂ–ਜਿਵੇਂ ਵੱਡੀ ਹੁੰਦੀ ਗਈ ਉਸਦਾ ਰੂਪ ਨਿਖਰਦਾ ਆਇਆ ਤੇ ਉਹ ਬੜੀ ਸੋਹਣੀ–ਸੁਨੱਖੀ ਮੁਟਿਆਰ ਬਣ ਗਈ ਸੀ, +2 ਤੋਂ ਬਾਅਦ ਲਾਡੋ ਨੂੰ ਘਰ ਬਿਠਾ ਲਿਆ ਗਿਆ, ਕਿਉਂਕਿ ਉਸਦੀਆਂ ਵੱਡੀਆਂ ਭੈਣਾਂ ਨੂੰ ਵੀ +2 ਹੀ ਕਰਾਇਆ ਗਿਆ ਸੀ, ਤੇ ਉਹ ਵਿਆਹ ਦਿੱਤੀਆਂ ਸੀ, ਹੁਣ ਲਾਡੋ ਦਾ ਵਿਆਹ ਕਰਨ ਲਈ ਮੁੰਡਾ ਲੱਭਿਆ ਜਾ ਰਿਹਾ ਸੀ। ਉਸਨੂੰ ਘੁੰਮਣ ਫਿਰਨ ਦਾ ਬਹੁਤ ਸ਼ੌਂਕ ਸੀ, ਇਸ ਲਈ ਉਸਨੇ ਆਪਣੀ ਮੰਮੀ ਨੂੰ ਦਬਵੀਂ ਆਵਾਜ਼ ਵਿਚ ਫੌਜੀ ਮੁੰਡਾ ਲੱਭਣ ਲਈ ਕਹਿ ਦਿੱਤਾ ਸੀ।

ਲਾਡੋ ਲਈ ਉਸਦੇ ਪਾਪਾ ਨੇ ਫੌਜੀ ਮੁੰਡਾ ਹੀ ਲੱਭਿਆ ਸੀ। ਮਾਪਿਆਂ ਦਾ ਕੱਲਾ–ਕੱਲਾ ਉੱਚਾ–ਲੰਮਾ ਗੱਭਰੂ ਸੀ ਬਲਕਾਰ ਸਿੰਘ। ਦੋਵਾਂ ਦੀ ਜੋੜੀ ਬਹੁਤ ਜੱਚਦੀ ਸੀ। ਜਦੋਂ ਵੀ ਲਾਡੋ ਤੇ ਬਲਕਾਰ ਛੁੱਟੀ ਕੱਟਣ ਪਿੰਡ ਆਓਂਦੇ ਤਾਂ ਬਲਕਾਰ ਦੀ ਮਾਂ ਮਿਰਚਾਂ ਵਾਰ ਕੇ ਨਜ਼ਰ ਜ਼ਰੂਰ ਉਤਾਰਦੀ ਸੀ। ਬਲਕਾਰ ਨੇ ਕਹਿਣਾ, "ਬੀਬੀ ਕੁਝ ਨਹੀਂ ਹੁੰਦਾ ਸਾਨੂੰ ਤੇਰੇ ਹੁੰਦੇ ਹੋਏ, ਐਵੇਂ ਨਾ ਮਿਰਚਾਂ ਮਹਿੰਗੀਆਂ ਕਰਿਆ ਕਰ"।

ਬੀਬੀ ਨੇ ਫਿਕਰਮੰਦ ਹੁੰਦੀ ਹੋਈ ਨੇ ਕਹਿਣਾ, " ਨਾ ਮੇਰਾ ਪੁੱਤ, ਲੋਕਾਂ ਦੀਆਂ ਚੰਦਰੀਆਂ ਨਜ਼ਰਾਂ ਤਾਂ ਪੱਥਰ ਪਾੜ ਦਿੰਦੀਆਂ ਨੇ ਪੁੱਤ, ਮੇਰੇ ਨੂੰਹ–ਪੁੱਤ ਦੀ ਜੋੜੀ ਦੇਖ ਦੇਖ ਤਾਂ ਲੋਕ ਹੌਂਕੇ ਭਰਦੇ ਰਹਿੰਦੇ ਆ"।

"ਤੇਰਾ ਭੁਲੇਖਾ ਬੀਬੀ, ਤੇਰੇ ਨੂੰਹ–ਪੁੱਤ ਕਿਹੜਾ ਦੁਨੀਆਂ ਤੋਂ ਅਲਹਿਦੇ ਆ" ਲਾਡੋ ਨੇ ਹੱਸ ਕੇ ਕਹਿਣਾ ਤਾਂ ਮਾਂ ਨੇ ਉਸਦੇ ਕੰਨ ਪਿਛੇ ਕਾਲਾ ਟਿੱਕਾ ਵੀ ਲਾ ਦੇਣਾ ਲ ਇੰਝ ਹੀ ਹੱਸਦੇ – ਖੇਡਦੇ ਛੁਟੀਆਂ ਲੰਘ ਜਾਂਦੀਆਂ ਸੀ।

ਲਾਡੋ ਤੇ ਬਲਕਾਰ ਦੇ ਵਿਆਹ ਨੂੰ ਸੱਤ ਸਾਲ ਹੋ ਗਏ ਸਨ ਤੇ ਦੋ ਫੁੱਲ ਅਰਸ਼ਦੀਪ ਕੌਰ ਤੇ ਸ਼ਹਿਬਾਜ ਸਿੰਘ ਉਹਨਾਂ ਦੇ ਵਿਹੜੇ ਖਿੜ ਗਏ ਸਨ। ਬਹੁਤ ਸੋਹਣਾ ਪਰਿਵਾਰ ਸੀ ਉਹਨਾਂ ਦਾ। ਹੌਲੀ–ਹੌਲੀ ਦਿਨ ਬੀਤਦੇ ਗਏ ਤੇ ਬਲਕਾਰ ਸਿੰਘ ਦੀ ਰਿਟਾਇਰਮੈਂਟ ਦਾ ਸਮਾਂ ਵੀ ਨੇੜੇ ਆ ਰਿਹਾ ਸੀ, ਪਰ ਜੋ ਭਾਵੀ ਵਰਤੀ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ।

ਲਾਡੋ ਨੇ ਪੂਰਾ ਧਿਆਨ ਆਪਣੇ ਬੱਚਿਆਂ ਤੇ ਹੀ ਲਾ ਦਿੱਤਾ। ਮਾਂ–ਬਾਪ ਤੇ ਬੋਝ ਬਣਨਾ ਉਸ ਨੂੰ ਚੰਗਾ ਨਾ ਲੱਗਿਆ, ਇਸ ਲਈ ਉਹ ਆਪਣੇ ਹੀ ਪਿੰਡ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਲੱਗ ਗਈ, ਤਨਖਾਹ ਭਾਵੇਂ ਥੋੜੀ ਹੀ ਸੀ ਪਰ ਉਸ ਦੇ ਬੱਚਿਆਂ ਦੀ ਫੀਸ ਭਰੀ ਜਾ ਸਕਦੀ ਸੀ। ਬੱਚੇ ਵੀ ਬਹੁਤ ਸਿਆਣੇ ਸਨ ਉਸ ਦੇ, ਲੋੜ ਤੋਂ ਵੱਧ ਖਰਚਾ ਨਹੀਂ ਸੀ ਕਰਦੇ ਮਾਂ ਅੱਗੇ ਕਦੇ ਜਿੱਦ ਨਹੀਂ ਸਨ ਕਰਦੇ। ਉਹ ਆਪਣੀ ਮੰਮੀ ਦੇ ਹਾਲਾਤਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਉਸ ਦਾ ਬੇਟਾ ਤਾਂ ਉਸ ਬਿਨਾਂ ਸਾਹ ਵੀ ਨਹੀਂ ਸੀ ਲੈਂਦਾ। ਹੁਣ ਉਹ ਵੱਡਾ ਹੋ ਗਿਆ ਸੀ, ਯਾਰਾਂ–ਦੋਸਤਾਂ ਨਾਲ ਕਿਸੇ ਪਾਰਟੀ ਜਾਂ ਵਿਆਹ ਤੇ ਜਾਂਦਾ ਤਾਂ ਭੁੱਖਾ ਆ ਜਾਂਦਾ ਸੀ, ਕਿਉਂਕਿ ਉਸ ਨੂੰ ਪਤਾ ਸੀ ਕਿ ਉਸ ਦੇ ਬਿਨ੍ਹਾਂ ਉਸ ਦੀ ਮੰਮੀ ਨੇ ਭੁੱਖੀ ਰਹਿਣਾ ਹੈ। ਘਰ ਆ ਕੇ ਤਿੰਨੇ ਮਾਂ–ਪੁੱਤ ਇੱਕਠੇ ਰੋਟੀ ਖਾਂਦੇ ਸਨ ਤੇ ਕਿੰਨੀਆਂ ਹੀ ਨਿੱਕੀਆਂ–ਨਿੱਕੀਆਂ ਗੱਲਾਂ ਕਰਦੇ ਸੌਂ ਜਾਂਦੇ।

ਹੁਣ ਬੇਟਾ +2 ਵਿੱਚ ਪੜ ਰਿਹਾ ਸੀ, ਲਾਡੋ ਸੋਚਦੀ ਸੀ ਕਿਸੇ ਉਚੇਰੀ ਪੜ੍ਹਾਈ ਲਈ ਉਸ ਨੂੰ ਵਿਦੇਸ਼ ਭੇਜ ਦੇਵਾ।

ਇੱਕ ਦਿਨ ਸਕੂਲ ਤੋਂ ਫੋਨ ਆਇਆ, "ਤੁਹਾਡੇ ਬੇਟੇ ਦੇ ਪੇਟ ਵਿੱਚ ਬਹੁਤ ਤੇਜ਼ ਦਰਦ ਹੋ ਰਿਹਾ ਹੈ, ਛੇਤੀ–ਛੇਤੀ ਸਕੂਲ ਪਹੁੰਚੋ "ਲਾਡੋ ਦੀ ਤਾਂ ਖੜੀ ਦੀ ਹੀ ਜਾਨ ਨਿਕਲ ਗਈ, 15 ਸਾਲ ਪਹਿਲਾਂ ਅਜਿਹਾ ਹੀ ਦਰਦ ਫੌਜੀ ਦੇ ਪੇਟ ਵਿੱਚ ਉੱਠਿਆ ਸੀ ਤੇ ਉਸਨੂੰ ਉਹਨਾਂ ਤੋਂ ਖੋਹ ਕੇ ਲੈ ਗਿਆ ਸੀ। ਲਾਡੋ ਨੇ ਆਪਣੇ ਡੈਡੀ ਨੂੰ ਨਾਲ ਲਿਆ ਤੇ ਛੇਤੀ ਸਕੂਲ ਪਹੁੰਚੀ, ਜਿਥੇ ਬੇਟਾ ਦਰਦ ਨਾਲ ਤੜਫ ਰਿਹਾ ਸੀ। ਉਸ ਨੂੰ ਗੱਡੀ ਵਿੱਚ ਪਾ ਕੇ ਹਸਪਤਾਲ ਲਿਆਇਆ ਗਿਆ। ਲਾਡੋ ਰੋਈ ਜਾ ਰਹੀ ਸੀ ਤੇ ਰੱਬ ਅੱਗੇ ਅਰਦਾਸ ਕਰ ਰਹੀ ਸੀ, " ਵਾਹਿਗੁਰੂ ਭਲੀ ਕਰੀ, ਮੇਰੇ ਪੁੱਤ ਨੂੰ ਕੁਝ ਨਾ ਹੋਵੇ" ਰੋਂਦੀ ਲਾਡੋ ਨੂੰ ਬਾਪ ਵਾਰ ਵਾਰ ਚੁੱਪ ਕਰਾਂ ਰਿਹਾ ਸੀ, ਐਨੇ ਨੂੰ ਡਾ ਦਾ ਦਰਵਾਜ਼ਾ ਖੁੱਲਿਆ...।

ਡਾ. ਨੇ ਦੱਸਿਆ ਕੇ ਲਾਡੋ ਦੇ ਬੇਟੇ ਨੂੰ ਕੈਂਸਰ ਹੈ, ਜਿਸ ਰਾਹ ਦਾ ਪਾਂਧੀ ਬਾਪ ਬਣ ਗਿਆ ਸੀ ਬੇਟੇ ਨੇ ਵੀ ਉਸ ਰਾਹ ਨੂੰ ਹੀ ਚੁਣ ਲਿਆ ਸੀ। ਲਾਡੋ ਤਾਂ ਜਿਓਂਦੀ ਮਰ ਗਈ ਸੀ। ਬਹੁਤ ਭੱਜੀ ਓਹ ਆਪਣੇ ਬੇਟੇ ਨੂੰ ਲੈ ਕੇ, ਕਦੇ ਕਿਸੇ ਹਸਪਤਾਲ ਕਦੇ ਕਿਸੇ ਡਾਕਟਰ ਕੋਲ, ਕਦੇ ਕਿਸੇ ਵੈਦ ਕੋਲ। ਉਹ ਹਰ ਹੀਲੇ ਆਪਣੇ ਬੇਟੇ ਨੂੰ ਬਚਾ ਲੈਣਾ ਚਾਹੁੰਦੀ ਸੀ, ਕਿਉਂਕਿ ਹੁਣ ਬੱਚੇ ਹੀ ਤਾਂ ਸਨ ਉਸਦੇ ਜਿਓਣ ਦਾ ਜ਼ਰੀਆ, ਉਹਨਾਂ ਲਈ ਹੀ ਉਸਨੇ ਪਤੀ ਦੇ ਜਾਣ ਬਾਅਦ ਆਪਣੀ ਜ਼ਿੰਦਗੀ ਦੀ ਦੁਬਾਰਾ ਸ਼ੁਰੂਆਤ ਕੀਤੀ ਸੀ। ਹੁਣ ਤਾਂ ਬੱਚਿਆਂ ਵਿੱਚ ਹੀ ਉਸ ਦੀ ਜਾਨ ਵੱਸਦੀ ਸੀ, ਉਹਨਾਂ ਬਿਨ੍ਹਾਂ ਤਾਂ ਉਹ ਆਪਣੇ ਵਜ਼ੂਦ ਬਾਰੇ ਸੋਚ ਹੀ ਨਹੀਂ ਸੀ ਸਕਦੀ।

ਇੱਕ ਦਿਨ ਪੀ.ਜੀ.ਆਈ. 'ਚ ਪਿਆ ਕਹਿੰਦਾ, "ਮੰਮਾ ਮੈਂ ਹੁਣ ਥੋੜ੍ਹੇ ਟਾਈਮ ਬਾਅਦ ਡੈਡੀ ਕੋਲ ਚਲੇ ਜਾਣਾ ਏ, ਤੁਸੀਂ ਕੋਈ ਸੁਨੇਹਾ ਦੇਣਾ ਡੈਡੀ ਨੂੰ ਤਾਂ ਦੱਸ ਦਿਉ, ਮੈਂ ਤੁਹਾਡਾ ਸੁਨੇਹਾ ਦੇ ਦਿਊ "ਲਾਡੋ ਨੇ ਉਸ ਦੇ ਮੂੰਹ 'ਤੇ ਹੱਥ ਰੱਖ ਦਿੱਤਾ ਤੇ ਰੋਣ ਲੱਗ ਗਈ, ਫਿਰ ਕਹਿੰਦਾ, "ਮੰਮਾ ਤੁਸੀਂ ਰੋਵੋ ਨਾ ਮੈਂ ਤੇ ਡੈਡੀ ਰੱਬ ਕੋਲ ਬੇਨਤੀ ਕਰਾਂਗੇ ਵੀ ਤੁਹਾਨੂੰ ਤੇ ਛੋਟੀ ਨੂੰ ਕੋਈ ਤਕਲੀਫ਼ ਨਾ ਦੇਵੇ, ਰੱਬ ਸਾਡੀ ਗੱਲ ਮੰਨ ਲਵੇਗਾ"।

"ਬਸ ਕਰ ਬੇਟੇ, ਬਸ ਕਰ, ਕਿਤੇ ਨਹੀਂ ਜਾਣ ਦੇਣਾ ਮੈਂ ਤੈਨੂੰ, ਆਪਣੇ ਕੋਲ ਹੀ ਰੱਖਾਂਗੀ"

"ਲੈ ਆਏ ਕਿਵੇਂ, ਰੱਬ ਨੇ ਲੈ ਜਾਣਾ ਮੈਨੂੰ ਡੈਡੀ ਕੋਲ"

"ਨਹੀਂ ਮੈਂ ਰੱਬ ਨਾਲ ਲੜ ਪਵਾਂਗੀ, ਪਰ ਤੈਨੂੰ ਲਿਜਾਣ ਨਹੀਂ ਦੇਵਾਂਗੀ, ਪਹਿਲਾਂ ਰੱਬ ਤੇਰੇ ਡੈਡੀ ਨੂੰ ਲੈ ਗਿਆ ਹੁਣ ਤੈਨੂੰ ਨਹੀਂ ਲਿਜਾਣ ਦੇਣਾ"

ਪਰ ਲਾਡੋ ਨੂੰ ਪਤਾ ਸੀ ਬੇਟਾ ਟਿੱਬੇ ਦੇ ਰੇਤ ਵਾਂਗ ਹੌਲੀ–ਹੌਲੀ ਉਸਦੇ ਹੱਥਾਂ 'ਚੋਂ ਕਿਰ ਰਿਹਾ ਸੀ ਤੇ ਅੰਤ ਉਹ ਦਿਨ ਵੀ ਆ ਗਿਆ ਕੇ ਲਾਡੋ ਦਾ ਇੱਕ ਹੋਰ ਸਹਾਰਾ ਉਸਦਾ ਲਾਡਲਾ ਉਸਨੂੰ ਰੋਂਦੀ ਛੱਡ ਕਿ ਚਲਾ ਗਿਆ, ਅੱਜ ਲਾਡੋ ਜਿਓ ਤਾਂ ਰਹੀ ਏ ਪਰ ਬਿਨਾਂ ਕਿਸੇ ਆਸ ਦੇ।

ਇਹ ਕਹਾਣੀ ਇੱਕ ਸੱਚੀ ਘਟਨਾ ਤੇ ਅਧਾਰਿਤ ਸੀ।

ਲਿਖਤ–ਰਾਜਦੀਪ ਕੌਰ ਖਾਲਸਾ

# ਬਾਪੂ...ਤੇਰੀ ਧੀ ਨਹੀਂ, ਤੇਰਾ ਪੁੱਤ ਆ...



ਗੱਲ 2017 ਦੀ ਆ, ਉਸ ਵੇਲੇ ਜਾਗਰ ਦੀ ਕੁੜੀ ਦੇ ਆਈਲੈਟਸ ਵਿੱਚੋਂ ਸੱਤ ਬੈਂਡ ਆਇਆਂ ਨੂੰ ਹਾਲੇ ਸੱਤ ਦਿਨ ਹੋਏ ਸਨ...ਇੰਨ੍ਹਾਂ ਸੱਤਾਂ ਦਿਨਾਂ ਵਿੱਚ ਉਹ ਆਪਣੀ ਬੇਟੀ ਲਈ ਆਏ ਸੈਂਕੜੇ ਰਿਸ਼ਤੇ ਮੋੜ ਚੁੱਕਾ ਸੀ..ਕਿਉਂਕਿ ਉਹ ਆਪਣੀ ਬੇਟੀ ਅਤੇ ਉਸਦੀ ਪੜ੍ਹਾਈ ਦਾ ਮੁੱਲ ਨਹੀਂ ਵੱਟਣਾ ਚਾਹੁੰਦਾ ਸੀ।

ਉਸਨੇ ਆਪਣੀ ਬੇਟੀ ਨੂੰ ਪੁੱਤਾਂ ਵਾਂਗੂ ਪਾਲਿਆ ਸੀ ਅਤੇ ਉਸਦੀ ਬੇਟੀ ਨੇ ਵੀ ਆਪਣੇ ਬਾਬਲ ਦੀ ਇੱਜ਼ਤ ਉਪਰ ਕਦੇ ਆਂਚ ਨਹੀਂ ਆਉਣ ਦਿੱਤੀ ਸੀ....ਅੱਜ ਉਹ ਬਹੁਤ ਖੁਸ਼ ਸੀ ਕਿਉਂਕਿ ਉਸਦੀ ਬੇਟੀ ਨੇ ਆਪਣੀ ਮਿਹਨਤ ਸਦਕਾ ਇੱਕ ਮੁਕਾਮ ਹਾਸਲ ਕੀਤਾ ਸੀ।

ਅੱਜ ਵੱਡੇ–ਵੱਡੇ ਘਰਾਂ ਦੇ ਉੱਚੇ ਅਹੁਦੇ ਉਪਰ ਬੈਠੇ ਲੋਕ ਉਸਦੇ ਘਰ ਨਾਲ ਆਪਣਾ ਰਿਸ਼ਤਾ ਜੋੜਨਾ ਚਾਹੁੰਦੇ ਸਨ,,,,ਬੇਸ਼ੱਕ ਜਾਗਰ ਕੋਲ ਇੰਨੇ ਪੈਸੇ ਨਹੀਂ ਸਨ ਕਿ ਉਹ ਆਪਣੀ ਬੇਟੀ ਨੂੰ ਵਿਦੇਸ਼ ਪੜ੍ਹਨ ਲਈ ਭੇਜ ਸਕਦਾ.. ਪਰ ਉਸਦੀ ਜ਼ਮੀਰ ਇਜ਼ਾਜਤ ਨਹੀਂ ਦਿੰਦੀ ਸੀ ਕਿ ਉਹ ਆਪਣੀ ਬੇਟੀ ਨੂੰ ਕਿਸੇ ਨਲਾਇਕ 'ਤੇ ਨਿਖੱਟੂ ਪੱਲੇ ਪਾ ਦਿੰਦਾ।

ਉਸਨੇ ਆਪਣੀ ਬੇਟੀ ਦੇ ਭਵਿੱਖ ਲਈ ਆਪਣੀ ਜੱਦੀ ਜ਼ਮੀਨ ਦਾ ਟੁੱਕੜਾ ਆੜ੍ਹਤੀਏ ਕੋਲ ਵੇਚ ਦਿੱਤਾ ਸੀ ਅਤੇ ਆਪਣੀ ਬੇਟੀ ਦੇ ਵਿਦੇਸ਼ ਕਾਲਜ ਵਿੱਚ ਫੀਸ ਭਰ ਦਿੱਤੀ ਸੀ ਅਤੇ ਉਸਦਾ ਵੀਜ਼ਾ ਆ ਗਿਆ ਸੀ।

ਉਸਦੇ ਜਾਣ ਦਾ ਵੇਲਾ ਸੀ...ਜਾਗਰ ਬਹੁਤ ਉਦਾਸ ਹੋ ਗਿਆ ਸੀ..ਉਸਨੂੰ ਦੇਖ ਉਸਦੀ ਬੇਟੀ ਬੋਲੀ ਕਿ ਬਾਪੂ ਉਦਾਸ ਕਿਉਂ ਏ ਅੱਜ ਤਾਂ ਖੁਸ਼ ਹੋ ਮੈਂ ਤੇਰਾ ਪੁੱਤ ਬਣ ਕੇ ਤੇਰੇ ਸੁਫਨੇ ਪੂਰੇ ਕਰਨ ਲਈ ਵਿਦੇਸ਼ੀ ਧਰਤੀ ਉਪਰ ਜਾ ਰਹੀ ਹਾਂ।

ਅੱਜ ਤੋਂ ਬਾਅਦ ਕਦੇ ਵੀ ਨਾ ਸੋਚੀ ਕਿ ਤੇਰੇ ਕੋਈ ਪੁੱਤ ਨਹੀਂ... ਮੈਨੂੰ ਤੂੰ ਆਪਣਾ ਪੁੱਤ ਸਮਝੀ ਮੈਂ ਤੇਰੇ ਸਾਰੇ ਸੁਫਨੇ ਪੂਰੇ ਕਰਾਂਗੀ...ਜਾਗਰ ਨੇ ਰੋਦਿਆਂ ਹੋਇਆ ਆਪਣੀ ਬੇਟੀ ਨੂੰ ਸੀਨੇ ਨਾਲ ਲਾ ਲਿਆ....ਅੱਜ ਉਸਨੂੰ ਇੱਕ ਧੀ ਦਾ ਬਾਪ ਹੋਣ 'ਤੇ ਮਾਣ ਮਹਿਸੂਸ ਹੋ ਰਿਹਾ ਸੀ।

ਬੇਟੀ ਜਦੋਂ ਏਅਰਪੋਰਟ ਦੇ ਅੰਦਰ ਜਾਣ ਲੱਗੀ ਤਾਂ ਜਾਗਰ ਨੇ ਆਪਣੀ ਬੇਟੀ ਦਾ ਸਿਰ ਪਲੋਸਿਆ 'ਤੇ ਕਿਹਾ...ਧੀਏ...ਰੱਬ ਤੈਨੂੰ ਹਰ ਖੁਸ਼ੀ ਦੇਵੇ...ਬੱਸ ਆਪਣੇ ਆਪ ਨੂੰ ਕਦੇ ਇਕੱਲਾ ਨਾ ਸਮਝੀਂ...ਤੇਰਾ ਬਾਪ ਹਰ ਵੇਲੇ ਤੇਰੇ ਨਾਲ ਖੜਾ ਏ।

ਬੇਟੀ ਨੇ ਆਪਣੀ ਮੁਸਕਰਾਹਟ ਪਿੱਛੇ ਹੰਝੂ ਲੁਕਾਏ ਅਤੇ ਅੰਦਰ ਚਲੀ ਗਈ, ਜਾਗਰ ਦੀਆਂ ਅੱਖਾਂ ਉਸਨੂੰ ਉਦੋਂ ਤੱਕ ਤੱਕਦੀਆਂ ਰਹੀਆਂ ਜਦੋਂ ਤੱਕ ਉਹ ਭੀੜ ਵਿੱਚ ਉਸਦੀਆਂ ਅੱਖਾਂ ਤੋਂ ਉਹਲੇ ਨਹੀਂ ਹੋ ਗਈ, ਉਸ ਦਿਨ ਜਾਗਰ ਘਰ ਆਕੇ ਆਪਣੀ ਧੀ ਦੇ ਖਾਲੀ ਕਮਰੇ ਵਿੱਚ ਬੈਠਕੇ ਬਹੁਤ ਰੋਇਆ।

ਸਮਾਂ ਲੰਘਿਆ, ਧੀ ਦਿਨ ਰਾਤ ਮਿਹਨਤ ਕਰਦੀ ਰਹੀ, ਉਹ ਹਰ ਮਹੀਨੇ ਆਪਣੇ ਖਰਚੇ ਕੱਟਕੇ ਕੁਝ ਪੈਸੇ ਜਾਗਰ ਨੂੰ ਭੇਜ ਦਿੰਦੀ ਅਤੇ ਫੋਨ ਤੇ ਇੱਕੋ ਗੱਲ ਕਹਿੰਦੀ..ਬਾਪੂ, ਥੋੜਾ ਹੋਰ ਸਬਰ ਕਰ...ਹੁਣ ਤੇਰੇ ਦੁੱਖਾਂ ਦੇ ਦਿਨ ਮੁੱਕਣ ਵਾਲੇ ਨੇ।

ਇੱਕ ਦਿਨ ਪਿੰਡ ਵਿੱਚ ਇੱਕ ਗੱਡੀ ਜਾਗਰ ਦੇ ਘਰ ਅੱਗੇ ਆਕੇ ਰੁਕੀ, ਗੱਡੀ ਵਿੱਚੋਂ ਉਸਦੀ ਬੇਟੀ ਉਤਰੀ, ਉਹ ਭੱਜਕੇ ਜਾਗਰ ਦੇ ਗਲ ਲੱਗ ਗਈ 'ਤੇ ਕਹਿਣ ਲੱਗੀ...ਬਾਪੂ...ਤੇਰੀ ਧੀ ਨਹੀਂ, ਤੇਰਾ ਪੁੱਤ ਆ ਗਿਆ...ਜਾਗਰ ਦੀਆਂ ਅੱਖਾਂ ਵਿਚੋਂ ਹੰਝੂ ਵੱਗਣ ਲੱਗ ਪਏ।

ਜਾਗਰ ਦੀ ਬੇਟੀ ਨੇ ਕੁਝ ਕਾਗਜ਼ ਜਾਗਰ ਦੇ ਹੱਥ ਵਿੱਚ ਦਿੱਤੇ, ਜਾਗਰ ਨੇ ਖੋਲ੍ਹ ਕੇ ਵੇਖਿਆ ਤਾਂ ਉਹ ਉਸਦੀ ਉਹ ਹੀ ਜੱਦੀ ਜ਼ਮੀਨ ਦੇ ਕਾਗਜ਼ ਸਨ ਜੋ ਉਸਨੇ ਧੀ ਦੇ ਭਵਿੱਖ ਲਈ ਵੇਚੀ ਸੀ...ਧੀ ਨੇ ਹੱਸਦੇ ਹੋਏ ਕਿਹਾ...ਬਾਪੂ...ਜਿਸ ਮਿੱਟੀ ਨੂੰ ਵੇਚਕੇ ਤੂੰ ਮੇਰੇ ਸੁਫਨੇ ਖਰੀਦੇ ਸੀ, ਅੱਜ ਮੈਂ ਉਹ ਮਿੱਟੀ ਵਾਪਸ ਲੈ ਆਈ ਹਾਂ...ਹੁਣ ਕੋਈ ਨਹੀਂ ਕਹੇਗਾ ਕਿ ਜਾਗਰ ਕੋਲ ਪੁੱਤ ਨਹੀਂ ਸੀ।

ਜਾਗਰ ਨੇ ਉਪਰ ਵੱਲ ਦੇਖਿਆ, ਉਸਦੀਆਂ ਗਿੱਲੀਆਂ ਅੱਖਾਂ ਅਤੇ ਕੰਬਦੇ ਬੁੱਲ੍ਹ ਰੱਬ ਦਾ ਸ਼ੁਕਰ ਕਰ ਰਹੇ ਸਨ, ਉਸ ਵੇਲੇ ਜਾਗਰ ਦੇ ਚਿਹਰੇ 'ਤੇ ਉਹ ਸਕੂਨ ਸੀ ਜੋ ਸ਼ਾਇਦ ਕਿਸੇ ਅਮੀਰ ਨੂੰ ਵੀ ਕਦੇ ਨਾ ਮਿਲਿਆ ਹੋਵੇ, ਉਸਦੀ ਧੀ ਦੀ ਮਿਹਨਤ ਨੇ ਸਾਬਤ ਕਰ ਦਿੱਤਾ ਕਿ ਧੀਆਂ ਕਿਸੇ ਤੋਂ ਘੱਟ ਨਹੀਂ ਹੁੰਦੀਆਂ।



ਅਵਤਾਰ ਸਿੰਘ ਧਾਲੀਵਾਲ

# ਇੱਕ ਚੁਟਕੀ ਜਹਿਰ ਰੋਜ਼ਾਨਾ...

ਜਲੰਧਰ ਵਿੱਚ ਰਹਿੰਦੀ ਮਨਪ੍ਰੀਤ ਦਾ ਵਿਆਹ ਅਮ੍ਰਿਤਸਰ ਦੇ ਗਗਨਦੀਪ ਨਾਲ ਹੋ ਗਿਆ। ਸਮਾ ਸਹੀ ਲੰਘ ਰਿਹਾ ਸੀ ਪਰ ਆਖਰ ਵਿੱਚ ਸੱਸ ਨੂੰਹ ਵਾਲਾ ਕਲੇਸ਼ ਸ਼ੁਰੂ ਹੋ ਗਿਆ। ਮਨਪ੍ਰੀਤ ਨੂੰ ਅਹਿਸਾਸ ਹੋਇਆ ਉਸ ਦੀ ਆਪਣੀ ਸੱਸ ਨਾਲ ਨਹੀਂ ਨਿਭਣੀ। ਸੱਸ ਪੁਰਾਣੇ ਖਿਆਲ ਵਾਲੀ ਸੀ ਤੇ ਮਨਪ੍ਰੀਤ ਨਵੇ ਵਿਚਾਰਾਂ ਵਾਲੀ। ਮਨਪ੍ਰੀਤ ਤੇ ਉਸਦੀ ਸੱਸ ਦੇ ਝਗੜੇ ਆਏ ਦਿਨ ਵੱਧ ਰਹੇ ਸਨ। ਦਿਨ ਬੀਤੇ ਮਹੀਨੇ ਬੀਤੇ ਸਾਲ ਬੀਤੇ ਨਾ ਤਾ ਸੱਸ ਮਨਪ੍ਰੀਤ ਦੇ ਹਰ ਕੰਮ ਵਿੱਚ ਟਿਪਣੀ ਕਰਨੋ ਹੱਟਦੀ ਤੇ ਨਾ ਮਨਪ੍ਰੀਤ ਸਿਧੇ ਮੂੰਹ ਜਵਾਬ ਦੇਣੋ ਹੱਟਦੀ। ਹਾਲਾਤਾਂ ਬਦ ਤੋਂ ਬਦਤਰ ਹੋ ਗਏ। ਮਨਪ੍ਰੀਤ ਨੂੰ ਆਪਣੀ ਸੱਸ ਨਾਲ ਪੂਰੀ ਨਫ਼ਰਤ ਹੋ ਗਈ ਸੀ। ਮਨਪ੍ਰੀਤ ਨੂੰ ਉਹ ਘੜੀ ਬਹੁਤ ਬੁਰੀ ਲੱਗਦੀ ਜਦੋ ਉਸਨੂੰ ਸਾਰਿਆਂ ਸਾਹਮਣੇ ਆਪਣੀ ਸੱਸ ਦਾ ਆਦਰ ਸਤਿਕਾਰ ਕਰਨਾ ਪੈਂਦਾ। ਉਹ ਹੁਣ ਕਿਸੇ ਤਰ੍ਹਾਂ ਵੀ ਆਪਣੀ ਸੱਸ ਤੋਂ ਪਿਛਾ ਛਡਾਉਣ ਲਈ ਸੋਚਦੀ ਰਹਿੰਦੀ। ਇੱਕ ਦਿਨ ਜਦੋ ਫਿਰ ਦੋਵਾਂ ਦਾ ਝਗੜਾ ਹੋਇਆ ਤਾ ਮਨਪ੍ਰੀਤ ਦੇ ਘਰਵਾਲੇ ਗਗਨ ਨੇ ਵੀ ਆਪਣੀ ਮਾਂ ਦਾ ਪੱਖ ਲਿਆ ਤਾ ਮਨਪ੍ਰੀਤ ਗੁੱਸੇ ਵਿੱਚ ਆ ਕੇ ਆਪਣੇ ਪੇਕੇ ਜਲੰਧਰ ਆਪਣੇ ਡੈਡੀ ਕੋਲ ਆ ਗਈ। ਮਨਪ੍ਰੀਤ ਦੇ ਪਿਤਾ ਅਫਸਰ ਰਿਟਾਇਰ ਸਨ ਤੇ ਸ਼ੌਕ ਨਾਲ ਹਕੀਮੀ ਕਰਦੇ ਸਨ। ਮਨਪ੍ਰੀਤ ਨੇ ਸਾਰੀ ਗੱਲ ਆਪਣੇ ਪਿਤਾ ਨੂੰ ਦੱਸੀ ਰੋ ਰੋ ਕੇ । ਤੇ ਪਿਤਾ ਨੂੰ ਕਿਹਾ ਮੈਨੂੰ ਜ਼ਹਿਰੀਲੀ ਦਵਾਈ ਦਿਉ ਕੋਈ ਮੈਂ ਉਸ ਨੂੰ ਮਾਰ ਦੇਣਾ ਨਹੀਂ ਤਾਂ ਮੈਂ ਮਰ ਜਾਣਾ। ਪਿਤਾ ਕੋਲੋ ਲਾਡਾ ਨਾਲ ਪਾਲੀ ਆਪਣੀ ਧੀ ਦਾ ਦੁੱਖ ਸਹਿ ਨਹੀਂ ਹੋਇਆ। ਪਿਤਾ ਨੇ ਕਿਹਾ ਕਿ ਬਸ ਇਹਨੀ ਗੱਲ ਪਿਛੇ ਮੇਰਾ ਪੁੱਤ ਰੋ ਰੋ ਕਮਲਾ ਹੋਇਆ। ਪਰ ਪੁੱਤ ਜੇ ਤੂੰ ਆਪਣੀ ਸੱਸ ਨੂੰ ਜ਼ਹਿਰ ਦੇ ਕੇ ਮਾਰ ਤਾ ਤੈਨੂੰ ਪੁਲਿਸ ਫੜ੍ਹ ਕੇ ਲੈ ਜਾਵੇਗੀ ਤੇ ਮੈਨੂੰ ਵੀ ਕਿਉਂਕਿ ਜ਼ਹਿਰ ਤਾਂ ਮੈਂ ਦਿੱਤਾ ਹੈ। ਏਦਾ ਕਰਨਾ ਸਹੀ ਨਹੀਂ। ਪਰ ਮਨਪ੍ਰੀਤ ਜਿਦ ਤੇ ਅੜੀ ਰਹੀ ਮੈਨੂੰ ਜਹਿਰ ਦੇਉ। ਮੈਂ ਕਿਸੇ ਵੀ ਕੀਮਤ ਤੇ ਉਸ ਦਾ ਮੂੰਹ ਨਹੀਂ ਦੇਖਣਾ। ਪਿਤਾ ਨੇ ਕਿਹਾ ਠੀਕ ਹੈ ਇਹ ਮੇਰਾ ਚੁਟਕੀ ਦਾ ਕੰਮ ਆ ਮੈਂ ਤੈਨੂੰ ਜੇਲ੍ਹ ਵੀ ਨਹੀਂ ਜਾਣ ਦੇਣਾ। ਇਹ ਸੁਣ ਕੇ ਮਨਪ੍ਰੀਤ ਦੀਆਂ ਅੱਖਾਂ ਵਿੱਚ ਚਮਕ ਆ ਗਈ ਤੇ ਹੈਰਾਨ ਹੋ ਕੇ ਪੁੱਛਣ ਲੱਗ ਗਈ ਇਹ ਕਿਦਾ ਹੋਵੇਗਾ ਮੈਂ ਆਪਣੀ ਸੱਸ ਨੂੰ ਮਾਰ ਦੇਵਾ ਤੇ ਪੁਲਿਸ ਤੋਂ ਵੀ ਬੱਚ ਜਾਵਾਂ । ਪਿਤਾ ਨੇ ਕਿਹਾ ਪੁੱਤ ਮੈਂ ਜੋ ਕਹਾਂਗਾ ਉਹ ਤੈਨੂੰ ਕਰਨਾ ਪੈਣਾ ਤੇ ਇਸ ਮੁਸੀਬਤ ਤੋਂ ਛੁਟਕਾਰਾ ਮਿਲ ਜਾਵੇਗਾ। ਮਨਪ੍ਰੀਤ ਨੇ ਕਿਹਾ ਪਾਪਾ ਜੋ ਤੁਸੀਂ ਕਹੋਗੇ ਮੈਂ ਕਰਾਂਗੀ। ਮੈਨੂੰ ਬਸ ਸੱਸ ਤੋਂ ਛੁਟਕਾਰਾ ਚਾਹੀਦਾ ਹੈ। ਉਸ ਦੇ ਪਿਤਾ ਅੰਦਰ ਗਏ ਤੇ ਇੱਕ ਜਹਿਰ ਦੀ ਪੁੜੀ ਲੈ ਆਏ ਤੇ ਮਨਪ੍ਰੀਤ ਦੇ ਹੱਥ ਤੇ ਰੱਖ ਦਿੱਤੀ ਤੇ ਕਿਹਾ ਪੁੱਤ ਇਸ ਵਿਚੋਂ ਰੋਜ਼ ਇੱਕ ਚੁਟਕੀ ਆਪਣੀ ਸੱਸ ਨੂੰ ਰੋਟੀ ਜਾ ਚਾਹ ਵਿੱਚ ਮਿਲਾ ਕੇ ਦੇ ਦਵੀ। ਜ਼ਹਿਰ ਦੀ ਮਾਤਰਾ ਘੱਟ ਹੋਣ ਨਾਲ ਹੋਲੀ ਹੋਲੀ 6 ਮਹੀਨੇ ਅੰਦਰ ਮਰ ਜਾਵੇਗੀ ਤੇ ਲੋਕ ਸਮਝਣਗੇ ਕੁਦਰਤੀ ਮੌਤ ਹੋ ਗਈ। ਪਰ ਪੁੱਤ ਤੈਨੂੰ ਬਹੁਤ ਸਾਵਧਾਨੀ ਵਰਤਣੀ ਪੈਣੀ ਤੇਰੇ ਘਰਵਾਲੇ ਨੂੰ ਸ਼ੱਕ ਨਾ ਹੋਵੇ ਨਹੀਂ ਤਾਂ ਆਪਾਂ ਦੋਵਾਂ ਨੂੰ ਜੇਲ੍ਹ ਜਾਣਾ ਪੈਣਾ। ਇਸ ਲਈ ਅੱਜ ਤੋਂ ਬਾਅਦ ਤੂੰ ਆਪਣੀ ਸੱਸ ਨਾਲ ਝਗੜਾ ਨਹੀਂ ਕਰਨਾ ਤੇ ਉਸ ਦੀ ਸੇਵਾ ਕਰੇਗੀ। ਉਹ ਤੈਨੂੰ ਕੁਝ ਵੀ ਕਹੇ ਤੂੰ ਚੁੱਪ ਚਾਪ ਸੁਣ ਲੈਣਾ ਤੇ ਕੋਈ ਜਵਾਬ ਨਹੀਂ ਦੇਣਾ। ਮਨਪ੍ਰੀਤ ਤੇ ਸੋਚਿਆ 6 ਮਹੀਨੇ ਦੀ ਗੱਲ ਆ ਫਿਰ ਛੁਟਕਾਰਾ ਮਿਲ ਜਾਣਾ ਤੇ ਉਹ ਝੱਟ ਪੱਟ ਮੰਨ ਗਈ ਤੇ ਖੁਸ਼ ਹੋ ਕੇ ਆਪਣੇ ਸਹੁਰੇ ਅਮ੍ਰਿਤਸਰ ਆ ਗਈ। ਸਹੁਰੇ ਆ ਮਨਪ੍ਰੀਤ ਨੇ ਰੋਜ ਆਪਣੀ ਸੱਸ ਨੂੰ ਰੋਟੀ ਵਿਚ ਜਹਿਰ ਦੇਣਾ ਸ਼ੁਰੂ ਕਰਤਾ। ਤੇ ਆਪਣਾ ਵਰਤਾਓ ਵੀ ਸੱਸ ਨਾਲ ਬਦਲ ਦਿੱਤਾ। ਹੁਣ ਉਹ ਕਿਸੇ ਤਾਨੇ ਦਾ ਜਵਾਬ ਨਹੀਂ ਦੇਂਦੀ ਸੀ ਸਗੋ ਗੁੱਸਾ ਪੀ ਕੇ ਮੁਸਕਰਾ ਕੇ ਸੁਣ ਲੈਦੀ। ਰੋਜ ਸੱਸ ਦੇ ਪੈਰ ਘੁੱਟਦੀ ਤੇ ਉਸ ਦਾ ਧਿਆਨ ਰੱਖਦੀ। ਉਸ ਤੇ ਸ਼ੱਕ ਨਾ ਹੋਵੇ ਇਸ ਲਈ ਸੱਸ ਦੀ ਪਸੰਦ ਦਾ ਖਾਣਾ ਬਣਾਉਂਦੀ। ਉਸ ਦੀ ਹਰ ਆਗਿਆ ਦਾ ਪਾਲਣ ਕਰਦੀ। ਕੁਝ ਹਫਤੇ ਲੰਘਦੇ ਲੰਘਦੇ ਸੱਸ ਦਾ ਸੁਭਾਅ ਵੀ ਬਦਲਣਾ ਸ਼ੁਰੂ ਹੋ ਗਿਆ। ਹੁਣ ਉਹ ਆਪਣੀ ਨੂੰਹ ਨੂੰ ਦਿਤੇ ਤਾਨਿਆ ਦਾ ਜਵਾਬ ਨਾ ਮਿਲਣ 'ਤੇ ਉਹਨੇ ਵੀ ਤਾਣੇ ਮਾਰਨੇ ਬੰਦ ਕਰ ਦਿੱਤੇ ਤੇ ਨੂੰਹ ਦੀ ਸੇਵਾ ਬਦਲੇ ਉਸ ਨੂੰ ਅਸ਼ੀਸ਼ਾ ਦੇਣ ਲੱਗ ਗਈ। ਕਰਦੇ ਕਰਦੇ ਚਾਰ ਮਹੀਨੇ ਹੋ ਗਏ। ਮਨਪ੍ਰੀਤ ਰੋਜ ਆਪਣੀ ਸੱਸ ਨੂੰ ਜਹਿਰ ਦੇ ਰਹੀ ਸੀ। ਪਰ ਹੁਣ ਘਰ ਦਾ ਮਾਹੌਲ ਬਿਲਕੁਲ ਬਦਲ ਗਿਆ ਸੀ ਜੋ ਸੱਸ ਆਪਣੀ ਨੂੰਹ ਨੂੰ ਗਾਲਾਂ ਕੱਢਦੀ ਨਹੀ ਥੱਕਦੀ ਸੀ ਉਹ ਹੁਣ ਆਂਡ ਗਵਾਂਡ ਮਨਪ੍ਰੀਤ ਦੀ ਸਿਫਤਾਂ ਦੇ ਪੁਲ ਬੰਨ੍ਹ ਰਹੀ ਸੀ। ਨੂੰਹ ਦੇ ਨਾਲ ਬੈਠ ਕੇ ਰੋਟੀ ਖਾਦੀ। ਰਾਤੀ ਸੌਣ ਲੱਗੇ ਜਦੋ ਤੱਕ ਉਹ ਮਨਪ੍ਰੀਤ ਨਾਲ ਚਾਰ ਗੱਲਾ ਨਹੀ ਕਰਦੀ ਸੀ ਉਸ ਨੂੰ ਨੀਦ ਨਹੀ ਆਉਂਦੀ ਸੀ। ਜਦੋ ਛੇਵਾਂ ਮਹੀਨਾ ਆਇਆ ਤਾਂ ਮਨਪ੍ਰੀਤ ਨੂੰ ਮਹਿਸੂਸ ਹੋਣ ਲੱਗਾ ਕਿ ਉਸ ਦੀ ਸੱਸ ਉਸਨੂੰ ਆਪਣੀ ਨੂੰਹ ਨਹੀ ਧੀ ਸਮਝਦੀ ਹੈ ਤੇ ਮਨਪ੍ਰੀਤ ਨੂੰ ਸੱਸ ਵਿਚ ਆਪਣੀ ਮਰੀ ਮਾਂ ਦੀ ਛਵੀ ਨਜ਼ਰ ਆਉਣ ਲੱਗ ਗਈ। ਜਦੋਂ ਉਹ ਸੋਚਦੀ ਕਿ ਉਸ ਦੇ ਦਿੱਤੇ ਜਹਿਰ ਨਾਲ ਉਸ ਦੀ ਸੱਸ ਹੁਣ ਕੁਝ ਦਿਨ ਬਾਅਦ ਮਰ ਜਾਵੇਗੀ ਤਾ ਪਰੇਸ਼ਾਨ ਹੋ ਜਾਂਦੀ ਤੇ ਸੱਸ ਦਾ ਪਿਆਰ ਦੇਖ ਕੇ ਉਸਦੇ ਅੰਦਰੋ ਆਪਣੀ ਕੀਤੀ ਗਲਤੀ ਦੀ ਤੜਫ ਨਿਕਲ ਜਾਂਦੀ ।

ਇਸ ਤੜਫ ਵਿਚ ਉਹ ਆਪਣੇ ਪਾਪਾ ਕੋਲ ਜਲੰਧਰ ਆ ਗਈ ਤੇ ਬੋਲੀ ਪਾਪਾ ਮੇਰੀ ਸੱਸ ਬਹੁਤ ਚੰਗੀ ਹੈ ਮੈਨੂੰ ਜਹਿਰ ਦਾ ਅਸਰ ਖਤਮ ਕਰਨ ਵਾਲੀ ਦਵਾਈ ਦਿਉ ਮੈ ਆਪਣੀ ਸੱਸ ਨੂੰ ਨਹੀ ਮਾਰਨਾ। ਉਹ ਮੈਨੂੰ ਆਪਣੀ ਧੀ ਸਮਝਦੀ ਹੈ ਤੇ ਮੈ ਉਹਨਾਂ ਨੂੰ ਆਪਣੀ ਮਾਂ ਦੀ ਤਰ੍ਹਾਂ ਪਿਆਰ ਕਰਦੀ ਹਾਂ। ਮਨਪ੍ਰੀਤ ਦੇ ਪਿਤਾ ਉਚੀ ਆਵਾਜ਼ ਵਿੱਚ ਹੱਸਣ ਲੱਗ ਪਏ ਤੇ ਬੋਲੇ ਉਹ ਮੇਰੇ ਕਮਲੇ ਪੁੱਤ ਮੈ ਤਾ ਤੈਨੂੰ ਹਜਮੇ ਵਾਲਾ ਚੂਰਨ ਦਿਤਾ ਸੀ ਹਾ ਹਾ ਹਾ



ਆਪਣੀ ਔਲਾਦ ਨੂੰ ਸਹੀ ਰਸਤਾ ਦਿਖਾਉਣਾ ਮਾਂ ਪਿਉ ਦਾ ਫਰਜ ਹੈ। ਜੇ ਸਹੀ ਲੱਗੀ ਤਾ ਸ਼ੇਅ। ਰ ਪਲੀਜ ਰੱਬ ਰਾਖਾ !

# ਸਾਹਬ (ਕਹਾਣੀ)




ਬਾਹਰ ਥਾਣਾ ਸਦਰ ਦੇ ਬੋਰਡ ਉੱਤੇ ਨਜ਼ਰ ਮਾਰ ਕੇ ਕੁੜੀ ਦਾ ਪੀਲਾ ਪਿਆ ਮੂੰਹ ਹੋਰ ਪੀਲਾ ਪੈ ਗਿਆ ਸੀ। ਨਾਲ ਵਾਲਾ ਬਜ਼ੁਰਗ ਹੌਲੀ ਹੌਲੀ ਉਸਦੇ ਨਾਲ ਨਾਲ ਤੁਰਦਾ ਆ ਰਿਹਾ ਸੀ। ਸੱਜੇ ਹੱਥ ਕਿੰਨ੍ਹੇ ਹੀ ਨਵੇਂ ਪੁਰਾਣੇ ਅਤੇ ਕੁੱਝ ਜ਼ੰਗਾਲੇ ਹੋਏ ਵਾਹਨ ਖੜੇ ਸਨ ਅਤੇ ਖੱਬੇ ਹੱਥ ਪੁਰਾਣੀਆਂ ਜਿਹੀਆਂ ਕੁਰਸੀਆਂ ਉੱਤੇ ਕੁੱਝ ਮੁਲਾਜ਼ਮ ਅਤੇ ਕੁੱਝ ਸਿਫਾਰਸੀ ਬੈਠੇ ਸਨ।

"ਸਾਹਬ ਬੈਠੇ ਹਨ?" ਅਤੇ ਮੁਲਾਜ਼ਮ ਵੱਲੋਂ ਹੁੰਗਾਰਾ ਭਰਨ ਉੱਤੇ ਉਹ ਦੋਵੇਂ ਅੱਗੇ ਜਾ ਕੇ ਬੈਂਚ ਉੱਤੇ ਬੈਠ ਗਏ। ਜਿੱਥੇ ਪਹਿਲਾਂ ਤੋਂ ਬੈਠਿਆਂ ਦੀਆਂ ਅੱਖਾਂ ਉਸ ਮਲੂਕ ਜਿਹੀ ਕੁੜੀ ਤੇ ਟਿੱਕ ਗਈਆਂ ਸਨ। ਅਤੇ ਕੋਲ ਬੈਠੇ ਸਿਆਣੀ ਉਮਰ ਦੇ ਹੌਲਦਾਰ ਦੇ ਅੰਦਰੋਂ ਆਪਣੇ ਆਪ ਇੱਕ ਹਉਕਾ ਨਿਕਲ ਆਇਆ ਸੀ ਕਿ ,"ਰੱਬਾ ਜਾਂ ਤਾਂ ਸੋਹਣਾ ਨਾ ਬਣਾ ਤੇ ਜਾਂ ਫੇਰ ਗਰੀਬ ਨਾ ਬਣਾ"।

ਚੰਦ ਹੀ ਮਿੰਟਾਂ ਪਿੱਛੋਂ ਉਹਨਾਂ ਨੂੰ ਆਵਾਜ ਪੈ ਗਈ ਸੀ। ਸ਼ਾਇਦ ਸਾਹਬ ਦੀ ਨਜ਼ਰ ਵੀ ਕੁੜੀ ਉੱਤੇ ਪੈ ਗਈ ਸੀ। ਸਾਹਬ ਦਾ ਨਾਮ ਵੀ ਸਾਹਿਬਜੀਤ ਸਿੰਘ ਹੀ ਸੀ। ਸਿੱਧਾ ਥਾਣੇਦਾਰ ਭਰਤੀ ਹੋ ਗਿਆ ਸੀ ਅਤੇ ਉੱਤੋਂ ਮਹਿਕਮੇ ਵਿੱਚ ਯਾਰੀ ਵੀ ਕੁੱਝ ਐਸੇ ਲੋਕਾਂ ਨਾਲ ਪੈ ਗਈ ਸੀ ਜਿੰਨਾਂ ਲਈ ਪੈਸਾ ਹੀ ਰੱਬ ਸੀ। ਉਹਨਾਂ ਦੀ ਦੇਖਾ ਦੇਖ ਸਾਹਿਬਜੀਤ ਵੀ ਰਿਸ਼ਵਤ ਦੀ ਦਲਦਲ ਵਿੱਚ ਉੱਨਾਂ ਹੀ ਧੱਸ ਚੁੱਕਾ ਸੀ। ਪਹਿਲਾਂ ਪਹਿਲ ਕਦੇ ਕਦੇ ਜ਼ਮੀਰ ਆਵਾਜ ਦਿੰਦੀ ਸੀ ਪਰ ਹੌਲੀ ਹੌਲੀ ਤਾਂ ਜ਼ਮੀਰ ਵੀ ਗੂੰਗੀ–ਬੋਲੀ ਹੋ ਗਈ ਸੀ।

ਜਿਉਂ ਹੀ ਉਹਨਾਂ ਦੋਵੇਂ ਸਾਹਬ ਅੱਗੇ ਪੇਸ਼ ਹੋਏ, ਉਸਨੇ ਹਿਸਾਬ ਲਾ ਲਿਆ ਕਿ ਦੇਣ ਨੂੰ ਤਾਂ ਇਹਨਾਂ ਦੇ ਪੱਲੇ ਕੁੱਝ ਨਹੀ ਹੈ। ਪਰ ਫੇਰ ਕੁੜੀ ਵੱਲ ਦੇਖ ਕੇ ਸੋਚਿਆ ਚੱਲ ਕੁੱਝ ਨਾ ਕੁੱਝ ਤਾਂ ਦੇ ਕੇ ਹੀ ਛੁੱਟਣਗੇ। ਬਜ਼ੁਰਗ ਨੇ ਦੱਸਣਾ ਸ਼ੁਰੂ ਕੀਤਾ ਕਿ ਇਹ ਮੇਰੀ ਪੋਤੀ ਆ, ਮੇਰਾ ਪੁੱਤ ਸ਼ਰਾਬੀ ਸੀ ਮੈਂ ਨਿੱਕੀ ਉਮਰੇਂ ਵਿਆਹ ਦਿੱਤੀ ਪਰ ਹੁਣ ਸਹੁਰੇ ਬਹੁਤ ਤੰਗ ਕਰਦੇ ਹਨ। ਘਰਵਾਲਾ ਨਿੱਤ ਨਿੱਤ ਮਾਰਦਾ ਕੁੱਟਦਾ ਅਤੇ ਸੱਸ ਦਾਜ ਮੰਗਦੀ ਹੈ। "ਮਾਲਕੋ, ਸਾਡੇ ਘਰੇ ਤਾਂ ਇਹਦੇ ਪਿੱਛੇ ਜਾ ਸਾਰ ਲੈਣ ਵਾਲਾ ਵੀ ਕੋਈ ਨਹੀ", ਇਹ ਕਹਿੰਦਿਆਂ ਹੀ ਉਸਦੀਆਂ ਅੱਖਾਂ ਦੇ ਨਾਲ ਨਾਲ ਗੱਚ ਵੀ ਭਰ ਆਇਆ। ਕੁੜੀ ਦੀਆਂ ਅੱਖਾਂ ਵਿੱਚੋਂ ਵੀ ਮੋਟੇ ਮੋਟੇ ਹੰਝੂ ਡਿੱਗ ਪਏ। ਪਰ ਸਾਹਬ ਦਾ ਧਿਆਨ ਉਸਦੀਆਂ ਗੱਲਾਂ ਵੱਲ ਘੱਟ ਪਰ ਕੁੜੀ ਦੇ ਚਿਹਰੇ ਉੱਤੇ ਵੱਧ ਸੀ। ਅਜਿਹੀ ਗਲਤੀ ਉਸਨੇ ਕਦੇ ਨਹੀ ਕੀਤੀ ਸੀ ਪਰ ਅੱਜ ਅੰਦਰਲਾ ਸ਼ੈਤਾਨ ਉਸਨੂੰ ਕੁੱਝ ਹੋਰ ਕਰਨ ਲਈ ਉਕਸਾ ਰਿਹਾ ਸੀ। ਕੁੜੀ ਵੀ ਵਿਚਾਰੀ ਸਾਹਬ ਦੀ ਨਜ਼ਰ ਭਾਂਪ ਕੇ ਵਾਰ ਵਾਰ ਚੁੰਨ੍ਹੀ ਠੀਕ ਕਰ ਰਹੀ ਸੀ ਪਰ ਇਸੇ ਕਾਹਲ ਵਿੱਚ ਜਦੋਂ ਪੱਲਾ ਉਸਦੇ ਹੱਥੋਂ ਛੁੱਟ ਉਸਦੀ ਗਰਦਨ ਨੰਗੀ ਹੋ ਗਈ ਤਾਂ ਸਾਹਬ ਦੇ ਚਿਹਰੇ ਦਾ ਰੰਗ ਹੀ ਬਦਲ ਗਿਆ। ਬਿਲਕੁਲ ਰਾਣੋ ਭੈਣ ਵਰਗਾ ਦਾਗ। ਸਾਹਬ ਨੇ ਝੁੰਜਲਾ ਕੇ ਪੁੱਛਿਆ ਇਹ ਕੀ ਹੋਇਆ। "ਤੱਤਾ ਖੁਰਚਣਾ ਲਾ ਦਿਤਾ ਸੀ ਇਹਦੀ ਸੱਸ ਨੇ। ਉਹ ਤਾਂ ਆਂਢ–ਗੁਆਂਢ ਨੇ ਇਸਨੂੰ ਬਚਾਇਆ", ਬਜ਼ੁਰਗ ਨੇ ਆਪਣੇ ਹੰਝੂ ਸਾਫ ਕਰਦੇ ਕਿਹਾ ਜੋ ਕਿ ਉਸਦੀ ਦਾੜੀ ਤੱਕ ਪਹੁੰਚ ਚੁੱਕੇ ਸਨ। ਸਾਹਬ ਦੀਆਂ ਅੱਖਾਂ ਵੀ ਭਰ ਆਈਆਂ। ਅੱਠ ਕੁ ਸਾਲ ਦਾ ਸੀ ਜਦੋਂ ਵੱਡੀ ਭੂਆ ਦੀ ਕੁੜੀ ਰਾਣੋ ਦਾ ਵਿਆਹ ਹੋਇਆ ਸੀ ਅਤੇ ਸਾਲ ਵੀ ਵਿਆਹ ਨੂੰ ਪੂਰਾ ਨਹੀ ਹੋਇਆ ਸੀ ਕਿ ਚੰਦਰੀ ਖਬਰ ਆ ਗਈ ਸੀ। ਸਰਪੰਚਾਂ ਦੇ ਘਰ ਫੋਨ ਆਇਆ ਸੀ ਅਤੇ ਸਰਪੰਚਨੀ ਤਾਈ ਰੋਂਦੀ ਪਿੱਟਦੀ ਹੀ ਘਰ ਆਈ ਸੀ। ਸਾਰਾ ਟੱਬਰ ਸਿਰ ਫੜ੍ਹ ਬੈਠ ਗਿਆ ਸੀ ਅਤੇ ਕਿਸੇ ਨੂੰ ਇਹ ਖਿਆਲ ਹੀ ਨਹੀ ਆਇਆ ਕਿ ਜਵਾਕਾਂ ਨੂੰ ਨਾਲ ਨਾ ਲੈ ਕੇ ਜਾਣ। ਜਦੋਂ ਪਹੁੰਚੇ ਤਾਂ ਮਾਂ ਦੇ ਨਾਲ ਉਹ ਵੀ ਅੱਗੇ ਹੋ ਗਿਆ ਸੀ। ਭੈਣ ਦਾ ਚਿਹਰਾ ਨੀਲੇ ਅਤੇ ਕਾਲੇ ਦਾਗਾਂ ਨਾਲ ਭਰਿਆ ਪਿਆ ਸੀ ਅਤੇ ਗਰਦਨ ਉੱਤੇ ਬਿਲਕੁਲ ਅਜਿਹਾ ਹੀ ਨਿਸ਼ਾਨ ਸੀ। ਭੈਣ ਦਾ ਤਾਂ ਸਸਕਾਰ ਕਰ ਦਿੱਤਾ ਸੀ ਪਰ ਭੈਣ ਦਾ ਚਿਹਰਾ ਉਸਦੇ ਚੇਤਿਆਂ ਵਿੱਚ ਵੱਸ ਗਿਆ ਸੀ। ਪਤਾ ਨਹੀ ਕਿੰਨ੍ਹੇ ਹੀ ਮਹੀਨੇ ਉਹ ਗੁੰਮ–ਸੁੰਮ ਰਿਹਾ ਸੀ।

ਭੂਆ ਮਰੀ ਧੀ ਦੀ ਮਿੱਟੀ ਨਹੀ ਫਰੋਲਣਾ ਚਹੁੰਦੀ ਸੀ ਅਤੇ ਭੈਣ ਦੇ ਸਹੁਰਿਆਂ ਨੇ ਵੀ ਪੁਲਿਸ ਨੂੰ ਪੈਸੇ ਚਾੜ ਗੱਲ ਰਫਾ–ਦਫਾ ਕਰਵਾ ਦਿੱਤੀ ਸੀ। ਹੌਲੀ ਹੌਲੀ ਉਸਦੇ ਚੇਤਿਆਂ ਵਿੱਚੋਂ ਵੀ ਭੈਣ ਵਿੱਸਰ ਗਈ ਸੀ ਪਰ ਅੱਜ ਸ਼ਾਇਦ ਭੈਣ ਨੂੰ ਲੱਗਾ ਕਿ ਉਹ ਅੱਤ ਕਰਨ ਲੱਗਾ ਸੀ ਇਸ ਲਈ ਚਪੇੜ ਮਾਰਨ ਹੀ ਆਈ ਸੀ। ਸਾਹਬ ਨੂੰ ਹੁਣ ਉਸ ਕੁੜੀ ਵਿੱਚ ਰਾਣੋ ਭੈਣ ਹੀ ਨਜ਼ਰ ਆਈ, ਭੈਣ ਨੂੰ ਇਨਸਾਫ ਤਾਂ ਉਹ ਨਹੀ ਦਵਾ ਸਕਿਆ ਸੀ ਪਰ ਇਸ ਭੈਣ ਨਾਲ ਜਾਂ ਕਿਸੇ ਹੋਰ ਨਾਲ ਧੱਕਾ ਨਹੀ ਹੋਣ ਦੇਵਾਂਗਾ , ਇਹ ਸੋਚ ਸਾਹਬ ਦਾਦੇ ਪੋਤੀ ਦੇ ਨਾਲ ਤੁਰ ਪਿਆ।

ਪੁਲਿਸ ਦੀ ਸ਼ਾਈਰਨ ਮਾਰਦੀ ਜਿਪਸੀ ਇੱਕ ਨਵੇਂ ਸਾਹਬ ਅਤੇ ਨਵੀਂ ਸੋਚ ਦੀ ਪ੍ਰਤੀਕ ਸੀ।

ਬੇਨਤੀ– ਸਾਰੇ ਵੀਰ ਭੈਣਾਂ ਨੂੰ ਬੇਨਤੀ ਹੈ ਕਿ ਜੇਕਰ ਪੇਜ਼ ਤੇ ਆ ਹੀ ਗਏ ਹੋ ਤਾਂ ਕਿਰਪਾ ਕਰਕੇ ਫੋਲੋ ਵੀ ਜ਼ਰੂਰ ਕਰ ਲਉ ਤੁਹਾਡੇ ਸਾਥ ਨਾਲ ਹੋਰ ਲਿਖਣ ਦਾ ਹੌਸਲਾ ਮਿਲਦਾ ਹੈ।

ਹਰਪ੍ਰੀਤ ਬਰਾੜ ਸਿੱਧੂ

# ਅੱਖਾਂ ਗਈਆਂ ਜਹਾਨ ਗਿਆ...

ਕਹਿੰਦੇ ਨੇ ਅੱਖਾਂ ਗਈਆਂ ਜਹਾਨ ਗਿਆ। ਗੱਲ ਸੱਚ ਵੀ ਹੈ। ਜੇ ਦਿਸਿਆ ਹੀ ਨਾ ਕਾਹਦਾ ਜਹਾਨ। ਅੱਖਾਂ ਕੁਦਰਤ ਦੀ ਬੇਸ਼ਕੀਮਤੀ ਨੇਮਤ ਨੇ। ਪਰ ਅਸੀਂ ਬੜੇ ਨਾ ਸ਼ੁਕਰੇ ਹਾਂ। ਕਿਸੇ ਵੀ ਚੀਜ਼ ਦੀ ਅਹਿਮੀਅਤ ਤਦ ਤੱਕ ਨਹੀਂ ਪਛਾਣਦੇ ਜਦ ਤੱਕ ਉਹ ਮੁੱਲ ਨਾ ਮਿਲੇ ਜਾਂ ਗੁਆਚ ਨਾ ਜਾਵੇ। ਅੱਖਾਂ ਦਾ ਮਾਮਲਾ ਵੀ ਅਜਿਹਾ ਹੀ ਹੈ। ਜਵਾਨੀ ਵੇਲੇ ਤਾਂ ਇਹ ਯਾਦ ਵੀ ਨਹੀਂ ਹੁੰਦਾ ਕਿ ਕਦੇ ਨਿਗਾ ਘਟੇਗੀ।



ਪਰ ਉਮਰ ਵੱਡੇ ਵੱਡੇ ਖੱਬੀਖਾਨਾਂ ਨੂੰ ਢਹਿ ਢੇਰੀ ਕਰ ਦਿੰਦੀ ਹੈ। ਬੰਦੇ ਦਾ ਅਜਿਹਾ ਕਿਹੜਾ ਗੁਮਾਨ ਹੈ ਜਿਹੜਾ ਉਮਰ ਤੋੜ ਨਾ ਦੇਵੇ। ਅਸੀਂ ਤੇ ਸਾਰੇ ਹੀ ਬੜਾ ਜ਼ੋਰ ਦਿਖਾਵੇ ਲਾਉਂਦੇ ਹਾਂ। ਡਿਜ਼ਾਇਨਰ ਕੱਪੜੇ, ਵਧੀਆ ਗਹਿਣੇ, ਚੰਗੇ ਮੁੱਲ ਦੀ ਤੇ ਬ੍ਰਾਂਡ ਦੀ ਘੜੀ, ਵਧੀਆ ਜੁੱਤੀ। ਪੰਜਾਬੀ ਹੁੰਦੇ ਹੀ ਸ਼ੌਕੀਨ ਹਨ। ਹੁਣ ਬ੍ਰਾਂਡਾਂ ਨੇ ਹੋਰ ਗੱਲ ਚੱਕ ਦਿੱਤੀ ਹੈ। ਪਰ ਮੈਂ ਬਹੁਤ ਵਾਰ ਸੋਚਦੀ ਹਾਂ ਕਿ ਅਸੀਂ ਸਾਰਾ ਸਰਫਾ ਐਨਕ ਲਵਾਉਣ ਲੱਗੇ ਕਰ ਦਿੰਦੇ ਹਾਂ। ਚਲੋ ਸਾਰੇ ਨਾ ਸਹੀ ਬਹੁਤੇ ਤਾਂ ਕਰਦੇ ਹੀ ਹਨ। ਜਦੋਂ ਐਨਕ ਲਵਾਉਣੀ ਹੋਵੇ ਤਾਂ ਫਰੇਮ ਬਹੁਤਾ ਮਹਿੰਗਾ ਨਹੀਂ ਲਈਦਾ ਗਹਿਣੇ ਭਾਵੇਂ ਲੱਖਾਂ ਰੁਪਏ ਦੇ ਪਾਏ ਹੋਣ। ਕਈ ਵਾਰ ਫਰੇਮ ਵੀ ਬ੍ਰਾਂਡਿਡ ਲੈ ਲਈਦਾ ਹੈ ਪਰ ਸ਼ੀਸ਼ੇ ਪਾਉਣ ਲੱਗੇ ਸਰਫਾ ਕਰ ਜਾਂਦੇ ਹਾਂ। ਲੱਗਦਾ ਹੈ 20–25,000 ਸ਼ੀਸ਼ਿਆਂ ਤੇ ਕੀ ਲਾਉਣਾ। ਇਹ ਭੁੱਲ ਜਾਂਦੇ ਹਾਂ ਕਿ ਇਹ ਜਹਾਨ ਇਸ ਦੀ ਖ਼ੂਬਸੂਰਤੀ ਇਹਨਾਂ ਅੱਖਾਂ ਨਾਲ ਹੀ ਹੈ। ਜਿਹੜੇ ਸ਼ੀਸ਼ੇ ਵਿੱਚੋਂ ਇਹਨਾਂ ਨੇ ਹਰ ਵੇਲੇ ਝਾਕਣਾ ਹੈ। ਉਹ ਤਾਂ ਅਜਿਹਾ ਚਾਹੀਦਾ ਜਿਹੜਾ ਇਹਨਾਂ ਨੂੰ ਕੰਫਰਟ (ਆਰਾਮ) ਦੇਵੇ।

ਮੈਂ ਹਮੇਸ਼ਾ ਐਨਕ ਮਾਡਰਨ ਆਪਟੀਕਲ ਪਟਿਆਲਾ ਤੋਂ ਲਵਾਉਂਦੀ। ਉਹਨਾਂ ਦੀ ਫਰੇਮ ਦੀ ਕਲੈਕਸ਼ਨ ਬੜੀ ਜ਼ਬਰਦਸਤ ਹੈ। ਸ਼ੀਸ਼ੇ (lens) ਵੀ ਟੌਪ ਦੇ ਹੁੰਦੇ ਹਨ ਉਹਨਾਂ ਕੋਲ।

ਅੱਜ ਕੱਲ ਉਹ ਜਮਾਨਾ ਨਹੀਂ ਰਿਹਾ ਜਦੋਂ ਅੱਧੇ ਸ਼ੀਸ਼ੇ ਦੂਰ ਦੇ ਤੇ ਅੱਧੇ ਨੇੜੇ ਦੇ ਹੁੰਦੇ ਸਨ। ਹੁਣ ਪ੍ਰੋਗਰੈਸਿਵ ਸ਼ੀਸ਼ੇ ਚਲਦੇ ਹਨ। ਇਸ ਵਿੱਚ ਵਾਰ–ਵਾਰ ਐਨਕ ਬਦਲਣ ਦੀ ਜ਼ਰੂਰਤ ਨਹੀਂ। ਬਸ ਉਸੇ ਸ਼ੀਸ਼ੇ ਵਿੱਚ ਫੋਕਸ ਫਿੱਟ ਹੁੰਦਾ ਹੈ ਦੂਰ ਦਾ ਵੀ ਤੇ ਨੇੜੇ ਦਾ ਵੀ। ਮੈਂ ਐਨਕ ਲਵਾਉਣ ਲੱਗੇ ਮੁੱਲ ਕਦੇ ਨਹੀਂ ਪੁੱਛਿਆ। ਮੈਨੂੰ ਲੱਗਦਾ ਹੈ ਕਿ ਜੇ ਮੇਰੀਆਂ ਅੱਖਾਂ ਨੂੰ ਆਰਾਮ ਹੈ ਤਾਂ ਜ਼ਿੰਦਗੀ ਵਿੱਚ ਰੋਸ਼ਨੀਆਂ ਤੇ ਰੰਗੀਨੀ ਹੈ। ਹੋਰ ਬਹੁਤ ਚੀਜ਼ਾਂ ਜਿਹੀਆਂ ਹਨ ਜਿਹੜੀਆਂ ਮੁੱਲ ਪੁੱਛ ਕੇ ਛੱਡ ਵੀ ਦਈਦੀਆਂ ਹਨ। ਬਹੁਤੀਆਂ ਬਿਨਾਂ ਸਰ ਵੀ ਜਾਂਦਾ ਹੈ। ਪਰ ਅੱਖਾਂ ਨਾਲ ਤਾਂ ਜਹਾਨ ਹੈ।



ਜੇਕਰ ਤੁਹਾਨੂੰ ਪੜ੍ਹਦੇ ਹੋਏ ਸਟਰੇਨ ਪੈਂਦਾ ਹੈ, ਸਿਰ ਵਿੱਚ ਦਰਦ ਰਹਿੰਦਾ ਹੈ, ਅੱਖਾਂ ਵਿੱਚ ਭਾਰਾ ਪਾਣੀ ਮਹਿਸੂਸ ਕਰਦੇ ਹੋ, ਕਿਸੇ ਚੀਜ਼ ਨੂੰ ਥੋੜਾ ਦੂਰ ਕਰਕੇ ਪੜ੍ਹਨਾ ਪੈਂਦਾ ਹੈ ਤਾਂ ਆਪਣੀਆਂ ਅੱਖਾਂ ਜਰੂਰ ਚੈੱਕ ਕਰਵਾਓ। ਜੇਕਰ ਡਾਕਟਰ ਉਸ ਦਾ ਕੋਈ ਨੰਬਰ ਦਿੰਦਾ ਹੈ ਸੋ ਉਸ ਨੰਬਰ ਦੀ ਐਨਕ ਲਾਓ ਤੇ ਲਾਈ ਰੱਖੋ। ਬਹੁਤੀ ਵਾਰ ਅਸੀਂ ਔਰਤਾਂ ਇਹ ਸੋਚ ਲੈਂਦੀਆਂ ਹਾਂ ਕਿ ਐਨਕ ਨਾਲ ਖੂਬਸੂਰਤੀ ਘੱਟਦੀ ਹੈ। ਅਜਿਹਾ ਕੁਝ ਨਹੀਂ। ਐਨਕ ਨਾਲ ਤਾਂ ਸਗੋਂ ਬੰਦਾ ਪੜਿਆ ਲਿਖਿਆ ਜਿਹਾ ਲੱਗਦਾ। ਸਕਾਲਰ ਲੁਕਸ। ਰੱਬ ਦੀ ਦਿੱਤੀ ਦਾਤ ਦਾ ਖਿਆਲ ਰੱਖੋ। ਜੇਕਰ ਐਨਕ ਲੱਗੀ ਹੈ ਤਾਂ ਹਰ ਛੇ ਮਹੀਨੇ ਬਾਅਦ ਨੰਬਰ ਜਰੂਰ ਚੈੱਕ ਕਰਾਓ।

ਆਪਣੀਆਂ ਅੱਖਾਂ ਦਾ ਖਿਆਲ ਰੱਖਿਓ ਕਿਉਂਕਿ ਇਹਨਾਂ ਨਾਲ ਹੀ ਤੁਹਾਡਾ ਜਹਾਨ ਹੈ।

ਹੁਣ ਤੁਸੀਂ ਸੋਚੋਗੇ ਤੇ ਹੁਣ ਇਹ ਸਾਰੀ ਕਹਾਣੀ ਕਿਉਂ ਪਾਈ। ਇਸ ਦਾ ਕਾਰਨ ਇਹ ਹੈ ਕਿ ਕੁਝ ਦਿਨ ਪਹਿਲਾਂ ਨਵੀਆਂ ਐਨਕਾਂ ਲੈ ਕੇ ਆਈ ਹਾਂ।

ਸੋਚਿਆ ਥੋੜਾ ਗਿਆਨ ਤੁਹਾਡੇ ਨਾਲ ਵੀ ਸਾਂਝਾ ਕਰ ਲਵਾਂ।

# ਜਿਉਣ ਜੋਗਿਆ ਇੰਝ ਨਾ ਕਰੀਂ...

ਦੋਵੇਂ ਪਿਓ ਪੁੱਤ...ਮੁਕਤਸਰ ਮੰਡੀ ਫਰੂਟ ਦੀ ਰੇਹੜੀ... ਆਪੋ ਵਿਚ ਕਿਹਾ ਸੁਣੀ ਹੋ ਗਈ...ਪੁੱਤ ਨਹਿਰ ਤੇ ਅੱਪੜ ਫੋਨ ਕੀਤਾ ਕੇ ਛਾਲ ਮਾਰਨ ਲੱਗਾ..!



ਅੱਗੋਂ ਹੱਥ ਪੈਰ ਫੁੱਲ ਗਏ...ਜਿਉਣ ਜੋਗਿਆ ਇੰਝ ਨਾ ਕਰੀਂ ਮੇਰਾ ਸਭ ਕੁਝ ਉੱਜੜ ਜਾਣਾ..ਨਾਲ ਹੀ ਆਂਦਰਾਂ ਨੂੰ ਸੇਕ ਪਿਆ...ਓਸੇ ਵੇਲੇ ਨਹਿਰ ਵੱਲ ਨੂੰ ਦੌੜ ਪਿਆ...ਪਿਓ ਨੂੰ ਆਉਂਦੇ ਨੂੰ ਵੇਖ ਗੁੱਸਾ ਦੂਣ ਸਵਾਇਆ ਹੋ ਜ਼ਿਹਨ ਤੇ ਭਾਰੂ ਹੋ ਗਿਆ... ਛਾਲ ਮਾਰ ਦਿੱਤੀ...ਪਿਓ ਵੀ ਮਗਰੇ ਹੀ ਬਚਾਉਣ ਖਾਤਿਰ...ਆਸੇ ਪਾਸੇ ਲੋਕਾਂ ਰੱਸੇ ਸੁੱਟੇ...ਪੁੱਤ ਦਾ ਹੱਥ ਪੈ ਵੀ ਗਿਆ..ਪਰ ਰੁੜਦੇ ਹੋਏ ਪਿਓ ਨੂੰ ਵੇਖ ਓਧਰ ਨੂੰ ਹੋ ਗਿਆ ਬਚਾਉਣ ਖਾਤਿਰ..!

ਫੇਰ ਵੇਹੰਦੇ ਵੇਹੰਦੇ ਦੋ ਜਿੰਦਗੀਆਂ ਅਲੋਪ ਹੋ ਗਈਆਂ..ਸਦੀਵੀਂ..ਅਤੇ ਮਗਰ ਰਹਿ ਗਿਆਂ ਨੂੰ ਪਾ ਗਈਆਂ ਉਮਰਾਂ ਦੇ ਰੋਣੇ..!

ਲਮਹੋਂ ਨੇ ਖਤਾ ਕੀ ਔਰ ਸਦੀਓਂ ਨੇ ਸਜਾ ਪਾਈ..!

ਵਜਾ ਤੇ ਪਤਾ ਨਹੀਂ ਪਰ ਏਨੀ ਗੱਲ ਜਰੂਰ..ਭੱਜ ਦੌੜ ਵਾਲੀ ਅਜੋਕੀ ਸ਼ੈਲੀ ਵਿਚ ਜਿਸਨੂੰ ਗੁੱਸੇ ਕ੍ਰੋਧ ਨੂੰ ਵੱਸ ਵਿਚ ਕਰਨਾ ਆ ਗਿਆ..ਸਮਝੋ ਸਿਕੰਦਰ ਹੋ ਨਿੱਬੜਿਆ..!

ਸਰਫ਼ੇ ਦੀਆਂ ਕੱਲੀਆਂ ਕੱਲੀਆਂ ਔਲਾਦਾਂ..ਜਾਨ ਹਮੇਸ਼ਾਂ ਮੁੱਠੀ ਵਿਚ..ਕੁਝ ਕਰ ਹੀ ਨਾ ਬੈਠੇ...ਬਰਦਾਸ਼ਤ ਦਾ ਮਾਦਾ ਮੁੱਠੀ ਵਿਚੋਂ ਰੇਤ ਵਾਂਙ ਕਿਰੀ ਜਾਂਦਾ...ਦੋਵੇਂ ਪਾਸੇ..!

ਪਿਛਲੀ ਪੀੜੀ ਕੁੱਟ ਝਿੜਕਾਂ ਖਾ ਖਾ ਵੱਡੀ ਹੋਈ..ਪਿਓਵਾ ਮਾਸਟਰਾਂ ਚਾਚਿਆਂ ਤਾਇਆਂ ਕੋਲੋਂ..ਉਹ ਅਗਲੀ ਜੈਨਰੇਸ਼ਨ ਕੋਲੋਂ ਵੀ ਹੂ–ਬਹੂ ਓਹੀ ਚੀਜ ਭਾਲਦੀ...ਜੋ ਮਰਜੀ ਆਖੀਐ ਅੱਗਿਓਂ ਚੂੰ ਤੀਕਰ ਵੀ ਨਾ ਕਰੇ...ਪਰ ਮਾਹੌਲ ਆਲਾ ਦਵਾਲਾ ਤੌਰ–ਤਰੀਕੇ ਸਭ ਕੁਝ ਬਦਲ ਚੁਕੇ...ਗੱਲ ਭੁੰਝੇ ਨੀ ਪੈਣ ਦਿੰਦੇ...!

ਹੁਣ ਤੇ ਵਿਚ ਵਿਚਾਲੇ ਦੇ ਐਸੇ ਰਾਹ ਲੱਭਣੇ ਪੈਣੇ ਕੇ ਸੱਪ ਵੀ ਮੁੱਕ ਜਾਵੇ ਤੇ ਸੋਟੀ ਵੀ ਨਾ ਟੁੱਟੇ..ਪਰ ਮੁੱਕਦੀ ਗੱਲ...ਜੋ ਮਰਜੀ ਜਿੰਨਾ ਮਰਜੀ ਬਦਲ ਗਿਆ ਹੋਵੇ ਪਰ ਇੱਕ ਮਿਥ ਅਜੇ ਤੀਕਰ ਵੀ ਉਂਝ ਦੀ ਉਂਝ ਕਾਇਮ..ਕੋਈ ਵੀ ਮਾਂ ਬਾਪ ਆਪਣੀ ਔਲਾਦ ਦਾ ਕਦੇ ਬੁਰਾ ਨਹੀਂ ਸੋਚ ਸਕਦਾ!

ਅਰਦਾਸ ਹੈ ਤੇ ਔਖੀ ਪਰ ਕਰਨੀ ਜਰੂਰ ਬਣਦੀ ਏ..ਦੁਨੀਆ ਦੀ ਹਰ ਔਲਾਦ ਆਗਿਆਕਾਰ ਅਤੇ ਫਰਮਾਬਰਦਾਰ ਹੋਵੇ ਅਤੇ ਸਿਰ ਤੇ ਤਣੀ ਹੋਈ ਬਾਪ ਵਾਲੀ ਛਤਰੀ ਹਮੇਸ਼ਾਂ ਕਾਇਮ ਰਹੇ..!

ਜਾਂਦੇ ਜਾਂਦੇ ਲਹਿੰਦੇ ਪੰਜਾਬ ਵੱਲ ਆਖੀ ਇੱਕ ਗੱਲ..ਰੁੱਖ ਛਾਂ ਵਾਲਾ ਨ੍ਹੇਰੀ ਨਾਲ ਡਿੱਗਿਆ..ਤੇ ਅੱਬਾ ਮੈਨੂੰ ਚੇਤੇ ਆ ਗਿਆ!

ਹਰਪ੍ਰੀਤ ਸਿੰਘ ਜਵੰਦਾ

# ਰਾਸ਼ਨ ਕਿੱਟ ਲੋਕੋ

ਜੇਕਰ ਬਣਾਉਣਾ ਹੈ ਮਕਾਨ ਵਧੀਆ
ਕਦੇ ਲਾਉ ਨਾ ਮਾੜੀ ਇੱਟ ਲੋਕੋ ।

ਘੋਖ ਪੜਤਾਲ ਕਰੋ ਪੂਰੇ ਮਸਲੇ ਦੀ
ਐਵੇਂ ਦਿਓ ਨਾ ਕਲੀਨ ਚਿੱਟ ਲੋਕੋ।

ਗੱਲਬਾਤ ਸ਼ੱਕੀ ਉਹ ਹੈ ਹੋ ਜਾਂਦੀ
ਜਿਹੜੀ ਅੰਦਰ ਹੋਵੇ ਗਿੱਟ ਮਿੱਟ ਲੋਕੋ।

ਦੇਣਾ ਪਹਿਰਾ ਸਦਾ ਸੱਚ ਉੱਪਰ ਸਿੱਖੋ
ਝੂਠ ਪਿੱਛੇ ਨਾ ਲੜੋ ਪਿੱਟ ਪਿੱਟ ਲੋਕੋ ।

ਗੁਰੂ ਦੀ ਬੇਅਦਬੀ ਦਾ ਨਾ ਇਨਸਾਫ਼ ਮਿਲਿਆ
ਬਣੀ ਕਈ ਵਾਰ ਹੈ ਸਪੈਸ਼ਲ ਸਿੱਟ ਲੋਕੋ ।

ਜਿਹੜਾ ਝੂਠ ਬੋਲਣ ਵਿੱਚ ਮਾਹਰ ਹੋਵੇ
ਬੰਦਾ ਉਹੀ ਹੁੰਦਾ ਅੱਜ ਕੱਲ੍ਹ ਹਿੱਟ ਲੋਕੋ।


ਕਹਿਣੀ ਹੋਰ ਤੇ ਕਰਨੀ ਹੋਰ ਦੇ ਮਾਲਕ
ਬੰਦੇ ਉਹ ਨਾ ਆਉਂਦੇ ਸਾਨੂੰ ਫਿੱਟ ਲੋਕੋ।

ਜਿਹੜੇ ਕਹਿੰਦੇ ਸੀ ਦਿਓ ਨੌਕਰੀ 'ਬੱਬੀ' ਨੂੰ
ਫੋਟੋ ਛਾਪ ਕੇ ਵੰਡਦੇ ਰਾਸ਼ਨ ਕਿੱਟ ਲੋਕੋ।

ਬਲਬੀਰ ਸਿੰਘ ਬੱਬੀ
7009107300

# ਗੁਰਿੰਦਰਵੀਰ ਸਿੰਘ ਬਣਿਆ ਭਾਰਤ ਦਾ ਸਭ ਤੋਂ ਤੇਜ਼ ਦੌੜਾਕ

## ਮਹਿਜ਼ 10.09 ਸਕਿੰਟ ’ਚ ਪੂਰੀ ਕੀਤੀ 100 ਮੀਟਰ ਦੌੜ




ਰਾਂਚੀ/ਸ਼ਾਹ : ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਖੇ ਪੰਜਾਬ ਦੇ ਗੁਰਿੰਦਰਵੀਰ ਸਿੰਘ ਨੇ ਉਸ ਸਮੇਂ ਇਤਿਹਾਸ ਸਿਰਜ ਦਿੱਤਾ, ਜਦੋਂ ਉਨ੍ਹਾਂ ਨੇ ਐਥਲੈਟਿਕਸ ਫੈਡਰੇਸ਼ਨ ਮੁਕਾਬਲੇ ਵਿਚ ਪੁਰਸ਼ਾਂ ਦੀ 100 ਮੀਟਰ ਦੌੜ ਨੂੰ ਮਹਿਜ਼ 10:09 ਸਕਿੰਟ ਵਿਚ ਪੂਰਾ ਕਰਕੇ ਨਵਾਂ ਰਿਕਾਰਡ ਬਣਾ ਦਿੱਤਾ। ਇਹ ਰਿਕਾਰਡ ਇਸ ਲਈ ਵੀ ਖ਼ਾਸ ਐ ਕਿਉਂਕਿ ਭਾਰਤੀ ਐਥਲੈਟਿਕਸ ਦੇ ਇਤਿਹਾਸ ਵਿਚ ਪਹਿਲੀ ਵਾਰ 100 ਮੀਟਰ ਰੇਸ ਵਿਚ 10:10 ਸਕਿੰਟ ਦਾ ਮਾਰਕ ਕ੍ਰੈਕ ਹੋਇਆ ਏ, ਯਾਨੀ ਕਿਸੇ ਭਾਰਤੀ ਐਥਲੀਟ ਨੇ ਪਹਿਲੀ ਵਾਰ 100 ਮੀਟਰ ਦੌੜ ਨੂੰ 10:10 ਸਕਿੰਟ ਤੋਂ ਘੱਟ ਸਮੇਂ ਵਿਚ ਪੂਰਾ ਕੀਤਾ। ਗੁਰਿੰਦਰਵੀਰ ਨੇ ਫਿਨਿਸ਼ ਲਾਈਨ ਪਾਰ ਕਰਦਿਆਂ ਹੀ ਛਾਤੀ ’ਤੇ ਲੱਗਿਆ ਬਿਬ ਨੰਬਰ ਉਖਾੜ ਦਿੱਤਾ ਅਤੇ ਜੋਸ਼ ਵਿਚ ਦਹਾੜਦੇ ਹੋਏ ਟ੍ਰੈਕ ’ਤੇ ਅਪਣੇ ਜੁੱਤੇ ਸੁੱਟ ਦਿੱਤੇ।

ਇਸ ਮੁਕਾਬਲੇ ਵਿਚ ਸ਼ਾਨਦਾਰ ਜਿੱਤ ਦਰਜ ਕਰਨ ਤੋਂ ਬਾਅਦ ਗੱਲਬਾਤ ਕਰਦਿਆਂ ਗੁਰਿੰਦਰਵੀਰ ਸਿੰਘ ਨੇ ਆਖਿਆ ਕਿ ਲੋਕ ਕਹਿੰਦੇ ਸੀ ਕਿ ਭਾਰਤੀਆਂ ਦੇ ਕੋਲ 100 ਮੀਟਰ ਦੇ ਲਈ ਜੀਨ ਨਹੀਂ ਐ,ਪਰ ਮੈਂ ਸਾਰਿਆਂ ਨੂੰ ਗ਼ਲਤ ਸਾਬਤ ਕਰਨਾ ਚਾਹੁੰਦਾ ਸੀ,ਭਾਰਤੀ ਜੀਨ ਬਹੁਤ ਮਜ਼ਬੂਤ ਐ ਅਤੇ ਇਹ ਸਿਰਫ਼ ਸ਼ੁਰੂਆਤ ਐ।

ਗੁਰਿੰਦਰਵੀਰ ਸਿੰਘ ਦਾ ਇਹ ਸਮਾਂ ਇਸ ਸੀਜ਼ਨ ਵਿਚ ਪੂਰੇ ਏਸ਼ੀਆ ਦਾ ਦੂਜਾ ਸਭ ਤੋਂ ਤੇਜ਼ ਸਮਾ ਹੈ ਜੋ ਜਪਾਨ ਦੇ ਫੁਕੁਤੋ ਕੋਮੁਰੋ ਤੋਂ ਸਿਰਫ਼ ਪੁਆਇੰਟ 01 ਸਕਿੰਟ ਪਿੱਛੇ ਐ। ਇਸ ਦੇ ਨਾਲ ਉਨ੍ਹਾਂ ਨੇ 2026 ਦੀਆਂ ਕਾਮਨਵੈਲਥ ਖੇਡਾਂ ਦੇ ਲਈ ਕੁਆਲੀਫਾਈ ਨੂੰ ਵੀ ਆਸਾਨੀ ਨਾਲ ਪਾਰ ਕਰ ਲਿਆ। ਸੀਨੀਅਰ ਫੈਡਰੇਸ਼ਨ ਕੱਪ ’ਚ ਗੁਰਿੰਦਰਵੀਰ ਸਿੰਘ ਨੇ ਅਪਣੇ ਕੱਟੜ ਮੁਕਾਬਲੇਬਾਜ਼ ਅਨਿਮੇਸ਼ ਕੁਜੂਰ ਨੂੰ ਪਿੱਛੇ ਛੱਡ ਦਿੱਤਾ। ਗੁਰਿੰਦਰਵੀਰ ਸਿੰਘ ਨੇ ਫਾਈਨਲ ਵਿਚ ਅਨਿਮੇਸ਼ ਤੋਂ 0.11 ਸਕਿੰਟ ਤੇਜ਼ ਦੌੜ ਲਗਾਈ। ਉਨ੍ਹਾਂ ਨੇ ਅਪਣੇ ਵਿਰੋਧੀ ਤੋਂ ਘੱਟੋ ਘੱਟ ਦੋ ਫੁੱਟ ਅੱਗੇ ਰਹਿੰਦਿਆਂ ਫਿਨਿਸ਼ ਲਾਈਨ ਪਾਰ ਕੀਤੀ। ਰਿਲਾਇੰਸ ਫਾਊਂਡੇਸ਼ਨ ਦੇ ਹੀ ਪ੍ਰਣਬ ਗੁਰਵ 10:29 ਸਕਿੰਟ ਦੇ ਸਮੇਂ ਨਾਲ ਤੀਜੇ ਸਥਾਨ ’ਤੇ ਰਹੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਗੁਰਿੰਦਰਵੀਰ ਸਿੰਘ ਨੂੰ ਮੁਬਾਰਕਾਂ ਦਿੰਦਿਆਂ ਆਖਿਆ :

ਮੁੱਖ ਮੰਤਰੀ ਮਾਨ ਨੇ ਦਿੱਤੀਆਂ ਮੁਬਾਰਕਾਂ : ‘‘ਸਾਡੇ ਹੋਣਹਾਰ ਖਿਡਾਰੀ ਗੁਰਿੰਦਰਵੀਰ ਸਿੰਘ ਨੂੰ ਰਾਂਚੀ ’ਚ ਫੈਡਰੇਸ਼ਨ ਕੱਪ ਦੀ 100 ਮੀਟਰ ਦੌੜ ਵਿਚ ਗੋਲਡ ਮੈਡਲ ਜਿੱਤਣ ’ਤੇ ਹਾਰਦਿਕ ਵਧਾਈ। ਸਾਡੇ ਬਹਾਦਰ ਨੌਜਵਾਨ ਨੇ 10:09 ਸਕਿੰਟ ਦਾ ਸਮਾਂ ਕੱਢ ਕੇ ਨਵਾਂ ਰਾਸ਼ਟਰੀ ਰਿਕਾਰਡ ਬਣਾਇਆ ਹੈ। ਗੁਰਿੰਦਰਵੀਰ ਇੰਨੇ ਘੱਟ ਸਮੇਂ ’ਚ ਦੌੜ ਪੂਰੀ ਕਰਨ ਵਾਲੇ ਪਹਿਲੇ ਭਾਰਤੀ ਐਥਲੀਟ ਬਣ ਗਏ ਹਨ। ਪੰਜਾਬ ਦੇ ਪੁੱਤਰ ਨੇ ਲਗਾਤਾਰ ਦੋ ਦਿਨਾਂ ’ਚ ਦੂਜਾ ਰਾਸ਼ਟਰੀ ਰਿਕਾਰਡ ਤੋੜ ਕੇ ਰਾਜ ਦਾ ਨਾਮ ਰਾਸ਼ਟਰੀ ਅਤੇ ਕੌਮਾਂਤਰੀ ਪੱਧਰ ’ਤੇ ਰੌਸ਼ਨ ਕੀਤਾ ਹੈ।’’

ਗੁਰਿੰਦਰਵੀਰ ਸਿੰਘ ਦੀ ਇਸ ਸ਼ਾਨਦਾਰ ਜਿੱਤ ’ਤੇ ਉਸ ਦੇ ਪਰਿਵਾਰ ਵੱਲੋਂ ਖ਼ੁਸ਼ੀ ਜਤਾਈ ਗਈ ਐ। ਗੁਰਿੰਦਰਵੀਰ ਦੇ ਮਾਪਿਆਂ ਨੇ ਗੱਲਬਾਤ ਕਰਦਿਆਂ ਆਖਿਆ ਕਿ ਉਨ੍ਹਾਂ ਨੂੰ ਬਹੁਤ ਮਾਣ ਮਹਿਸੂਸ ਹੋ ਰਿਹੈ,, ਕਿ ਉਨ੍ਹਾਂ ਦੇ ਪੁੱਤਰ ਨੇ ਇਤਿਹਾਸ ਰਚ ਦਿੱਤਾ ਹੈ। ਗੁਰਿੰਦਰਵੀਰ ਦੇ ਪਿਤਾ ਨੇ ਆਖਿਆ ਕਿ ਉਹ 12 ਸਾਲ ਤੋਂ ਮਿਹਨਤ ਕਰ ਰਿਹਾ ਐ, ਜਿਸ ਦਾ ਫ਼ਲ ਉਸ ਨੂੰ ਮਿਲਿਆ।

ਵਿਸ਼ਵ ਵਿਚ 100 ਮੀਟਰ ਦੌੜ ਨਾਲ ਕੁੱਝ ਰੌਚਕ ਫੈਕਟ ਜੁੜੇ ਹੋਏ ਨੇ,, ਅੰਗਰੇਜ਼ ਕਿਸੇ ਸਮੇਂ ਮੰਨਦੇ ਸੀ ਕਿ ਕਾਲੇ ਲੋਕ ਦੌੜ ਵਿਚ ਕਦੇ ਉਨ੍ਹਾਂ ਤੋਂ ਅੱਗੇ ਨਹੀਂ ਲੰਘ ਸਕਦੇ, ਪਰ 1984 ਤੋਂ ਬਾਅਦ ਦੌੜ ਵਿਚ ਕੋਈ ਗੋਰਾ ਨਹੀਂ ਜਿੱਤ ਸਕਿਆ। ਜੇਕਰ 100 ਮੀਟਰ ਦੌੜ ਨਾਲ ਜੁੜੇ ਪਿਛਲੇ ਇਤਿਹਾਸ ’ਤੇ ਇਕ ਝਾਤ ਮਾਰੀ ਜਾਵੇ ਤਾਂ :

100 ਮੀਟਰ ਦੌੜ ਨਾਲ ਜੁੜਿਆ ਰੌਚਕ ਫੈਕਟ
- ਮਾਡਰਨ ਓਲੰਪਿਕ ਦੀ ਸ਼ੁਰੂਆਤ ਸੰਨ 1896 ਵਿਚ ਹੋਈ ਸੀ।
- 1928 ਤੱਕ 100 ਮੀਟਰ ਦੌੜ ’ਚ ਗੋਰੇ ਹੀ ਚੈਂਪੀਅਨ ਬਣਦੇ ਸਨ।
- 1932 ’ਚ 100 ਮੀਟਰ ਦੌੜ ’ਚ ਐਡੀ ਟੋਲਨ ਪਹਿਲੇ ਕਾਲੇ ਚੈਂਪੀਅਨ ਬਣੇ।
- 1984 ਤੋਂ 2024 ਤੱਕ ਓਲੰਪਿਕ ’ਚ ਕਾਲੇ ਹੀ 100 ਮੀਟਰ ਚੈਂਪੀਅਨ ਰਹੇ।
- 2020 ’ਚ ਟੋਕੀਓ ਓਲੰਪਿਕ ਦਾ ਗੋਲਡ ਲੇਮਾਂਟ ਮਾਰਸਲ ਜੈਕਬਜ਼ ਨੇ ਜਿੱਤਿਆ।
- ਜੈਕਬਜ਼ ਦੇ ਪਿਤਾ ਅਫ਼ਰੀਕੀ ਅਤੇ ਮਾਂ ਇਟਾਲੀਅਨ ਹੋਣ ਕਰਕੇ ਉਨ੍ਹਾਂ ਨੂੰ ਵੀ ਕਾਲਿਆਂ ’ਚ ਗਿਣਿਆ ਗਿਆ।

ਦੱਸ ਦਈਏ ਕਿ ਗੁਰਿੰਦਰਵੀਰ ਸਿੰਘ ਤੋਂ ਇਲਾਵਾ ਵਿਸ਼ਾਲ ਨੇ ਪੁਰਸ਼ਾਂ ਦੀ 400 ਮੀਟਰ ਦੌੜ ਨੂੰ 44.98 ਸਕਿੰਟ ਵਿਚ ਪੂਰਾ ਕਰਕੇ ਅਪਣਾ ਹੀ ਨੈਸ਼ਨਲ ਰਿਕਾਰਡ ਤੋੜ ਦਿੱਤਾ। ਉਹ 45 ਸਕਿੰਟ ਤੋਂ ਘੱਟ ਸਮੇਂ ਵਿਚ ਇਹ ਦੌੜ ਪੂਰੀ ਕਰਨ ਵਾਲੇ ਪਹਿਲੇ ਭਾਰਤੀ ਬਣ ਗਏ। ਵਿਸ਼ਾਲ ਦੀ ਇਹ ਟਾਈਮਿੰਗ ਇਸ ਸੀਜ਼ਨ ਵਿਚ ਪੂਰੇ ਏਸ਼ੀਆ ਵਿਚ ਸਭ ਤੋਂ ਤੇਜ਼ ਐ। ਦੌੜ ਵਿਚ ਤਾਮਿਲਨਾਡੂ ਦੇ ਰਾਜੇਸ਼ ਰਮੇਸ਼ 45:31 ਸਕਿੰਟ ਨਾਲ ਦੂਜੇ ਅਤੇ ਉਤਰ ਪ੍ਰਦੇਸ਼ ਦੇ ਜੈ ਕੁਮਾਰ 45:47 ਸਕਿੰਟ ਨਾਲ ਤੀਜੇ ਸਥਾਨ ’ਤੇ ਰਹੇ।

# ਸਚਿਨ ਤੇਂਦੁਲਕਰ ਨੇ ਆਪਣੇ ਪੁੱਤਰ ਅਰਜੁਨ ਦੇ ਸਬਰ ਅਤੇ ਸਮਰੱਥਾ ਦੀ ਕੀਤੀ ਸ਼ਲਾਘਾ

ਲਖਨਊ : ਸਾਬਕਾ ਮਹਾਨ ਬੱਲੇਬਾਜ਼ ਸਚਿਨ ਤੇਂਦੁਲਕਰ ਨੇ ਆਪਣੇ ਪੁੱਤਰ ਅਤੇ ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਅਰਜੁਨ ਤੇਂਦੁਲਕਰ ਦੀ ਇੰਡੀਅਨ ਪ੍ਰੀਮੀਅਰ ਲੀਗ ਦੇ ਮੌਜੂਦਾ ਸੀਜ਼ਨ ਵਿੱਚ ਲਖਨਊ ਸੁਪਰ ਜਾਇੰਟਸ ਦੇ ਆਖਰੀ ਲੀਗ ਮੈਚ ਵਿੱਚ ਚੰਗਾ ਪ੍ਰਦਰਸ਼ਨ ਕਰਨ 'ਤੇ ਉਸ ਦੇ ਸਬਰ ਅਤੇ ਸਮਰੱਥਾ ਦੀ ਸ਼ਲਾਘਾ ਕੀਤੀ ਹੈ।

ਐੱਲ.ਐੱਸ.ਜੀ. ਨੇ ਇਸ ਤੋਂ ਪਹਿਲਾਂ ਅਰਜੁਨ ਨੂੰ ਕਿਸੇ ਵੀ ਮੈਚ ਵਿੱਚ ਖੇਡਣ ਦਾ ਮੌਕਾ ਨਹੀਂ ਦਿੱਤਾ ਸੀ। ਇਸ ਦੌਰਾਨ ਉਹ ਅਭਿਆਸ ਮੈਚਾਂ ਵਿੱਚ ਚੰਗਾ ਪ੍ਰਦਰਸ਼ਨ ਕਰ ਰਿਹਾ ਸੀ, ਪਰ ਆਪਣੀ ਕਾਬਲੀਅਤ ਸਾਬਤ ਕਰਨ ਲਈ ਉਸ ਨੂੰ ਸੀਜ਼ਨ ਦੇ ਆਖਰੀ ਮੈਚ ਤੱਕ ਇੰਤਜ਼ਾਰ ਕਰਨਾ ਪਿਆ। ਐੱਲ.ਐੱਸ.ਜੀ. ਦੀ ਪੰਜਾਬ ਕਿੰਗਜ਼ ਹੱਥੋਂ ਹਾਰ ਤੋਂ ਬਾਅਦ ਤੇਂਦੁਲਕਰ ਨੇ ਸੋਸ਼ਲ ਮੀਡੀਆ 'ਤੇ ਇੱਕ ਭਾਵੁਕ ਸੰਦੇਸ਼ ਲਿਖਿਆ।

ਤੇਂਦੁਲਕਰ ਨੇ ਕਿਹਾ, ‘‘ਸ਼ਾਬਾਸ਼, ਅਰਜੁਨ। ਇਸ ਪੂਰੇ ਸੀਜ਼ਨ ਵਿੱਚ ਜਿਸ ਤਰ੍ਹਾਂ ਤੂੰ ਖੁਦ ਨੂੰ ਸੰਭਾਲਿਆ ਹੈ, ਉਸ 'ਤੇ ਮੈਨੂੰ ਮਾਣ ਹੈ। ਹਮੇਸ਼ਾ ਆਪਣੀ ਸਮਰੱਥਾ 'ਤੇ ਭਰੋਸਾ ਬਣਾਈ ਰੱਖਿਆ, ਸਬਰ ਰੱਖਿਆ, ਚੁੱਪਚਾਪ ਸਖ਼ਤ ਮਿਹਨਤ ਕੀਤੀ ਅਤੇ ਆਖਰੀ ਮੈਚ ਤੱਕ ਆਪਣੇ ਮੌਕੇ ਦਾ ਇੰਤਜ਼ਾਰ ਕਰਨ ਦੇ ਬਾਵਜੂਦ ਸਕਾਰਾਤਮਕ ਬਣੇ ਰਹੇ।’’

ਉਨ੍ਹਾਂ ਅੱਗੇ ਕਿਹਾ ਕਿ ਕ੍ਰਿਕਟ ਵਿੱਚ ਹੁਨਰ ਦੇ ਨਾਲ-ਨਾਲ ਸਬਰ ਦੀ ਵੀ ਪ੍ਰੀਖਿਆ ਹੁੰਦੀ ਹੈ ਅਤੇ ਅੱਜ ਤੂੰ ਦੋਵਾਂ ਨੂੰ ਬਾਖੂਬੀ ਨਿਭਾਇਆ । ਆਪਣੇ ਪੈਰ ਜ਼ਮੀਨ 'ਤੇ ਬਣਾਈ ਰੱਖਣਾ ਅਤੇ ਖੇਡ ਪ੍ਰਤੀ ਆਪਣੇ ਪਿਆਰ ਨੂੰ ਹਮੇਸ਼ਾ ਦੀ ਤਰ੍ਹਾਂ ਬਰਕਰਾਰ ਰੱਖਣਾ । ਤੈਨੂੰ ਬਹੁਤ ਸਾਰਾ ਪਿਆਰ। ਅਰਜੁਨ ਦਾ ਪਹਿਲਾ ਓਵਰ ਕਾਫੀ ਚੰਗਾ ਸੀ ਅਤੇ ਜੇਕਰ ਕਪਤਾਨ ਰਿਸ਼ਭ ਪੰਤ ਨੇ ਪ੍ਰਭਸਿਮਰਨ ਸਿੰਘ ਦੀ ਗੇਂਦ 'ਤੇ ਮੁਸ਼ਕਲ ਕੈਚ ਫੜ ਲਿਆ ਹੁੰਦਾ ਤਾਂ ਉਸ ਨੂੰ ਵਿਕਟ ਮਿਲ ਸਕਦੀ ਸੀ। ਉਸ ਨੇ ਸ਼ੁਰੂਆਤੀ ਓਵਰਾਂ ਵਿੱਚ ਲੈਂਥ 'ਤੇ ਗੇਂਦਬਾਜ਼ੀ ਕੀਤੀ, ਪਰ 15ਵੇਂ ਓਵਰ ਵਿੱਚ ਪ੍ਰਭਸਿਮਰਨ ਨੂੰ ਯਾਰਕਰ 'ਤੇ ਐੱਲ.ਬੀ.ਡਬਲਯੂ. ਆਊਟ ਕੀਤਾ। ਪੰਤ ਨੇ ਪਾਵਰਪਲੇ ਤੋਂ ਤੁਰੰਤ ਬਾਅਦ ਅਰਜੁਨ ਨੂੰ ਗੇਂਦਬਾਜ਼ੀ ਲਈ ਉਤਾਰਿਆ ਸੀ। ਉਸ ਨੇ ਨਵਾਂ ਪੰਦਰਵਾਂ ਅਤੇ ਸਤਾਰ੍ਹਵਾਂ ਓਵਰ ਵੀ ਸੁੱਟਿਆ ਅਤੇ ਕੁੱਲ ਮਿਲਾ ਕੇ 36 ਰਨ ਦੇ ਕੇ ਇੱਕ ਵਿਕਟ ਲਈ । 26 ਸਾਲਾ ਅਰਜੁਨ ਮੁੰਬਈ ਇੰਡੀਅਨਜ਼ ਲਈ ਵੀ ਖੇਡ ਚੁੱਕਾ ਹੈ। ਸਚਿਨ ਤੇਂਦੁਲਕਰ ਦਾ ਪੁੱਤਰ ਹੋਣ ਕਰਕੇ ਅਰਜੁਨ ਸ਼ੁਰੂ ਤੋਂ ਹੀ ਸੁਰਖੀਆਂ ਵਿੱਚ ਰਿਹਾ ਹੈ। ਐੱਲ.ਐੱਸ.ਜੀ. ਦੇ ਟੀਮ ਪ੍ਰਬੰਧਨ ਦੇ ਕੁਝ ਮੈਂਬਰ ਉਸ ਨੂੰ ਕਾਫੀ ਪਹਿਲਾਂ ਖੇਡਣ ਦਾ ਮੌਕਾ ਦੇਣਾ ਚਾਹੁੰਦੇ ਸਨ, ਪਰ ਅਜਿਹਾ ਨਹੀਂ ਹੋ ਸਕਿਆ ਸੀ।

# ਰੋਨਾਲਡੋ ਨੇ 2 ਗੋਲ ਕਰ ਕੇ ਸਾਊਦੀ ਅਰਬ ’ਚ ਖ਼ਿਤਾਬ ਦਾ ਸੋਕਾ ਕੀਤਾ ਖ਼ਤਮ



ਰਿਆਦ : ਧਾਕੜ ਫ਼ੁੱਟਬਾਲਰ ਕ੍ਰਿਸਟੀਆਨੋ ਰੋਨਾਲਡੋ ਆਖ਼ਰ ’ਚ ਸਊਦੀ ਅਰਬ ’ਚ ਕੋਈ ਵੱਡੀ ਟਰਾਫ਼ੀ ਜਿੱਤਣ ’ਚ ਸਫ਼ਲ ਰਿਹਾ। ਪੁਰਤਗਾਲ ਦੇ ਇਸ 41 ਸਾਲਾ ਸਟਾਰ ਖਿਡਾਰੀ ਦੇ 2 ਗੋਲ ਦੀ ਮਦਦ ਨਾਲ ਅਲ ਨਾਸਰ ਨੇ ਦਮਾਕ ਵਿਰੁਧ 4-1 ਨਾਲ ਜਿੱਤ ਹਾਸਲ ਕੀਤੀ ਅਤੇ ਇਸ ਤਰ੍ਹਾਂ ਨਾਲ ਸਊਦੀ ਪ੍ਰੋ ਲੀਗ ਦਾ ਖ਼ਿਤਾਬ ਅਪਣੇ ਨਾਂ ਕੀਤਾ।

ਰੋਨਾਲਡੋ ਦੇ ਅਲ ਨਾਸਰ ਕਲੱਬ ’ਚ ਸ਼ਾਮਲ ਹੋਣ ਦੇ 3 ਸਾਲ ਤੋਂ ਵੱਧ ਸਮੇਂ ਬਾਅਦ ਇਹ ਟੀਮ ਦੀ ਪਹਿਲੀ ਵੱਡੀ ਟਰਾਫ਼ੀ ਹੈ। ਪੁਰਤਗਾਲ ਦੀ ਵਿਸ਼ਵ ਕੱਪ ਟੀਮ ’ਚ ਸ਼ਾਮਲ ਕੀਤੇ ਜਾਣ ਦੇ ਠੀਕ 2 ਦਿਨ ਬਾਅਦ ਰੋਨਾਲਡੋ ਨੇ ਟਰਾਫ਼ੀ ਚੁੱਕੀ। ਰੋਨਾਲਡੋ ਰਿਕਾਰਡ 6ਵੀਂ ਵਾਰ ਵਿਸ਼ਵ ਕੱਪ ’ਚ ਹਿੱਸਾ ਲੈਵੇਗਾ। ਇਸ ਜਿੱਤ ਨੇ ਅਲ ਨਾਸਰ ਨੂੰ ਲੀਗ ’ਚ ਚੋਟੀ ਸਥਾਨ ਦੁਆ ਦਿੱਤਾ। ਉਹ ਅਲ-ਹਿਲਾਲ ਤੋਂ 2 ਅੰਕ ਅੱਗੇ ਰਿਹਾ। ਅਲ-ਹਿਲਾਲ ਨੇ 34 ਮੈਚਾਂ ਦੇ ਸੈਸ਼ਨ ’ਚ ਅਜੇਤੂ ਰਹਿਣ ਦੇ ਬਾਵਜੂਦ ਦੂਜਾ ਸਥਾਨ ਹਾਸਲ ਕੀਤਾ। ਸਾਦਿਓ ਮਾਨੇ ਤੇ ਕਿੰਗਸਲੇ ਕੋਮਨ ਦੇ ਗੋਲ ਨਾਲ ਅਲ ਨਾਸਰ ਨੇ ਦੂਜੇ ਹਾਫ਼ ’ਚ ਬੜ੍ਹਤ ਬਣਾ ਲਈ, ਜਿਸ ਤੋਂ ਬਾਅਦ ਰੋਨਾਲਡੋ ਨੇ ਸੈਸ਼ਨ ਦੇ ਲੀਗ ’ਚ ਅਪਣੇ 27ਵੇਂ ਤੇ 28ਵੇਂ ਗੋਲ ਕੀਤੇ।

# ਕੋਹਲੀ ਨਾਲ ਬਹਿਸ ਮਗਰੋਂ Travis Head ਅਤੇ ਉਸ ਦੀ ਪਤਨੀ ਨੂੰ ਮਿਲੀਆਂ ਧਮਕੀਆਂ !



ਆਸਟਰੇਲੀਆਈ ਕ੍ਰਿਕਟ ਸਟਾਰ ਟ੍ਰੈਵਿਸ ਹੈੱਡ ਅਤੇ ਉਸ ਦੀ ਪਤਨੀ ਜੈਸਿਕਾ ਨੂੰ ਸੋਸ਼ਲ ਮੀਡੀਆ ’ਤੇ ਹਜ਼ਾਰਾਂ ਅਪਮਾਨਜਨਕ ਅਤੇ ਧਮਕੀ ਭਰੇ ਸੁਨੇਹੇ ਭੇਜੇ ਗਏ ਹਨ। ਕ੍ਰਿਕਟ ਆਸਟਰੇਲੀਆ ਦੇ ਕੁਝ ਅਧਿਕਾਰੀਆਂ ਅਤੇ ਖੇਡ ਮਾਹਰਾਂ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਖਿਡਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣਾ ਬਹੁਤ ਹੀ ਘਿਨਾਉਣਾ ਕਾਰਾ ਹੈ।

ਜ਼ਿਕਰਯੋਗ ਹੈ ਕਿ ਆਈਪੀਐਲ ਦੌਰਾਨ 22 ਮਈ ਨੂੰ ਹੈਦਰਾਬਾਦ ਦੇ ਰਾਜੀਵ ਗਾਂਧੀ ਇੰਟਰਨੈਸ਼ਨਲ ਸਟੇਡੀਅਮ ਵਿੱਚ ਖੇਡੇ ਗਏ ਸਨਰਾਈਜ਼ਰਜ਼ ਹੈਦਰਾਬਾਦ ਅਤੇ ਰੌਇਲ ਚੈਲੇਂਜਰਜ਼ ਬੰਗਲੁਰੂ ਦੇ ਮੈਚ ਤੋਂ ਬਾਅਦ ਵਿਰਾਟ ਕੋਹਲੀ ਅਤੇ ਟ੍ਰੈਵਿਸ ਹੈੱਡ ਵਿਚਕਾਰ ਹੋਈ ਤਿੱਖੀ ਬਹਿਸ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ। ਮੈਚ ਦੌਰਾਨ ਦੋਵਾਂ ਖਿਡਾਰੀਆਂ ਵਿਚਕਾਰ ਤਕਰਾਰ ਹੋਈ ਅਤੇ ਮੈਚ ਖਤਮ ਹੋਣ ਮਗਰੋਂ ਹੱਥ ਮਿਲਾਉਣ ਸਮੇਂ ਕੋਹਲੀ ਵੱਲੋਂ ਟ੍ਰੈਵਿਸ ਹੈੱਡ ਨਾਲ ਹੱਥ ਨਾ ਮਿਲਾਉਣ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਗਈ।

ਕੁਝ ਟਰੋਲਰਾਂ ਨੇ ਗੰਦੀ ਭਾਸ਼ਾ ਵਰਤਦਿਆਂ ਨਿੱਜੀ ਹਮਲੇ ਵੀ ਕੀਤੇ, ਜਿਸ ਕਾਰਨ ਜੈਸਿਕਾ ਨੂੰ ਆਪਣੇ ਸੋਸ਼ਲ ਮੀਡੀਆ ਕਮੈਂਟ ਸੀਮਿਤ ਕਰਨੇ ਪਏ ਹਨ। ਖੇਡ ਮਾਹਰਾਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਆਨਲਾਈਨ ਨਫ਼ਰਤ ਅਤੇ ਧਮਕੀ ਭਰੀ ਭਾਸ਼ਾ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ। ਆਸਟਰੇਲੀਆਈ ਖੇਡ ਟਿੱਪਣੀਕਾਰਾਂ ਨੇ ਕਿਹਾ ਕਿ ਮੈਦਾਨੀ ਮੁਕਾਬਲੇ ਨੂੰ ਨਿੱਜੀ ਜ਼ਿੰਦਗੀ ਤੱਕ ਲਿਜਾਣਾ ਖੇਡ ਭਾਵਨਾ ਦੇ ਉਲਟ ਹੈ। ਉਧਰ ਕਈ ਭਾਰਤੀ ਪ੍ਰਸ਼ੰਸਕਾਂ ਨੇ ਵੀ ਇਸ ਟਰੋਲਿੰਗ ਦੀ ਨਿੰਦਾ ਕਰਦਿਆਂ ਕਿਹਾ ਕਿ ਕੁਝ ਲੋਕਾਂ ਦੇ ਵਿਵਹਾਰ ਨਾਲ ਪੂਰੇ ਭਾਰਤੀ ਕ੍ਰਿਕਟ ਪ੍ਰੇਮੀ ਸਮੂਹ ਨੂੰ ਨਹੀਂ ਜੋੜਿਆ ਜਾਣਾ ਚਾਹੀਦਾ।

# Gulveer Singh ਨੇ ਪੰਜ ਹਜ਼ਾਰ ਮੀਟਰ ਦੌੜ 'ਚ National Record ਬਣਾਇਆ



ਭਾਰਤ ਦੇ ਲੰਮੀ ਦੂਰੀ ਦੇ ਸਿਖਰਲੇ ਦੌੜਾਕ ਗੁਲਵੀਰ ਸਿੰਘ ਨੇ ਲਾਸ ਏਂਜਲਸ ’ਚ ਕਰਵਾਏ ਗਏ ਐੱਲ ਏ ਟਰੈਕ ਫੈਸਟ ’ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੁਰਸ਼ਾਂ ਦੀ ਪੰਜ ਹਜ਼ਾਰ ਮੀਟਰ ਦੌੜ ’ਚ ਨਵਾਂ ਆਊਟਡੋਰ ਕੌਮੀ ਰਿਕਾਰਡ ਕਾਇਮ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ ਹੈ। ਵਰਲਡ ਐਥਲੈਟਿਕਸ ਕੌਂਟੀਨੈਂਟਲ ਟੂਰ ਸਿਵਲਰ ਪੱਧਰ ਦੇ ਇਸ ਮੁਕਾਬਲੇ ’ਚ ਗੁਲਵੀਰ ਨੇ 13 ਮਿੰਟ 03.93 ਸਕਿੰਟ ਦਾ ਸਮਾਂ ਲਿਆ।

ਇਸ ਦੇ ਨਾਲ ਹੀ ਉਸ ਨੇ ਆਪਣੇ ਹੀ ਆਊਟਡੋਰ ਕੌਮੀ ਰਿਕਾਰਡ 13:11:82 ’ਚ ਸੁਧਾਰ ਕੀਤਾ ਹੈ। ਇਸ 27 ਸਾਲਾ ਦੌੜਾਕ ਨੇ ਪਿਛਲੇ ਸਾਲ ਬੋਸਟਨ ’ਚ ਟੈਰੀਅਰ ਡੀ ਐੱਮ ਆਰ ਚੈਲੇਂਜ ਇਨਡੋਰ ਮੁਕਾਬਲੇ ’ਚ 12 ਮਿੰਟ 59.77 ਸਕਿੰਟ ਦਾ ਸਮਾਂ ਕੱਢਿਆ ਸੀ ਜੋ ਪੰਜ ਹਜ਼ਾਰ ਮੀਟਰ ’ਚ ਉਸ ਦਾ ਓਵਰਆਲ ਕੌਮੀ ਰਿਕਾਰਡ ਬਣਿਆ ਹੋਇਆ ਹੈ।

ਲਾਸ ਏਂਜਲਸ ’ਚ ਦਰਜ ਕੀਤਾ ਗਿਆ ਸਮਾਂ ਉਸ ਦੇ ਕਰੀਅਰ ਦਾ ਦੂਜਾ ਸਰਵੋਤਮ ਪ੍ਰਦਰਸ਼ਨ ਰਿਹਾ। ਐੱਲ ਏ ਟਰੈਕ ਫੈਸਟ ’ਚ ਹੈਬਟੋਮ ਸੈਮੁਅਲ ਨੇ 12:57:23 ਦੇ ਸਮੇਂ ਨਾਲ ਪਹਿਲਾ ਸਥਾਨ ਹਾਸਲ ਕੀਤਾ। ਗੁਲਵੀਰ ਮੌਜੂਦਾ ਏਸ਼ਿਆਈ ਚੈਂਪੀਅਨ ਵੀ ਹੈ ਅਤੇ ਉਸ ਦੇ ਨਾਂ 10 ਹਜ਼ਾਰ ਮੀਟਰ ਅਤੇ ਹਾਫ ਮੈਰਾਥਨ ਦੇ ਕੌਮੀ ਰਿਕਾਰਡ ਵੀ ਦਰਜ ਹਨ।

# D Gukesh ਤੇ R Praggnanandhaa ਜੇਤੂ



ਇੱਥੋਂ ਦੀ ਇਤਿਹਾਸਕ ਡੈਚਮੈਨ ਜੋਰਵਿਕਾ ਪਬਲਿਕ ਲਾਇਬ੍ਰੇਰੀ ਦੀਆਂ ਉੱਚੀਆਂ-ਉੱਚੀਆਂ ਅਲਮਾਰੀਆਂ ਵਿਚਕਾਰ ਸ਼ੁਰੂ ਹੋਏ ਨਾਰਵੇ ਚੈੱਸ ਟੂਰਨਾਮੈਂਟ ਵਿੱਚ ਡੀ ਗੁਕੇਸ਼ ਨੇ ਵਿਨਸੈਂਟ ਕੇਮਰ ਵਿਰੁੱਧ ਕਾਫ਼ੀ ਥਕਾ ਦੇਣ ਵਾਲੀ ਅਤੇ ਦਿਮਾਗੀ ਤਣਾਅ ਵਾਲੀ ਲੰਮੀ ਲੜਾਈ ਤੋਂ ਬਾਅਦ ਜਿੱਤ ਦਰਜ ਕੀਤੀ, ਜਦੋਂ ਕਿ ਆਰ ਪ੍ਰਗਿਆਨੰਦਾ ਨੇ ਅਲੀਰੇਜ਼ਾ ਫਿਰੋਜ਼ਾ ਨੂੰ ਮਾਤ ਦਿੱਤੀ। ਦੂਜੇ ਪਾਸੇ, ਦੁਨੀਆ ਦੇ ਨੰਬਰ 1 ਖਿਡਾਰੀ ਮੈਗਨਸ ਕਾਰਲਸਨ ਨੂੰ ਪਹਿਲੇ ਹੀ ਗੇੜ ਵਿੱਚ ਬੜੀ ਹੀ ਵਿਰਲੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਕਲਾਸੀਕਲ ਖੇਡ ਦੇ ਡਰਾਅ (ਬਰਾਬਰ) ਰਹਿਣ ਤੋਂ ਬਾਅਦ, ਲਗਪਗ ਪੰਜ ਘੰਟੇ ਚੱਲੇ 144 ਚਾਲਾਂ ਦੇ ਥਕਾ ਦੇਣ ਵਾਲੇ ਮੁਕਾਬਲੇ ਪਿੱਛੋਂ ਅਰਮਾਗੈਡਨ ਟਾਈ-ਬ੍ਰੇਕਰ ਵਿੱਚ ਮਿਲੀ ਜਿੱਤ ਦੀ ਬਦੌਲਤ ਗੁਕੇਸ਼ ਨੇ 1.5 ਅੰਕ ਹਾਸਲ ਕੀਤੇ, ਜਦੋਂ ਕਿ ਕੇਮਰ ਨੂੰ ਇੱਕ ਅੰਕ ਨਾਲ ਹੀ ਸਬਰ ਕਰਨਾ ਪਿਆ। ਇਸ ਲੰਬੇ ਮੁਕਾਬਲੇ ਦੇ ਆਖ਼ਰੀ ਪੜਾਅ ਵਿੱਚ ਭਾਰਤੀ ਵਿਸ਼ਵ ਚੈਂਪੀਅਨ (ਗੁਕੇਸ਼) ਸਪੱਸ਼ਟ ਤੌਰ ’ਤੇ ਪ੍ਰੇਸ਼ਾਨ ਦਿਖਾਈ ਦਿੱਤਾ। ਇੱਥੋਂ ਤੱਕ ਕਿ ਉਸ ਨੇ ਚਾਲਾਂ ਦੀ ਗਿਣਤੀ ਸਬੰਧੀ ਆਰਬੀਟਰ ਤੋਂ ਸਪੱਸ਼ਟੀਕਰਨ ਵੀ ਮੰਗਿਆ, ਕਿਉਂਕਿ ਕੇਮਰ ਕੋਲ ਇੱਕ ਪਿਆਦਾ ਵੱਧ ਹੋਣ ਦੇ ਬਾਵਜੂਦ ਖੇਡ ਅਟੱਲ ਡਰਾਅ ਵੱਲ ਵਧ ਰਹੀ ਸੀ।











